ISSN 2277-4130

ਕੀਮਤ 20 ਰੁਪਏ

ਚੰਗੀ ਖੇਤੀ

ਅਪ੍ਰੈਲ 2024

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦਾ ਮਾਸਿਕ ਰਸਾਲਾ

ਚੰਗੀ ਖੇਤੀ

ਜਿਲਦ 60 ਅੰਕ 04 ਅਪ੍ਰੈਲ 2024

ਸੰਪਾਦਕੀ ਬੋਰਡ

ਡਾ ਮੱਖਣ ਸਿੰਘ ਭੁੱਲਰ
ਚੇਅਰਮੈਨ

ਡਾ ਤੇਜਿੰਦਰ ਸਿੰਘ ਰਿਆੜ
ਸਕੱਤਰ

ਡਾ ਜੀ ਪੀ ਐੱਸ ਸੋਢੀ
ਡਾ ਕੁਲਦੀਪ ਸਿੰਘ
ਡਾ ਮਾਹੇਸ਼ ਕੁਮਾਰ
ਡਾ ਗੁਰਸਾਹਿਬ ਸਿੰਘ ਮਨੇਸ
ਡਾ ਅਮਰਜੀਤ ਸਿੰਘ
ਡਾ ਕੇ ਐਸ ਸੂਰੀ
ਡਾ ਜਸਵਿੰਦਰ ਸਿੰਘ ਬਰਾੜ
ਡਾ ਜੀ ਐੱਸ ਮਾਵੀ
ਡਾ ਅਰਸ਼ਦੀਪ ਸਿੰਘ
ਡਾ ਅਮਰਜੀਤ ਸਿੰਘ ਸੰਧੂ
ਡਾ ਅਮਨਦੀਪ ਸਿੰਘ ਬਰਾੜ
ਡਾ ਗੁਰਉਪਦੇਸ਼ ਕੌਰ

ਸੰਪਾਦਕ
ਡਾ ਜਗਵਿੰਦਰ ਸਿੰਘ

ਸਹਿ-ਸੰਪਾਦਕ
ਡਾ ਮਨਪ੍ਰੀਤ ਸਿੰਘ

email
changi-kheti@pau.edu

ਚੰਗੀ ਖੇਤੀ ਵਿੱਚ ਛਪੇ ਲੇਖਾਂ ਦਾ ਕਾਪੀ ਰਾਈਟ ਸੁਰੱਖਿਅਤ ਹੈ। ਪ੍ਰਕਾਸ਼ਕ/ਸੰਪਾਦਕ ਦੀ ਪ੍ਰਵਾਨਗੀ ਬਿਨਾਂ ਪ੍ਰਕਾਸ਼ਤ ਕਰਨ ਦੀ ਆਗਿਆ ਨਹੀਂ ਹੈ।

ਇਹ ਜ਼ਰੂਰੀ ਨਹੀਂ ਕਿ ਰਸਾਲੇ ਵਿੱਚ ਦਿੱਤੇ ਇਸ਼ਤਿਹਾਰ ਯੂਨੀਵਰਸਿਟੀ ਦੀਆਂ ਸਿਫ਼ਾਰਸ਼ਾਂ ਅਨੁਸਾਰ ਹੋਣ।

ਡਿਜ਼ਾਇਨ
ਸੰਦੀਪ ਕੌਰ ਕਲਸੀ

ਫੋਟੋਆਂ
ਮਨਜੀਤ ਸਿੰਘ

We are also available at:
www.pau.edu
www.facebook.com/pauldhpunjab
www.twitter.com/PAU_LDH
Punjab Agricultural University Official
82880-57707 Add to your WhatsApp groups (Kheti Sandesh a digital newspaper)
PAU Kisan App
http://www.pau.edu/fportalnew/
Ph. 2401960-79(Ext. 373. 475)

ਕਿਸਾਨ ਵੀਰੋ ਤੇ ਭੈਣੋ

ਇਸ ਅੰਕ ਦੇ ਤੁਹਾਡੇ ਹੱਥਾਂ ਵਿਚ ਪੁੱਜਦਿਆਂ ਤਕ ਹਾੜੀ ਦੀ ਵਾਢੀ ਲਈ ਤਿਆਰੀ ਸ਼ੁਰੂ ਹੋ ਚੁੱਕੀ ਹੋਵੇਗੀ। ਕੁਦਰਤ ਅੱਗੇ ਅਰਦਾਸ ਹੈ ਕਿ ਸੁੱਖਾਂ ਨਾਲ ਇਸ ਫ਼ਸਲ ਸਭ ਦੇ ਘਰਾਂ ਤਕ ਆਵੇ। ਅਗਲੀ ਫਸਲ ਲਈ ਪਹਿਲਾਂ ਤੋਂ ਹੀ ਚੁੱਕੇ ਜਾਣ ਵਾਲੇ ਵਿਗਿਆਨਕ ਕਦਮਾਂ ਵਿਚ ਵਿਹਲੇ ਖੇਤਾਂ ਵਿਚ ਹਰੀ ਖਾਦ ਦੀ ਬਿਜਾਈ, ਪਾਣੀ ਅਤੇ ਮਿੱਟੀ ਦੀ ਪਰਖ ਅਤੇ ਨਰਮੇ ਕਪਾਹ ਦੇ ਕੀੜਿਆਂ ਦੀ ਰੋਕਥਾਮ ਲਈ ਕੁਝ ਲੋੜੀਂਦੇ ਨੁਕਤੇ ਤੁਹਾਨੂੰ ਇਸ ਅੰਕ ਦੇ ਲੇਖਾਂ ਵਿਚ ਮਿਲ ਜਾਣਗੇ। ਇਨ੍ਹਾਂ ਨਾਲ ਤੁਹਾਡੀ ਖੇਤੀ ਦੇ ਸੁਖਾਵੀਂ ਅਤੇ ਲਾਹੇਵੰਦ ਹੋਣ ਦੀ ਮੰਸ਼ਾ ਪੂਰੇ ਪੀ ਏ ਯੂ ਪਰਿਵਾਰ ਦੀ ਹੈ।

ਕਿਸਾਨ ਵੀਰੋ ਪੰਜਾਬ ਨੇ ਖੇਤੀ ਉਤਪਾਦਨ ਦੇ ਖੇਤਰ ਵਿਚ ਬਹੁਤ ਵਿਕਾਸ ਕੀਤਾ ਹੈ। ਇਸਦਾ ਸਿਹਰਾ ਯੂਨੀਵਰਸਿਟੀ ਦੇ ਵਿਗਿਆਨਕ ਖੋਜੀਆਂ ਅਤੇ ਕਿਸਾਨਾਂ ਦੀ ਮਿਹਨਤ ਦੇ ਸਿਰ ਸਾਂਝੇ ਰੂਪ ਵਿਚ ਬੱਝਦਾ ਹੈ। ਹੁਣਵੀਂ ਖੇਤੀ ਵਾਹੀ, ਬਿਜਾਈ ਤੇ ਵਢਾਈ ਤਕ ਸੀਮਤ ਨਹੀਂ। ਬਲਕਿ ਇਹ ਵਿਗਿਆਨ ਅਤੇ ਤਕਨਾਲੋਜੀ ਦਾ ਭਰਵਾਂ ਸਰੂਪ ਬਣ ਗਈ ਹੈ। ਖੇਤੀ ਉਤਪਾਦਨ ਨੂੰ ਜਿਣਸਾਂ ਵਿਚ ਬਦਲਣ ਲਈ ਮੁੱਲ ਵਾਧੇ ਅਤੇ ਪ੍ਰੋਸੈਸਿੰਗ ਦੇ ਨਵੇਂ ਢੰਗ ਮਾਹਿਰਾਂ ਵਲੋਂ ਸੁਝਾਏ ਜਾਂਦੇ ਹਨ। ਸ਼ਹਿਦ ਦੀ ਪ੍ਰੋਸੈਸਿੰਗ, ਹਲਦੀ ਅਤੇ ਤੇਲ ਬੀਜਾਂ ਦੀ ਪ੍ਰੋਸੈਸਿੰਗ ਰਾਹੀਂ ਸਿੱਧੇ ਉਪਜ ਵੇਚਣ ਨਾਲੋਂ ਜ਼ਿਆਦਾ ਮੁਨਾਫ਼ਾ ਕਮਾਉਣ ਵਾਲੇ ਕਿਸਾਨਾਂ ਦੀਆਂ ਉਦਾਹਰਨਾਂ ਵੀ ਸਾਡੇ ਸਾਮ੍ਹਣੇ ਹਨ। ਤੁਸੀਂ ਵੀ ਖੇਤੀ ਨੂੰ ਹੋਰ ਲਾਹੇਵੰਦ ਕਿੱਤਾ ਬਣਾਉਣ ਲਈ ਕਈ ਖੇਤਰਾਂ ਵਿਚ ਸਿਖਲਾਈ ਲੈ ਸਕਦੇ ਹੋ। ਇਸ ਮੰਤਵ ਲਈ ਪੀ ਏ ਯੂ ਦੇ ਸਕਿੱਲ ਡਿਵੈਲਪਮੈਂਟ ਸੈਂਟਰ ਅਤੇ ਭੋਜਨ ਉਦਯੋਗ ਇੰਕੁਬੇਸ਼ਨ ਕੇਂਦਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਆਸ ਹੈ ਤੁਸੀਂ ਵਿਗਿਆਨਕ ਖੇਤੀ ਦੇ ਸਫ਼ਰ ਵਿੱਚ ਪੀ ਏ ਯੂ ਦੇ ਨਾਲ ਤੁਰਨ ਵਿਚ ਸਫਲ ਹੋਵੋਗੇ।

ਅੰਦਰ ਝਾਤ

- ਸ਼ਹਿਦ ਦੀ ਪ੍ਰੋਸੈਸਿੰਗ ਲਈ ਛੋਟੇ ਪੱਧਰ ਦੀ ਮਸ਼ੀਨਰੀ 3
- ਕਣਕ ਦੀ ਸੁਚੱਜੀ ਵਾਢੀ ਲਈ ਕੰਬਾਈਨਾਂ ਦੀ ਤਿਆਰੀ 5
- ਪੱਕੀ ਕਣਕ ਨੂੰ ਅੱਗ ਲੱਗਣ ਤੋਂ ਬਚਾਓ 6
- ਤੁਪਕਾ ਸਿੰਚਾਈ ਪ੍ਰਣਾਲੀ ਦੀ ਮੁਰੰਮਤ ਅਤੇ ਸਾਂਭ-ਸੰਭਾਲ 7
- ਦਾਲਾਂ ਨੂੰ ਭੰਡਾਰਨ ਸਮੇਂ ਕੀੜਿਆਂ ਤੋਂ ਬਚਾਉਣ ਦਾ ਕਾਰਗਰ ਢੰਗ: ਪੀ.ਏ.ਯੂ ਪ੍ਰੋਟੈਕਸ਼ਨ ਕਿੱਟ 9
- ਫੁੱਲਾਂ ਦੇ ਲਾਹੇਵੰਦ ਮੰਡੀਕਰਨ ਲਈ ਕੁਝ ਸੁਝਾਅ 10
- ਤੇਲਬੀਜ ਪ੍ਰੋਸੈਸਿੰਗ : ਸਵੈ-ਮੰਡੀਕਰਨ ਵੱਲ ਇੱਕ ਕਦਮ 12
- ਵਧੇਰੇ ਮੁਨਾਫੇ ਲਈ ਹਲਦੀ ਦੀ ਪ੍ਰੋਸੈਸਿੰਗ ਆਪ ਕਰੋ 13
- ਹਲਦੀ ਦੀ ਕਾਸ਼ਤ ਦੀਆਂ ਸੁਧਰੀਆਂ ਤਕਨੀਕਾਂ 15
- ਖਾਰੇ-ਲੂਣੇ ਪਾਣੀ ਦੀ ਮਾਰ, ਹਰੀ ਖਾਦ ਕਰੇ ਸੁਧਾਰ 16
- ਫ਼ਸਲੀ ਵਿਭਿੰਨਤਾ ਅਤੇ ਮੁਨਾਫੇ ਲਈ ਬੇਬੀ ਕੌਰਨ ਦੀ ਕਾਸ਼ਤ 17
- ਵੇਲਾਂ ਵਾਲੀਆਂ ਸਬਜ਼ੀਆਂ ਦੀ ਕਾਸ਼ਤ ਲਈ ਤਕਨੀਕੀ ਨੁਕਤੇ 18
- ਅਮਰੂਦ ਵਿੱਚ ਫ਼ਲ ਗੁਣਵੱਤਾ ਸੁਧਾਰ ਲਈ ਵਾਤਾਵਰਣ ਪੱਖੀ ਨੁਕਤੇ 19
- ਵਧੇਰੇ ਝਾੜ ਲਈ ਨਰਮੇ ਕਪਾਹ ਲਈ ਕਿਸਮਾਂ ਦੀ ਸਹੀ ਚੋਣ ਕਰੋ 20
- ਨਰਮੇ ਵਿੱਚ ਗੁਲਾਬੀ ਸੁੰਡੀ ਦਾ ਸਰਵਪੱਖੀ ਕੀਟ ਪ੍ਰਬੰਧ 22
- ਸੋਮੈਟਿਕ ਸੈੱਲ ਕਾਉਂਟ ਅਤੇ ਦੁੱਧ ਦੀ ਗੁਣਵੱਤਾ 'ਤੇ ਇਸਦਾ ਪ੍ਰਭਾਵ 24
- ਮਿੱਟੀ ਅਤੇ ਸਿੰਚਾਈ ਵਾਲੇ ਪਾਣੀ ਦੀ ਪਰਖ ਜ਼ਰੂਰ ਕਰਵਾਓ 25
- ਸਫਲ ਕਿਸਾਨ ਪੰਜਾਬ ਦੇ 27
- ਸੁਆਦਲੇ ਅਤੇ ਪੌਸ਼ਟਿਕ ਸਲਾਦ 28
- ਮਈ ਮਹੀਨੇ ਦੇ ਖੇਤੀ ਰੁਝੇਵੇਂ 29
- ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਮਈ 2024 ਦੇ ਸਿਖਲਾਈਨਾਮੇ 33

ਚੰਗੀ ਖੇਤੀ ਦੇ ਮੈਂਬਰ ਬਣਨ ਲਈ:

	ਚੰਦੇ ਦੀ ਰਾਸ਼ੀ	
ਚੰਗੀ ਖੇਤੀ (ਪੰਜਾਬੀ ਵਿੱਚ ਮਾਸਿਕ ਪਤ੍ਰਿਕਾ)/	ਭਾਰਤ ਵਿੱਚ	ਵਿਦੇਸ਼ਾ ਲਈ
ਇੱਕ ਪਰਚਾ	20/-	10.00
ਸਲਾਨਾ ਚੰਦਾ	200/-	100.00
ਸਲਾਨਾ ਚੰਦਾ ਰਜਿਸਟਰਡ ਡਾਕ ਰਾਹੀਂ	440/-	
ਪੰਜ ਸਾਲ ਲਈ	800/-	400.00
ਦਸ ਸਾਲ ਲਈ	1600/-	1000.00
ਉਮਰ ਭਰ ਲਈ (30 ਸਾਲ ਲਈ)		
ਵਿਅਕਤੀਗਤ	3000/-	1500/-
ਸੰਸਥਾਵਾਂ ਲਈ	5000/-	2000/-

ਬਿਜ਼ਨਸ ਮੈਨੇਜਰ
ਸੰਚਾਰ ਕੇਂਦਰ
ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ-141004
ਫੋਨ- 0161-2401960 (475), 98884-37011
ਫੈਕਸ- 0161-2405731
ਈਮੇਲ- businessmanager@pau.edu
spa@pau.edu

ਚੰਗੀ ਖੇਤੀ ਪਰਚਾ ਮੀਮੋ ਨੰ. ਬੀ-ਏ-19-4-64 (ਈ ਬੀ) ਮਿਤੀ 12 ਫ਼ਰਵਰੀ, 1966 ਅਨੁਸਾਰ ਡਾਇਰੈਕਟਰ ਪਬਲਿਕ ਇੰਸਟ੍ਰਕਸ਼ਨਜ਼ ਵੱਲੋਂ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

ਛਾਪਕ ਅਤੇ ਪ੍ਰਕਾਸ਼ਕ : ਡਾ ਤੇਜਿੰਦਰ ਸਿੰਘ ਰਿਆੜ, ਅਪਰ ਨਿਰਦੇਸ਼ਕ ਸੰਚਾਰ ਨੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲਈ ਪ੍ਰਿੰਟਵਿਜ਼ਨ, ਲੁਧਿਆਣਾ ਤੋਂ ਛਪਵਾਇਆ ।

ਸ਼ਹਿਦ ਦੀ ਪ੍ਰੋਸੈਸਿੰਗ ਲਈ ਛੋਟੇ ਪੱਧਰ ਦੀ ਮਸ਼ੀਨਰੀ

ਮੁਹੰਮਦ ਸ਼ਫੀਕ ਆਲਮ, ਮਨਪ੍ਰੀਤ ਕੌਰ ਸੈਣੀ ਅਤੇ ਜਸਪਾਲ ਸਿੰਘ

ਪ੍ਰੋਸੈਸਿੰਗ ਅਤੇ ਫੂਡ ਇੰਜੀਨੀਅਰਿੰਗ ਵਿਭਾਗ

ਘੱਟ ਤੋਂ ਘੱਟ ਪ੍ਰੋਸੈਸ ਕੀਤਾ ਸ਼ਹਿਦ ਸਭ ਤੋਂ ਵਧੀਆ ਸ਼ਹਿਦ ਮੰਨਿਆ ਜਾਂਦਾ ਹੈ। ਸ਼ਹਿਦ ਪ੍ਰੋਸੈਸ ਵਿਧੀ ਵਿੱਚ ਸ਼ਹਿਦ ਨੂੰ ਨਿਸ਼ਚਿਤ ਤਾਪਮਾਨ ਅਤੇ ਮਿਆਦ 'ਤੇ ਅਸਿੱਧੇ ਤੌਰ 'ਤੇ ਗਰਮ ਕਰ ਕੇ ਫਿਲਟਰ ਕੀਤਾ ਜਾਂਦਾ ਹੈ। ਅਜਿਹਾ ਕਰਨ ਨਾਲ ਖਮੀਰ ਸੈੱਲਾਂ ਨੂੰ ਨਸ਼ਟ ਕੀਤਾ ਜਾਂਦਾ ਹੈ ਪਰ ਇਸ ਦੇ ਕੁਦਰਤੀ ਸੁਆਦ, ਰੰਗ, ਸੁਗੰਧ ਅਤੇ ਹੋਰ ਤੱਤਾਂ ਨੂੰ ਬਰਕਰਾਰ ਰੱਖਣ ਤੋਂ ਇਲਾਵਾ ਸ਼ਹਿਦ ਦੇ ਖਮੀਰਨ ਨੂੰ ਰੋਕਣ ਅਤੇ ਸ਼ਹਿਦ ਜੰਮਣ ਦੀ ਪ੍ਰਕਿਰਿਆ ਨੂੰ ਟਾਲਿਆ ਵੀ ਜਾਂਦਾ ਹੈ।

ਸ਼ਹਿਦ ਪ੍ਰੋਸੈਸਿੰਗ ਪਲਾਂਟ ਯੂਨਿਟ ਦਾ ਸੰਚਾਲਨ:

ਸ਼ਹਿਦ ਨੂੰ ਤਰਲ ਰੂਪ ਵਿੱਚ ਲਿਆਉਣ ਵਾਲੀ ਯੂਨਿਟ: ਸ਼ਹਿਦ, ਖਾਸ ਕਰ ਦਾਣੇਦਾਰ ਸ਼ਹਿਦ, ਨੂੰ 30 ਮਿੰਟਾਂ ਲਈ 40^{0}C 'ਤੇ ਗਰਮ ਕਰ ਕੇ ਤਰਲ ਰੂਪ ਵਿੱਚ ਲਿਆਂਦਾ ਜਾਂਦਾ ਹੈ ਤਾਂ ਜੋ ਪ੍ਰੋਸੈਸਿੰਗ ਪਲਾਂਟ ਦੇ ਸਿਸਟਮ ਵਿੱਚ ਸ਼ਹਿਦ ਦੇ ਵਹਾਅ ਨੂੰ ਵਧਾਇਆ ਜਾ ਸਕੇ।

ਗਰਮ ਕਰਨਾ ਅਤੇ ਪੁਣਨਾ: ਸ਼ਹਿਦ ਇੱਕਸਾਰ ਗਰਮ ਹੋਵੇ ਇਸ ਲਈ ਸ਼ਹਿਦ ਨੂੰ ਲਗਾਤਾਰ ਹਿਲਾਉਣ ਦਾ ਵੀ ਪ੍ਰਬੰਧ ਹੁੰਦਾ ਹੈ ਅਤੇ ਪੁਣਨ ਕਰਨ ਲਈ 50-80 ਮੈਸ਼ ਦਾ ਮੋਟਾ ਫਿਲਟਰ ਲਾਇਆ ਜਾਂਦਾ ਹੈ। ਸ਼ਹਿਦ ਦਾ ਤਾਪਮਾਨ 45 ਡਿਗਰੀ ਸੈਲਸੀਅਸ ਤੇ ਬਣਾਈ ਰੱਖਿਆ ਜਾਂਦਾ ਹੈ ਤਾਂ ਜੋ ਸ਼ਹਿਦ ਤਾਂ ਗਰਮ ਹੋ ਜਾਵੇ ਪਰ ਮੋਮ ਫਿਲਟਰ ਹੋ ਜਾਵੇ ਕਿਉਂਕਿ ਇਸ ਤਾਪਮਾਨ ਤੇ ਸ਼ਹਿਦ ਵਿੱਚ ਮੌਜੂਦ ਮੋਮ ਪਿਘਲਦੀ ਨਹੀਂ।

ਮਾਡਲ 1

ਮਾਡਲ 2

ਮਾਈਕਰੋ-ਫਿਲਟਰ ਕਰਨਾ: ਸ਼ਹਿਦ ਵਿੱਚ ਮੌਜੂਦ ਗੈਰ-ਜ਼ਰੂਰੀ ਠੋਸ ਪਦਾਰਥਾਂ ਨੂੰ ਕੱਢਣ ਲਈ ਗਿਅਰ ਪੰਪ ਰਾਹੀਂ ਸ਼ਹਿਦ ਨੂੰ 40 ਮਾਈਕ੍ਰੋਨ ਤੱਕ ਦੇ ਵਿਸ਼ੇਸ਼ ਪੋਲੀਯੂਰੇਥੇਨ ਫਿਲਟਰ ਵਿੱਚ ਪੰਪ ਕੀਤਾ ਜਾਂਦਾ ਹੈ । ਅਜਿਹੇ ਫਿਲਟਰਾਂ ਦੀ ਥਾਂ ਸਟੈਨਲੇਸ ਸਟੀਲ ਫਿਲਟਰ ਦੀ ਵੀ ਵਰਤੋਂ ਕੀਤੀ ਜਾ ਰਹੀ ਹੈ।

ਪਾਸਚਰਾਈਜ਼ ਕਰਨਾ: ਫਿਰ ਸ਼ਹਿਦ ਵਿਚਲੇ ਖਮੀਰ ਸੈੱਲਾਂ ਨੂੰ ਅਕਿਰਿਆਸ਼ੀਲ ਕਰਨ ਲਈ 15 ਮਿੰਟਾਂ ਲਈ ਸ਼ਹਿਦ ਨੂੰ ਖਲਾਅ ਅਧੀਨ 60-70 ਡਿਗਰੀ ਸੈਲਸੀਅਸ ਦੇ ਤਾਪਮਾਨ 'ਤੇ ਰੱਖੇ ਗਏ ਹੈਲੀਕਲ ਕੋਇਲ ਹੀਟ ਐਕਸਚੇਂਜਰ ਰਾਹੀਂ ਪਾਸ ਕੀਤਾ ਜਾਂਦਾ ਹੈ। ਫਿਰ ਸ਼ਹਿਦ ਨੂੰ 60-70 ਡਿਗਰੀ ਸੈਲਸੀਅਸ ਦੇ ਉਸੇ ਤਾਪਮਾਨ 'ਤੇ ਅਗਲੇ ਫੀਡਿੰਗ ਟੈਂਕ ਵਿੱਚ ਲਿਜਾਇਆ ਜਾਂਦਾ ਹੈ।

ਸ਼ਹਿਦ ਵਿੱਚ ਪਾਣੀ ਦੀ ਮਾਤਰਾ ਘਟਾਉਣੀ: ਫਿਰ ਸ਼ਹਿਦ ਨੂੰ ਪਤਲੀ ਤਹਿ ਦੇ ਰੂਪ ਵਿੱਚ ਸਟੀਲ ਦੀਆਂ ਗਰਮ ਪੱਤੀਆਂ ਉਪਰੋਂ ਲੰਘਾਇਆ ਜਾਂਦਾ ਹੈ ਜਿੱਥੇ ਤਾਪਮਾਨ 60-65 ਡਿਗਰੀ ਸੈਲਸੀਅਸ 'ਤੇ ਬਣਾਈ ਰੱਖਿਆ ਜਾਂਦਾ ਹੈ। ਸ਼ਹਿਦ ਵਿੱਚੋਂ ਪਾਣੀ ਭਾਫ ਦੇ ਰੂਪ ਵਿੱਚ ਉਡਦਾ ਹੈ। ਇਨ੍ਹਾਂ ਵਾਸ਼ਪਾਂ ਨੂੰ ਠੰਡਾ ਕਰ ਕੇ ਵੱਖਰੇ ਤੌਰ 'ਤੇ ਇਕੱਤਰ ਕੀਤਾ ਜਾਂਦਾ ਹੈ। ਨਮੀ ਵਿੱਚ ਕਮੀ ਅਤੇ ਪਾਸਚਰਾਈਜ਼ੇਸ਼ਨ ਦੋਵੇਂ ਵੈਕਯੂਮ ਦੇ ਅਧੀਨ ਕੀਤੇ ਜਾਂਦੇ ਹਨ ਤਾਂ ਜੋ ਗਰਮ ਕਰਨ ਦੇ ਸਮੇਂ ਨੂੰ ਘਟਾਇਆ ਜਾ ਸਕੇ। ਜਿਸ ਨਾਲ ਐੱਚ ਐੱਮ ਐੱਫ (ਹਾਈਡ੍ਰੋਕਸੀ ਮਿਥਾਈਲ ਫਰਫੋਰਲ) ਦੇ ਵਾਧੇ ਨੂੰ ਕਾਬੂ ਕੀਤਾ ਜਾਂਦਾ ਹੈ। ਇਸ ਪ੍ਰਕਿਰਿਆ ਦੌਰਾਨ ਤਾਪਮਾਨ 60-65 ਡਿਗਰੀ ਸੈਲਸੀਅਸ ਤੋਂ ਘੱਟ ਅਤੇ ਗਰਮ ਕਰਨ ਦਾ ਸਮਾਂ 25 ਮਿੰਟਾਂ ਤੋਂ ਘੱਟ ਹੁੰਦਾ ਹੈ ਤਾਂ ਜੋ ਸ਼ਹਿਦ ਦੀ ਕੁਦਰਤੀ ਗੁਣਵੱਤਾ ਨੂੰ ਨੁਕਸਾਨ ਤੋਂ ਬਚਾਇਆ ਜਾ ਸਕੇ।

ਸ਼ਹਿਦ ਨੂੰ ਠੰਡਾ ਕਰਨਾ ਅਤੇ ਬੁਲਬਲੇ/ਮੋਮ ਅਲੱਗ ਕਰਨਾ: ਪ੍ਰੋਸੈਸ ਕੀਤੇ ਸ਼ਹਿਦ ਨੂੰ ਠੰਡੇ ਪਾਣੀ ਦੇ ਵਹਾਅ ਦੁਆਰਾ ਤੁਰੰਤ ਠੰਡਾ ਕੀਤਾ ਜਾਂਦਾ ਹੈ ਅਤੇ ਇੱਕ ਵਿਸ਼ੇਸ਼ ਪੰਪ ਰਾਹੀਂ ਹਵਾ-ਬੰਦ ਸਟੀਲ ਡਰੰਮਾਂ ਵਿੱਚ ਸਟੋਰ ਕੀਤਾ ਜਾਂਦਾ ਹੈ। ਜਦੋਂ ਸਾਰੇ ਬੁਲਬੁਲੇ ਅਤੇ ਮੋਮ ਸਿਖਰ 'ਤੇ ਇਕੱਠੇ ਹੋ ਜਾਂਦੇ ਹਨ ਤਾਂ ਸ਼ੁੱਧ ਸਾਫ ਸ਼ਹਿਦ ਨੂੰ ਬੋਤਲਾਂ ਭਰਨ ਵਾਲੀ ਮਸ਼ੀਨ ਦੀ ਮਦਦ ਨਾਲ ਬੋਤਲਾਂ ਵਿੱਚ ਭਰ ਲਿਆ ਜਾਂਦਾ ਹੈ ।

ਸ਼ਹਿਦ ਨੂੰ ਬੋਤਲਬੰਦ ਕਰਨਾ: ਸ਼ਹਿਦ ਬੋਤਲਾਂ ਵਿੱਚ ਭਰਦੇ ਸਮੇਂ, ਕੀਪ ਦੀ ਨੋਕ ਨੂੰ ਬੋਤਲ ਨੂੰ ਛੂਹਣਾ ਚਾਹੀਦਾ ਹੈ ਅਤੇ ਬੋਤਲ ਭਰਨ ਤੱਕ ਸ਼ਹਿਦ ਵਿੱਚ ਡੁੱਬਿਆ ਰਹਿਣਾ ਚਾਹੀਦਾ ਹੈ ਜਾਂ ਫਿਰ ਕੀਪ ਦਾ ਸਿਰਾ ਨੂੰ ਬੋਤਲ ਦੀ ਦੀਵਾਰ ਨੂੰ ਛੂਹਣਾ ਚਾਹੀਦਾ ਹੈ। ਵੈਕਿਊਮ ਪੈਕਿੰਗ ਤਕਨਾਲੋਜੀ ਨਾਲ ਸ਼ਹਿਦ ਭਰਦੇ ਸਮੇਂ ਸ਼ਹਿਦ ਵਿੱਚ ਹਵਾ ਆਉਣ ਦੀ ਸਮੱਸਿਆ ਤੋਂ ਪੂਰੀ ਤਰ੍ਹਾਂ ਬਚਿਆ ਜਾ ਸਕਦਾ ਹੈ।

ਭੰਡਾਰਨ: ਭੰਡਾਰਨ ਦੌਰਾਨ ਸ਼ਹਿਦ ਦਾ ਰੰਗ ਗੂੜ੍ਹਾ ਹੋ ਜਾਂਦਾ ਹੈ, ਪਰ ਜੇਕਰ ਭੰਡਾਰਨ ਤਾਪਮਾਨ ਜ਼ਿਆਦਾ ਹੋਵੇ ਤਾਂ ਸ਼ਹਿਦ ਦਾ ਰੰਗ ਵਧੇਰੇ ਤੇਜ਼ੀ ਨਾਲ ਗੂੜ੍ਹਾ ਹੁੰਦਾ ਹੈ। ਧਾਤਾਂ ਨਾਲ ਦੂਸ਼ਿਤ ਹੋਣ ਨਾਲ ਸ਼ਹਿਦ ਵੀ ਕਾਲਾ ਹੋ ਜਾਂਦਾ ਹੈ। ਸ਼ਹਿਦ ਸਟੋਰ ਜਾਂ ਗਰਮ ਕਰਨ ਦੌਰਾਨ ਗਲੂਕੋਜ਼, ਸੁਕਰੋਜ਼ ਅਤੇ ਫਰੱਕਟੋਜ਼ ਵਰਗੀਆਂ ਖੰਡਾਂ ਦੇ ਟੁੱਟਣ ਦੇ ਨਤੀਜੇ ਵਜੋਂ ਐੱਚ ਐੱਮ ਐੱਫ ਵਿੱਚ ਵਾਧਾ ਹੁੰਦਾ ਹੈ। ਜੇ ਸ਼ਹਿਦ ਨੂੰ ਭਾਰਤ ਤੋਂ ਨਿਰਯਾਤ ਕਰਨਾ ਹੈ ਤਾਂ ਭੰਡਾਰਨ ਦੇ ਢੁੱਕਵੇਂ ਪ੍ਰਬੰਧਾਂ ਦੀ ਸਖਤ ਜ਼ਰੂਰਤ ਹੈ। ।

ਸ਼ਹਿਦ ਦੇ ਜੰਮਣ ਨੂੰ ਟਾਲਣਾ: ਸ਼ਹਿਦ ਦਾ ਜੰਮਣਾ ਸ਼ਹਿਦ ਵਿਚਲੀ ਗਲੂਕੋਜ਼ ਅਤੇ ਪਾਣੀ ਦੇ ਅਨੁਪਾਤ, ਭੰਡਾਰਨ ਤਾਪਮਾਨ ਅਤੇ ਪਰਾਗ ਕਣਾਂ, ਅਤੇ ਅਸ਼ੁੱਧੀਆਂ ਦੀ ਮੌਜੂਦਗੀ 'ਤੇ ਨਿਰਭਰ ਕਰਦਾ ਹੈ। ਗਲੂਕੋਜ਼ ਅਤੇ ਪਾਣੀ ਦੀ ਅਨੁਪਾਤ 2.1 ਤੋਂ ਵੱਧ ਵਾਲੇ ਸ਼ਹਿਦ ਜਲਦੀ ਜੰਮ ਜਾਂਦੇ ਹਨ ਪਰ 1.8 ਤੋਂ ਘੱਟ ਅਨੁਪਾਤ ਵਾਲੇ ਸ਼ਹਿਦ ਨਹੀਂ ਜੰਮਦੇ। 14 ਡਿਗਰੀ ਸੈਲਸੀਅਸ ਦੇ ਆਸ ਪਾਸ ਭੰਡਾਰਨ ਤਾਪਮਾਨ ਤੇ ਗਲੂਕੋਜ਼ ਦਾਣੇਦਾਰ ਹੋਣ ਲੱਗਦੀ ਹੈ । ਸ਼ਹਿਦ ਵਿੱਚ ਮੌਜੂਦ ਪਰਾਗ ਕਣ ਅਤੇ ਹੋਰ ਸੂਖਮ ਅਸ਼ੁੱਧੀਆਂ ਕਾਰਨ ਇਹ ਪ੍ਰਕਿਰਿਆ ਹੋਰ ਤੇਜ਼ ਹੋ ਜਾਂਦੀ ਹੈ। ਸ਼ਹਿਦ ਦੇ ਜੰਮਣ ਤੋਂ ਬਚਣ ਲਈ ਸ਼ਹਿਦ ਨੂੰ ਗਰਮ ਕਰਦੇ ਸਮੇਂ, ਸਿਫਾਰਸ਼ ਕੀਤੇ ਤਾਪਮਾਨਾਂ ਤੋਂ ਵੱਧ ਨਾ ਹੋਣ ਦੀ ਹਰ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ ਭਾਵ ਸ਼ਹਿਦ ਨੂੰ ਸਿਰਫ 5 ਮਿੰਟ ਲਈ 77 ਡਿਗਰੀ ਸੈਲਸੀਅਸ ਤੱਕ ਗਰਮ ਕੀਤਾ ਜਾਣਾ ਚਾਹੀਦਾ ਹੈ ਅਤੇ ਫਿਰ ਤੁਰੰਤ 57 ਡਿਗਰੀ ਸੈਲਸੀਅਸ ਤੇ ਲਿਆਂਦਾ ਜਾਣਾ ਚਾਹੀਦਾ ਹੈ ਅਤੇ ਫਿਰ ਸਟੋਰ ਕੀਤਾ ਜਾਣਾ ਚਾਹੀਦਾ ਹੈ।

ਪੀ.ਏ.ਯੂ. ਸ਼ਹਿਦ ਹੀਟਿੰਗ ਅਤੇ ਫਿਲਟਰੇਸ਼ਨ ਪ੍ਰਬੰਧ

ਪੀ. ਏ. ਯੂ. ਦੇ ਪ੍ਰੋਸੈਸਿੰਗ ਅਤੇ ਫੂਡ ਇੰਜੀਨੀਅਰਿੰਗ ਵਿਭਾਗ ਸ਼ਹਿਦ ਨੂੰ ਕੰਟਰੋਲ ਤਾਪਮਾਨ ਤੇ ਗਰਮ ਕਰਨ ਅਤੇ ਫਿਲਟਰ ਕਰਨ ਵਾਲੀ ਮਸ਼ੀਨ ਨੂੰ ਵਿਕਸਤ ਕੀਤਾ ਗਿਆ ਹੈ। ਆਮ ਤੌਰ 'ਤੇ ਪੱਕੇ ਹੋਏ ਸ਼ਹਿਦ ਸਿਰਫ ਹਲਕਾ ਗਰਮ ਕਰਨ ਦੀ ਲੋੜ ਹੁੰਦੀ ਹੈ ਤਾਂ ਕਿ ਸ਼ਹਿਦ ਆਸਾਨੀ ਨਾਲ ਬੋਤਲਬੰਦ ਕੀਤਾ ਜਾ ਸਕੇ। ਉਤਪਾਦਕ ਪੱਧਰ 'ਤੇ ਸ਼ਹਿਦ ਨੂੰ ਗਰਮ ਕਰਨ ਲਈ ਆਮ ਤੌਰ 'ਤੇ ਸ਼ਹਿਦ ਵਾਲੇ ਡਰੰਮ ਨੂੰ ਪਾਣੀ ਨਾਲ ਭਰੇ ਇੱਕ ਵੱਡੇ ਭਾਂਡੇ ਵਿੱਚ ਰੱਖ ਕੇ ਅਤੇ ਪਾਣੀ ਨੂੰ ਗਰਮ ਕਰਕੇ ਕੀਤਾ ਜਾਂਦਾ ਹੈ ਅਤੇ ਸ਼ਹਿਦ ਨੂੰ ਸੁੱਕੇ ਡੰਡੇ ਨਾਲ ਹਿਲਾਇਆ ਜਾਂਦਾ ਹੈ। ਸ਼ਹਿਦ ਨੂੰ ਕਿਸ ਤਾਪਮਾਨ 'ਤੇ ਗਰਮ ਕੀਤਾ ਜਾਂਦਾ ਹੈ, ਇਸ 'ਤੇ ਕੋਈ ਨਿਯੰਤਰਣ ਨਹੀਂ ਹੁੰਦਾ। ਇਨ੍ਹਾਂ ਕਮੀਆਂ ਨੂੰ ਦੂਰ ਕਰਨ ਲਈ ਘੱਟ ਲਾਗਤ ਵਾਲੇ ਸ਼ਹਿਦ ਹੀਟਿੰਗ ਕਮ ਫਿਲਟਰੇਸ਼ਨ ਸਿਸਟਮ ਨੂੰ ਡਿਜ਼ਾਈਨ, ਵਿਕਸਤ ਕੀਤਾ ਗਿਆ। ਇਹ ਪ੍ਰਣਾਲੀ ਕੰਮ ਕਰਨ ਵਿੱਚ ਸਰਲ ਹੈ ਅਤੇ 50 ਕਿਲੋਗ੍ਰਾਮ ਸ਼ਹਿਦ/ ਬੈਚ ਦੀ ਸਮਰੱਥਾ ਹੋਣ ਕਰਕੇ ਉੱਦਮੀਆਂ ਅਤੇ ਮਧੂ ਮੱਖੀ ਪਾਲਕਾਂ ਦੋਵਾਂ ਲਈ ਮਦਦਗਾਰ ਹੋਵੇਗੀ। ਇਸ ਦੇ ਦੋ ਮਾਡਲ ਉਪਲੱਬਧ ਹਨ।

ਨਮੀ ਘਟਾਉਣ ਵਾਲੀ ਇਕਾਈ ਤੋਂ ਬਿਨਾਂ ਸ਼ਹਿਦ ਹੀਟਿੰਗ-ਕਮ-ਫਲਿਟਰੇਸ਼ਨ ਸਿਸਟਮ (ਮਾਡਲ 1): ਬਿਜਲੀ ਨਾਲ ਚੱਲਣ ਵਾਲੀ ਇਸ ਮਸ਼ੀਨ ਦਾ ਆਕਾਰ 686 x 533.5 x 1524 ਮਿਲੀਮੀਟਰ ਹੈ । ਇਸ ਵਿੱਚ ਦੋ ਭਾਗ ਹੁੰਦੇ ਹਨ; ਉੱਪਰਲਾ ਭਾਗ ਸ਼ਹਿਦ ਗਰਮ ਕਰਨ ਲਈ (ਹੀਟਿੰਗ ਸੈਕਸ਼ਨ) ਅਤੇ ਫਿਲਟਰ ਕਰਨ ਲਈ । ਇਸ ਦੇ ਸੰਚਾਲਨ ਲਈ ਸਿਰਫ ਇੱਕ ਵਿਅਕਤੀ ਦੀ ਲੋੜ ਹੁੰਦੀ ਹੈ। ਇਸ ਮਸ਼ੀਨ ਦੀ ਲਾਗਤ ਲਗਭਗ 90,000 ਰੁਪਏ ਹੈ ਜੋ ਪ੍ਰਤੀ ਦਿਨ ਲਗਭਗ 2 ਕੁਇੰਟਲ ਸ਼ਹਿਦ ਨੂੰ ਪ੍ਰੋਸੈਸ ਕਰ ਸਕਦੀ ਹੈ। ਸ਼ਹਿਦ ਪ੍ਰੋਸੈਸ ਕਰਨ ਵੇਲੇ ਸ਼ਹਿਦ ਨੂੰ 50 ਡਿਗਰੀ ਸੈਲਸੀਅਸ ਤਾਪਮਾਨ ਤੇ 40 ਮਿੰਟ ਰੱਖਣ ਦੀ ਸਿਫਾਰਸ਼ ਕੀਤੀ ਜਾਂਦੀ ਹੈ।

ਨਮੀ ਘਟਾਉਣ ਵਾਲੀ ਇਕਾਈ ਦੇ ਨਾਲ ਸ਼ਹਿਦ ਹੀਟਿੰਗ-ਕਮ-ਫਿਲਟਰੇਸ਼ਨ ਸਿਸਟਮ (ਮਾਡਲ 2): ਇਹ ਮਸ਼ੀਨ ਪਹਿਲੀ ਮਸ਼ੀਨ (ਮਾਡਲ 1) ਦੀ ਫਿਲਟਰ ਪ੍ਰਣਾਲੀ ਵਿੱਚ ਕੁਝ ਸੋਧ ਦੇ ਨਾਲ ਇੱਕ ਨਮੀ ਘਟਾਉਣ ਵਾਲੀ ਇਕਾਈ (ਸ਼ਹਿਦ ਦੀ ਨਮੀ ਦੀ ਮਾਤਰਾ ਨੂੰ ਲੋੜੀਂਦੇ ਪੱਧਰ ਤੱਕ ਘਟਾਉਣ ਲਈ) ਲਗਾ ਕੇ ਵਿਕਸਤ ਕੀਤੀ ਗਈ ਹੈ। ਨਮੀ ਘਟਾਉਣ ਵਾਲੀ ਇਕਾਈ ਵਿੱਚ ਬੈਫਲ, ਸੁੱਕਾ ਹੀਟਰ ਅਤੇ ਦੋ ਪੱਖੇ ਹੁੰਦੇ ਹਨ ਜੋ ਸ਼ਹਿਦ ਦੀ ਨਮੀ ਨੂੰ 1% ਪ੍ਰਤੀ 20 ਮਿੰਟ ਦੀ ਦਰ ਨਾਲ ਘਟਾਉਂਦੇ ਹਨ। ਪ੍ਰੋਸੈਸਿੰਗ ਯੂਨਿਟ ਵਿੱਚ ਸ਼ਹਿਦ ਇਕੱਤਰ ਕਰਨ ਅਤੇ ਸੈਟਲਿੰਗ ਟੈਂਕ ਦੇ ਨਾਲ 3 ਫਿਲਟਰ, ਇੱਕ ਮੈਕਰੋ ਅਤੇ ਦੋ ਮਾਈਕਰੋ ਫਿਲਟਰ ਹੁੰਦੇ ਹਨ। ਸੋਧ ਤੋਂ ਬਾਅਦ ਸ਼ਹਿਦ ਪ੍ਰੋਸੈਸਿੰਗ ਯੂਨਿਟ ਦੀ ਲਾਗਤ 1,50,000 ਰੁਪਏ ਹੈ।

ਮੁਹੰਮਦ ਸ਼ਫੀਕ ਆਲਮ: 94171-88501

ਕਣਕ ਦੀ ਸੁਚੱਜੀ ਵਾਢੀ ਲਈ ਕੰਬਾਈਨਾਂ ਦੀ ਤਿਆਰੀ

ਅਰਸ਼ਦੀਪ ਸਿੰਘ ਅਤੇ ਅਨੂਪ ਦੀਕਸ਼ਿਤ
ਫਾਰਮ ਮਸ਼ੀਨਰੀ ਅਤੇ ਪਾਵਰ ਇੰਜੀਨੀਅਰਿੰਗ ਵਿਭਾਗ

ਕਣਕ ਦੀ ਵਾਢੀ ਦੇ ਸੀਜ਼ਨ ਵਿੱਚ ਕੰਬਾਈਨ ਨੂੰ ਵਧੀਆ ਤਰੀਕੇ ਨਾਲ ਚਲਾਉਣ ਲਈ ਇਹ ਜਰੂਰੀ ਹੈ ਕਿ ਕੰਬਾਈਨ ਦੀ ਸਰਵਿਸ ਚੰਗੀ ਤਰ੍ਹਾਂ ਕੀਤੀ ਜਾਵੇ । ਸਰਵਿਸ ਦੌਰਾਨ ਇੰਜਣ ਦਾ ਪੁਰਾਣਾ ਤੇਲ ਕੱਢ ਕੇ ਇਸ ਵਿੱਚ ਸਿਫਾਰਿਸ਼ ਕੀਤਾ ਨਵਾਂ ਤੇਲ ਪਾਉ। ਤੇਲ ਫਿਲਟਰ ਵੀ ਬਦਲ ਦੇਣੇ ਚਾਹੀਦੇ ਹਨ। ਰੇਡੀਏਟਰ ਉੱਤੇ ਕੰਪ੍ਰੇਸ਼ਰ ਨਾਲ ਹਵਾ ਅੰਦਰੋਂ ਬਾਹਰ ਵੱਲ ਨੂੰ ਮਾਰੋ ਤਾਂ ਜੋ ਇਸ ਵਿੱਚ ਫਸੀ ਮਿੱਟੀ ਜਾਂ ਪਰਾਲੀ ਨਿਕਲ ਜਾਵੇ। ਜੇ ਕੂਲੈਂਟ ਦਾ ਰੰਗ ਜੰਗ ਵਰਗਾ ਹੋਵੇ ਤਾਂ ਰੇਡੀਏਟਰ ਨੂੰ ਖਾਲੀ ਕਰਕੇ ਇਸ ਨੂੰ ਅੰਦਰੋਂ ਚੰਗੀ ਤਰਾਂ ਸਾਫ ਕਰ ਦੇਣਾ ਚਾਹੀਦਾ ਹੈ। ਏਅਰ ਫਿਲਟਰ ਨੂੰ ਵੀ ਪ੍ਰੈਸ਼ਰ ਵਾਲੀ ਹਵਾ ਨਾਲ ਸਾਫ ਕਰੋ। ਜੇ ਫਿਲਟਰ ਖ਼ਰਾਬ ਹੋਵੇ ਜਾਂ ਜ਼ਿਆਦਾ ਮਿੱਟੀ ਘੱਟੇ ਨਾਲ ਭਰਿਆ ਹੋਵੇ ਇਸ ਨੂੰ ਬਦਲ ਦੇਣਾ ਚਾਹੀਦਾ ਹੈ। ਹਾਈਡਰੌਲਿਕ ਸਿਸਟਮ ਦੀ ਸਰਵਿਸ ਵੀ ਸਰਵਿਸ ਮੈਨੂਅਲ ਦੇ ਹਿਸਾਬ ਨਾਲ ਕਰੋ। ਹਾਈਡਰੌਲਿਕ ਤੇਲ ਚੈੱਕ ਕਰਨ ਤੋਂ ਪਹਿਲਾਂ ਯਕੀਨੀ ਬਣਾਓ ਕਿ ਕੰਬਾਈਨ ਦਾ ਅਗਲਾ ਹਿੱਸਾ (ਹੈਡਰ) ਧਰਤੀ ਤੇ ਹੋਵੇ, ਦਾਣੇ ਕੱਢਣ ਵਾਲਾ ਔਗਰ ਇਕੱਠਾ ਕੀਤੀ ਹੋਵੇ ਅਤੇ ਕੰਬਾਈਨ ਸਮਤਲ ਥਾਂ ਤੇ ਖੜੀ ਹੋਵੇ। ਹਾਈਡਰੌਲਿਕ ਤੇਲ ਦਾ ਲੈਵਲ ਸਿਫਾਰਿਸ਼ ਕੀਤੇ ਨਿਸ਼ਾਨ ਤੇ ਹੋਣਾ ਚਾਹੀਦਾ ਹੈ। ਗੀਅਰ ਬਾਕਸ ਦਾ ਤੇਲ ਵੀ ਡਿਪਸਟਿਕ ਨਾਲ ਚੈੱਕ ਕਰਕੇ ਜੇ ਲੋੜੀਂਦਾ ਹੋਵੇ ਤਾਂ ਪਾ ਦੇਣਾ ਚਾਹੀਦਾ ਹੈ। ਕੰਬਾਈਨ ਦੇ ਬੈਰਿੰਗ ਗਰੀਸ ਕਰੋ ਅਤੇ ਹੋਰ ਜਿਹੜੇ ਪੁਰਜ਼ਿਆਂ ਦੀ ਗਰੀਸ ਹੋਣੀ ਹੈ ਓਪਰੇਟਰ ਮੈਨੂਅਲ ਦੇਖ ਕੇ ਗਰੀਸਸਿੰਗ ਕਰੋ। ਇਸ ਗੱਲ ਦਾ ਖ਼ਿਆਲ ਰੱਖੋ ਕੇ ਹਾਈਡਰੌਲਿਕ ਪਾਈਪਾਂ, ਫਿਟਿੰਗਾਂ ਅਤੇ ਪੰਪ ਵਿੱਚ ਲੀਕੇਜ ਨਾ ਹੋਵੇ। ਇਸੇ ਤਰ੍ਹਾਂ ਕੰਬਾਈਨ ਦੀਆਂ ਬੈਲਟਾਂ ਜੇ ਕਰੈਕ ਜਾਂ ਖ਼ਰਾਬ ਹੋਣ ਤਾਂ ਬਦਲ ਦੇਣੀਆਂ ਚਾਹੀਦੀਆਂ ਹਨ। ਫ਼ਸਲ ਦੀ ਕਟਾਈ ਸਮੇਂ ਦਾਣਿਆਂ ਦੇ ਘੱਟੋ-ਘੱਟ ਨੁਕਸਾਨ ਲਈ ਇਹ ਜ਼ਰੂਰੀ ਹੈ ਕਿ ਕਟਰ ਬਾਰ ਦੇ ਬਲੇਡ ਤਿੱਖੇ ਹੋਣੇ ਚਾਹੀਦੇ ਹਨ। ਕਟਰ ਬਾਰ ਵਿੱਚ ਕੋਈ ਵੀ ਬਲੇਡ ਜਾਂ ਗਾਰਡ ਟੁੱਟਾ ਜਾਂ ਘਸਿਆ ਹੋਵੇ ਤਾਂ ਉਸਨੂੰ ਬਦਲ ਦਿਓ। ਹੈਡਰ ਵਿੱਚ ਦਿੱਤੀਆਂ ਰੀਲ ਟਾਈਨਾਂ ਮੁੜੀਆਂ ਜਾਂ ਟੁੱਟੀਆਂ ਨਹੀਂ ਹੋਣੀਆਂ ਚਾਹੀਦੀਆਂ ਅਤੇ ਲੋੜ ਪੈਣ ਤੇ ਇਹਨਾਂ ਨੂੰ ਬਦਲ ਦਿਓ। ਹੈਡਰ ਨੂੰ ਚੰਗੀ ਤਰਾਂ ਸਾਫ ਕਰਨਾ ਚਾਹੀਦਾ ਹੈ ਅਤੇ ਔਗਰ ਫਿੰਗਰ ਮੁੜੀਆਂ ਨਹੀਂ ਹੋਣੀਆਂ ਚਾਹੀਦੀਆਂ। ਥਰੈਸ਼ਰ ਡਰੰਮ ਅਤੇ ਕੰਨਕੇਵ ਦੀ ਵਿੱਥ ਸਹੀ ਹੋਣੀ ਚਾਹੀਦੀ ਹੈ ਤਾਂ ਜੋ ਗਹਾਈ ਵਧੀਆ ਤਰੀਕੇ ਨਾਲ ਹੋ ਸਕੇ। ਛਾਨਣਿਆਂ ਦੀ ਸਫਾਈ ਰੱਖੋ ਤਾਂ ਜੋ ਦਾਣਿਆਂ ਦੀ ਸਫਾਈ ਸਹੀ ਢੰਗ ਨਾਲ ਹੋ ਸਕੇ। ਪੱਖੇ ਨੂੰ ਚਲਾਉਣ ਵਾਲੀ ਬੈਲਟਾਂ ਸਹੀ ਹਾਲਤ ਵਿੱਚ ਹੋਣੀਆਂ ਚਾਹੀਦੀਆਂ ਹੈ। ਦਾਣਿਆਂ ਵਾਲਾ ਟੈਂਕ ਸੁੱਕਾ ਅਤੇ ਸਾਫ ਰੱਖੋ।

ਕੰਬਾਈਨ ਚਲਾਉਣ ਲੱਗਿਆਂ ਜਰੂਰੀ ਸਾਵਧਾਨੀਆਂ :

- ਕੰਬਾਈਨ ਡਰਾਈਵਰ ਨੂੰ ਕੰਮ ਸਮੇਂ ਢਿੱਲੇ ਕੱਪੜੇ ਨਹੀਂ ਪਾਉਣੇ ਚਾਹੀਦੇ।
- ਚੱਲਦੇ ਪਟੇ ਜਾਂ ਬੈਲਟ ਉੱਪਰੋਂ ਨਹੀਂ ਲੰਘਣਾ ਚਾਹੀਦਾ।
- ਚੱਲਦੀ ਕੰਬਾਈਨ ਤੇ ਚੜ੍ਹਨਾ ਜਾਂ ਉਤਰਨਾ ਨਹੀਂ ਚਾਹੀਦਾ।
- ਕੰਬਾਈਨ ਉਤੇ ਸੁਰੱਖਿਅਤ ਸ਼ੀਲਡਾਂ ਲੱਗੀਆਂ ਹੋਣੀਆਂ ਚਾਹੀਦੀਆਂ ਹਨ।
- ਕੰਬਾਈਨ ਦੇ ਅੱਗੇ ਅਤੇ ਪਿਛਲੇ ਟਾਇਰਾਂ ਵਿੱਚ ਹਵਾ ਦਾ ਪ੍ਰੈਸ਼ਰ ਸਹੀ ਰੱਖੋ।

ਅਰਸ਼ਦੀਪ ਸਿੰਘ: 97799-41983

ਪੱਕੀ ਕਣਕ ਨੂੰ ਅੱਗ ਲੱਗਣ ਤੋਂ ਬਚਾਓ

ਨਰੇਸ਼ ਕੁਮਾਰ ਛੁਨੇਜਾ ਅਤੇ ਗੁਰਸਾਹਿਬ ਸਿੰਘ ਮਨੇਸ

ਫਾਰਮ ਮਸ਼ੀਨਰੀ ਅਤੇ ਪਾਵਰ ਇੰਜੀਨੀਅਰਿੰਗ ਵਿਭਾਗ

ਅਪ੍ਰੈਲ ਦੇ ਮਹੀਨੇ ਕਣਕ ਪੱਕ ਜਾਂਦੀ ਹੈ ਅਤੇ ਵਾਢੀ ਲਈ ਤਿਆਰ ਫ਼ਸਲ ਸੋਨੇ ਵਰਗੀ ਜਾਪਦੀ ਹੈ। ਵਿਸਾਖੀ ਦਾ ਤਿਉਹਾਰ ਆਉਦਿਆਂ ਹੀ ਵਾਢੀ ਸ਼ੁਰੂ ਹੋ ਜਾਂਦੀ ਹੈ ਅਤੇ ਕਿਸਾਨ ਦੇ ਚਿਹਰੇ ਤੇ ਖੁਸ਼ੀ ਸਾਫ਼ ਝਲਕਣ ਲੱਗਦੀ ਹੈ। ਪਰ ਜੇਕਰ ਪੱਕੀ ਕਣਕ ਅੱਗ ਨਾਲ ਸੜ ਕੇ ਸੁਆਹ ਹੋ ਜਾਵੇ ਤਾਂ ਖੁਸ਼ੀ ਵੀ ਨਾਲ ਹੀ ਅਲੋਪ ਹੋ ਜਾਂਦੀ ਹੈ। ਇਸ ਤਰ੍ਹਾਂ ਦੇ ਹਾਦਸੇ ਨਾਲ ਜਿੱਥੇ ਕਿਸਾਨ ਨੂੰ ਮਾਲੀ ਨੁਕਸਾਨ ਝੱਲਣਾ ਪੈਂਦਾ ਹੈ, ਉੱਥੇ ਕਈ ਵਾਰ ਕੀਮਤੀ ਜਾਨਾਂ ਵੀ ਖਤਮ ਹੋ ਜਾਂਦੀਆਂ ਹਨ। ਪੰਜਾਬ ਵਿੱਚ ਹਰ ਸਾਲ ਕਣਕ ਦੀ ਵਾਢੀ ਦੀ ਰੁੱਤ ਵਿੱਚ ਅੱਗ ਲੱਗਣ ਕਾਰਨ ਹਜ਼ਾਰਾਂ ਖੇਤ ਫ਼ਸਲ ਸੜ ਕੇ ਸੁਆਹ ਹੋ ਜਾਂਦੀ ਹੈ। ਜ਼ਿਆਦਾਤਰ ਅਜਿਹੇ ਹਾਦਸੇ ਮਨੁੱਖੀ ਅਣਗਹਿਲੀ ਕਾਰਨ ਹੁੰਦੇ ਹਨ ਅਤੇ ਇਹਨਾਂ ਤੋ ਅਸਾਨੀ ਨਾਲ ਬਚਿਆ ਜਾ ਸਕਦਾ ਹੈ।

ਕਣਕ ਦੀ ਫ਼ਸਲ ਨੂੰ ਅੱਗ ਲੱਗਣ ਦੇ ਮੁੱਖ ਕਾਰਨ ਅਤੇ ਉਪਰਾਲੇ

1.ਬਿਜਲੀ ਦੀਆਂ ਤਾਰਾਂ ਅਤੇ ਟ੍ਰਾਂਸਫਾਰਮਰਾਂ ਤੋਂ ਡਿੱਗੀ ਚਿੰਗਾਰੀ

ਕਾਰਨ : ਆਮਤੌਰ ਤੇ ਜਦ ਟ੍ਰਾਂਸਫਾਰਮਰਾਂ ਉੱਤੇ ਲੋਡ ਵੱਧ ਜਾਂਦਾ ਹੈ ਜਾਂ ਬਿਜਲੀ ਦੀਆਂ ਤਾਰਾਂ ਦੇ ਜੋੜ ਕੱਚੇ ਹੁੰਦੇ ਹਨ ਤਾਂ ਕਰੰਟ ਚਿੰਗਾਰੀ ਬਣ ਜਾਂਦਾ ਹੈ। ਹੇਠਾਂ ਖੇਤ ਵਿੱਚ ਪੱਕੀ ਅਤੇ ਸੁੱਕੀ ਫ਼ਸਲ ਇਸ ਚਿੰਗਾਰੀ ਨਾਲ ਅੱਗ ਫੜ ਲੈਂਦੀ ਹੈ। ਕਈ ਵਾਰ ਢਿੱਲੀਆਂ ਤਾਰਾਂ ਤੇਜ਼ ਹਵਾ ਜਾਂ ਮੀਂਹ ਜਾਂ ਪੰਛੀਆਂ ਕਾਰਨ ਸ਼ਾਰਟ ਹੋ ਜਾਦੀਆਂ ਹਨ। ਕਈ ਵਾਰ ਖੇਤਾਂ ਵਿੱਚ ਚੱਲ ਰਹੀ ਵਾਢੀ ਵਾਲੀ ਕੰਬਾਈਨ ਜਾਂ ਤੂੜੀ ਵਾਲੀ ਕੰਬਾਈਨ ਨੀਵੀਆਂ ਲਟਕ ਰਹੀਆਂ ਬਿਜਲੀ ਦੀਆਂ ਤਾਰਾਂ ਨੂੰ ਛੂਹ ਲੈਂਦੀਆਂ ਹਨ ਅਤੇ ਸਿੱਟੇ ਵੱਜੋ ਬਿਜਲੀ ਦੀ ਚਿੰਗਾਰੀ ਅਤੇ ਕਰੰਟ ਨਾਲ ਕਾਮਿਆਂ ਅਤੇ ਮਸ਼ੀਨ ਦਾ ਨੁਕਸਾਨ ਹੋ ਜਾਂਦਾ ਹੈ।

ਉਪਰਾਲੇ: ਬਿਜਲੀ ਦੇ ਟ੍ਰਾਂਸਫਾਰਮਰਾਂ ਅਤੇ ਖੰਬਿਆਂ ਦੇ ਲਾਗੇ ਕਣਕ ਦੀ ਵਾਢੀ ਹੱਥ ਨਾਲ ਕਰਨੀ ਚਾਹੀਦੀ ਹੈ ਅਤੇ ਭਰੀਆਂ ਬੰਨ੍ਹ ਕੇ ਜਲਦੀ ਹੀ ਥਾਂ ਵਿਹਲੀ ਕਰ ਦੇਣੀ ਚਾਹੀਦੀ ਹੈ। ਹੋ ਸਕੇ ਤਾਂ ਟ੍ਰਾਂਸਫਾਰਮਰਾਂ ਅਤੇ ਬਿਜਲੀ ਦੇ ਖੰਭਿਆ ਥੱਲ੍ਹੇ ਜ਼ਮੀਨ ਖਾਲੀ ਅਤੇ ਸਾਫ ਰੱਖਣੀ ਚਾਹੀਦੀ ਹੈ। ਬਿਜਲੀ ਦੀਆਂ ਤਾਰਾਂ ਵਿੱਚ ਲੋੜੀਂਦੀ ਦੂਰੀ ਹੋਣੀ ਚਾਹੀਦੀ ਹੈ। ਲੋੜ ਪੈਣ ਤੇ ਬਿਜਲੀ ਮਹਿਕਮੇ ਦੀ ਮਦਦ ਨਾਲ ਤਾਰਾਂ ਨੂੰ ਲੱਕੜ ਦੀ ਸੋਟੀ ਨਾਲ ਦੂਰ-ਦੂਰ ਬੰਨ ਦੇਣਾ ਚਾਹੀਦਾ ਹੈ ਤਾਂ ਜੋ ਤਾਰਾਂ ਜੁੜ ਕੇ ਚਿੰਗਾਰੀ ਨਾ ਛੱਡਣ।

2. ਜ਼ਿਆਦਾ ਨਮੀ ਵਾਲੀ ਫ਼ਸਲ ਦੀ ਕਟਾਈ ਅਤੇ ਗਹਾਈ

ਕਾਰਨ: ਜੇਕਰ ਅੱਧ ਸੁੱਕੀ ਜਾਂ ਮੀਂਹ ਨਾਲ ਗਿੱਲੀ ਫ਼ਸਲ ਦੀ ਮਸ਼ੀਨਾਂ ਨਾਲ ਕਟਾਈ ਜਾਂ ਗਹਾਈ ਕੀਤੀ ਜਾਵੇ ਤਾਂ ਅੱਗ ਲੱਗਣ ਦੀ ਸੰਭਾਵਨਾ ਕਾਫੀ ਵੱਧ ਜਾਂਦੀ ਹੈ। ਗਿੱਲੀ ਫ਼ਸਲ ਦਾ ਨਾੜ ਨਰਮ ਹੁੰਦਾ ਹੈ ਅਤੇ ਥਰੈਸ਼ਰ ਦੀ ਸ਼ਾਫਟ ਨਾਲ ਲਪੇਟਿਆ ਜਾਂਦਾ ਹੈ। ਇਸ ਕਰਕੇ ਥਰੈਸ਼ਰ ਦੇ ਡਰੰਮ ਅੰਦਰ ਰਗੜ ਨਾਲ ਚਿੰਗਾਰੀ ਬਣ ਜਾਂਦੀ ਹੈ। ਇਸ ਤਰ੍ਹਾਂ ਦੇ ਹਾਦਸੇ ਵਾਢੀ ਵਾਲੀ ਕੰਬਾਇਨ, ਤੂੜੀ ਵਾਲੀ ਕੰਬਾਇਨ ਅਤੇ ਥਰੈਸ਼ਰਾਂ ਦੀ ਵਰਤੋ ਵੇਲੇ ਵੇਖੇ ਜਾ ਸਕਦੇ ਹਨ।

ਉਪਰਾਲੇ: ਪੂਰੀ ਤਰ੍ਹਾਂ ਪੱਕੀ ਅਤੇ ਤਿਆਰ ਫ਼ਸਲ ਹੀ ਕੰਬਾਈਨਾਂ ਨਾਲ ਕੱਟੀ ਜਾਣੀ ਚਾਹੀਦੀ ਹੈ। ਮੀਂਹ ਪੈਣ ਦੀ ਸੂਰਤ ਵਿੱਚ ਕਟਾਈ ਅਤੇ ਗਹਾਈ ਨੂੰ ਫ਼ਸਲ ਸੁੱਕਣ ਤੱਕ ਟਾਲ ਦੇਣਾ ਚਾਹੀਦਾ ਹੈ। ਪੂਰੀ ਤਰ੍ਹਾਂ ਪੱਕੀ ਅਤੇ ਤਿਆਰ ਕਣਕ ਦੀ ਗਹਾਈ ਵੇਲੇ ਇੰਜਣ ਦਾ ਜ਼ੋਰ ਵੀ ਘੱਟ ਲੱਗਦਾ ਹੈ।

3. ਟਰੈਕਟਰ ਅਤੇ ਡੀਜ਼ਲ ਇੰਜਣ ਦੀ ਗਰਮੀ

ਕਾਰਨ: ਟਰੈਕਟਰ ਅਤੇ ਡੀਜ਼ਲ ਇੰਜਣ ਚੱਲ ਕੇ ਬਹੁਤ ਗਰਮ ਹੋ ਜਾਂਦਾ ਹੈ ਅਤੇ ਇਸ ਨਾਲ ਛੂਹ ਕੇ ਫ਼ਸਲ ਅੱਗ ਫੜ ਸਕਦੀ ਹੈ। ਇੰਜਣ ਦੇ ਸਾਈਲੈਂਸਰ ਤੋ ਨਿਕਲੀ ਗਰਮੀ ਅਤੇ ਚਿੰਗਾਰੀ ਵੀ ਅੱਗ ਦਾ ਕਾਰਨ ਬਣ ਸਕਦੀ ਹੈ।

ਉਪਰਾਲੇ: ਇੰਜਨ ਦੇ ਸਾਈਲੈਂਸਰ ਦਾ ਮੂੰਹ ਫ਼ਸਲ ਤੋ ਉਲਟੀ ਦਿਸ਼ਾ ਵੱਲ ਚਾਹੀਦਾ ਹੈ। ਜੇਕਰ ਸਾਈਲੈਂਸਰ ਦਾ ਮੂੰਹ ਉਪਰ ਵੱਲ ਨੂੰ ਹੈ ਅਤੇ ਉਸ ਨਾਲ ਚਿੰਗਾਰੀ ਰੋਕਣ ਵਾਲਾ ਪੁਰਜ਼ਾ ਲੱਗਾ ਹੈ ਤਾਂ ਜ਼ਿਆਦਾ ਬੇਹਤਰ ਹੈ।

4. ਨੇੜਲੇ ਖੇਤ ਤੋ ਬੇਕਾਬੂ ਅੱਗ

ਕਾਰਨ: ਕਈ ਵਾਰ ਕਿਸਾਨ ਅਗਲੀ ਫ਼ਸਲ ਦੀ ਬਿਜਾਈ ਲਈ ਖੇਤ ਜਲਦੀ ਵਿਹਲਾ ਕਰਨ ਵਾਸਤੇ ਪਹਿਲੇ ਰਹਿੰਦੇ ਨਾੜ ਨੂੰ ਅੱਗ ਲਾ ਦਿੰਦੇ ਹਨ। ਇਸ ਤਰ੍ਹਾਂ ਦੀ ਲਗਾਈ ਅੱਗ ਬੇਕਾਬੂ ਹੋ ਕੇ ਲਾਗੇ ਦੇ ਕਈ ਖੇਤਾਂ ਨੂੰ ਵੀ ਸਵਾਹ ਕਰ ਦਿੰਦੀ ਹੈ।

ਉਪਰਾਲੇ: ਕਣਕ ਦੇ ਨਾੜ ਨੂੰ ਅੱਗ ਨਾ ਲਗਾਓ। ਖੇਤਾਂ ਦੇ ਨੇੜੇ ਅੱਗ ਜਲਾਉਣ ਦੀ ਮਨਾਹੀ ਚਾਹੀਦੀ ਹੈ। ਅੱਗ ਨੂੰ ਪੂਰੀ ਤਰ੍ਹਾਂ ਬੁਝਿਆ ਯਕੀਨੀ ਕਰਨ ਲਈ ਸਵਾਹ ਉੱਪਰ ਪਾਣੀ ਦਾ ਛਿੜਕਾਅ ਕਰਨਾ ਚਾਹੀਦਾ ਹੈ।

5. ਖੇਤ ਵਿੱਚ ਬੀੜੀ ਜਾਂ ਸਿਗਰੇਟ ਦੀ ਵਰਤੋ

ਕਾਰਨ: ਕਾਮਿਆਂ ਵੱਲੋ ਖੇਤਾਂ ਵਿੱਚ ਬੀੜੀ, ਸਿਗਰੇਟ ਅਤੇ ਮਾਚਿਸ ਦੀ ਵਰਤੋ ਕਾਰਨ ਖੇਤ ਵਿੱਚ ਅੱਗ ਲੱਗ ਜਾਂਦੀ ਹੈ।

ਉਪਰਾਲੇ: ਕਟਾਈ ਅਤੇ ਗਹਾਈ ਨੇੜੇ ਬੀੜੀ ਅਤੇ ਸਿਗਰੇਟ ਆਦਿ ਦੀ ਵਰਤੋ ਪੂਰੀ ਤਰ੍ਹਾਂ ਮਨਾਹੀ ਚਾਹੀਦੀ ਹੈ।

6. ਗਰਮ ਹਵਾਵਾਂ ਅਤੇ ਝੱਖੜ

ਕਾਰਨ: ਵਾਢੀ ਦੀ ਰੁੱਤ (ਅਪ੍ਰੈਲ-ਮਈ) ਵਿੱਚ ਖੇਤ ਸੁੱਕੇ ਹੁੰਦੇ ਹਨ, ਮੌਸਮ ਗਰਮ ਹੁੰਦਾ ਹੈ ਅਤੇ ਨਤੀਜੇ ਵੱਜੋ ਗਰਮ ਹਵਾਵਾਂ ਹਨੇਰੀ ਦਾ ਰੂਪ ਲੈਣ ਲੱਗਦੀਆਂ ਹਨ। ਤੇਜ਼ ਹਵਾਵਾਂ ਲਾਗੇ ਜਲਾਈ ਅੱਗ ਦੀਆਂ ਚਿੰਗਾਰਿਆਂ ਵੀ ਦੂਰ ਤੱਕ ਖਿੰਡਾ ਦਿੰਦੀਆਂ ਹਨ।

ਉਪਰਾਲੇ: ਅੱਗ ਫੈਲਣ ਤੋ ਰੋਕਣ ਲਈ ਪਾਣੀ ਦਾ ਨੇੜੇ ਅਤੇ ਸੁਚੱਜਾ ਪ੍ਰਬੰਧ ਚਾਹੀਦਾ ਹੈ। ਲੋੜ ਪੈਣ ਤੇ ਨੇੜੇ ਦੀ ਮੋਟਰ ਤੋ ਪਾਣੀ ਵਰਤਿਆ ਜਾ ਸਕਦਾ ਹੈ। ਹੋਣ ਵਾਲੇ ਜਾਨੀ ਅਤੇ ਮਾਲੀ ਨੁਕਸਾਨ ਨੂੰ ਘਟਾਉਣ ਲਈ ਸਬੰਧਿਤ ਸਰਕਾਰੀ ਅਦਾਰੇ ਤੋਂ ਮਦਦ ਲੈਣ ਤੋਂ ਗੁਰੇਜ਼ ਨਹੀ ਕਰਨਾ ਚਾਹੀਦਾ।

ਨਰੇਸ਼ ਕੁਮਾਰ ਛੁਨੇਜਾ: 99880-00541

ਤੁਪਕਾ ਸਿੰਚਾਈ ਪ੍ਰਣਾਲੀ ਦੀ ਮੁਰੰਮਤ ਅਤੇ ਸਾਂਭ-ਸੰਭਾਲ

ਜੁਗਰਾਜ ਸਿੰਘ, ਦੇਨੇਸ਼ਵਰ ਮਦਨੇ, ਰਾਕੇਸ਼ ਸ਼ਾਰਦਾ

ਭੂਮੀ ਅਤੇ ਪਾਣੀ ਇੰਜਨੀਅਰਿੰਗ ਵਿਭਾਗ

ਫਸਲ ਦਾ ਝਾੜ ਵਧਾਉਣ ਵਿੱਚ ਤੁਪਕਾ ਸਿੰਚਾਈ ਦਾ ਅਹਿਮ ਰੋਲ ਹੈ। ਤੁਪਕਾ ਸਿੰਚਾਈ ਪ੍ਰਣਾਲੀ ਤੋਂ ਸਹੀ ਕੰਮ ਲੈਣ ਲਈ ਇਹ ਜ਼ਰੂਰੀ ਹੈ ਕਿ ਇਸ ਦਾ ਰੱਖ ਰਖਾਅ ਚੰਗੇ ਤਰੀਕੇ ਨਾਲ ਕੀਤਾ ਜਾਵੇ। ਬਾਗਬਾਨੀ ਫਸਲਾਂ ਵਿੱਚ ਬੂਟੇ ਤੋਂ ਬੂਟੇ ਦੀ ਦੂਰੀ ਜ਼ਿਆਦਾ ਹੋਣ ਕਰਕੇ ਆਨਲਾਈਨ ਲੇਟਰਲ ਪਾਈਪਾਂ ਤੇ ਡਰਿੱਪਰ ਦੀ ਵਰਤੋਂ ਕੀਤੀ ਜਾਂਦੀ ਹੈ। ਜੇਕਰ ਖੇਤਰ ਅਵਾਰਾ ਪਸ਼ੂਆਂ ਤੋਂ ਸੁਰੱਖਿਅਤ ਹੈ ਅਤੇ ਫਸਲ ਵਿੱਚ ਬੂਟੇ ਤੋਂ ਬੂਟੇ ਦੀ ਦੂਰੀ ਨਿਸ਼ਚਿਤ ਹੈ ਤਾਂ ਇਨ ਲਾਈਨ ਲੇਟਰਲ ਦੀ ਵਰਤੋਂ ਕੀਤੀ ਜਾਂਦੀ ਹੈ। ਜੇਕਰ ਖੇਤਰ ਦੀ ਭੂਗੋਲਿਕ ਸਥਿਤੀ ਉੱਚੀ ਨੀਂਵੀ ਹੈ ਤਾਂ ਆਨਲਾਈਨ ਜਾਂ ਇਨਲਾਈਨ ਲੇਟਰਲ ਵਿੱਚ ਪ੍ਰੈਸ਼ਰ ਕੰਪਨਸੈਟਿੰਗ ਡਰਿੱਪਰ ਦੀ ਵਰਤੋਂ ਕੀਤੀ ਜਾਂਦੀ ਹੈ।

ਡਰਿੱਪ ਲਗਾਉਣ ਉਪਰੰਤ ਡਰਿੱਪ ਸੈੱਟ ਦੀ ਸਾਂਭ ਸੰਭਾਲ ਅਤੇ ਰੱਖ ਰਖਾਅ:

ਡਰਿੱਪ ਲਗਾਉਣ ਉਪਰੰਤ ਲੇਟਰਲ ਦੇ ਅਖੀਰ ਵਿਚਲੇ ਐਂਡ ਕੈਪ ਨੂੰ ਖੋਲ੍ਹ ਕੇ ਪਾਣੀ 5 ਤੋਂ 10 ਮਿੰਟ ਲਈ ਖੁੱਲ੍ਹਾ ਚਲਾ ਕੇ ਦੇਖਣਾ ਚਾਹੀਦਾ ਹੈ ਤਾਂ ਜੋ ਲੇਟਰਲ ਵਿੱਚ ਮੌਜੂਦ ਕੋਈ ਗੰਦਗੀ ਖੁੱਲ੍ਹੇ ਪਾਣੀ ਨਾਲ ਬਾਹਰ ਨਿਕਲ ਜਾਵੇ। ਜੇਕਰ ਚਲਾਉਣ ਸਮੇਂ ਡਰਿਪਰ ਜਾ ਕਿਸੇ ਜੋੜ ਤੋਂ ਪਾਣੀ ਦੀ ਲੀਕੇਜ ਮਹਿਸੂਸ ਹੋਵੇ ਤਾਂ ਉਸ ਹਿੱਸੇ ਦੀ ਤੁਰੰਤ ਬਦਲੀ ਕਰ ਦਿੱਤੀ ਜਾਣੀ ਚਾਹੀਦੀ ਹੈ। ਹਰ ਡਰਿੱਪਰ ਜਾਂ ਇਮੀਟਰ ਤੋਂ ਇਹ ਨੋਟ ਕਰੋ ਕਿ ਪਾਣੀ ਬਾਕੀ ਡਰਿੱਪਰ ਜਾਂ ਇਮੀਟਰ ਦੇ ਬਰਾਬਰ ਨਿਕਲੇ। ਇਸ ਲਈ ਅਲੱਗ-ਅਲੱਗ ਡਰਿੱਪਰ ਥੱਲੇ ਖੁੱਲ੍ਹੇ ਭਾਂਡੇ ਰੱਖ ਕੇ ਪ੍ਰਣਾਲੀ ਨੂੰ 5 ਮਿੰਟ ਚਲਾ ਕੇ ਇਨ੍ਹਾਂ ਭਾਂਡਿਆਂ ਵਿੱਚ ਇਕੱਠੇ ਹੋਏ ਪਾਣੀ ਨੂੰ ਵੇਖਕੇ ਅੰਦਾਜ਼ਾ ਲਗਾਓ ਕਿ ਹਰ ਭਾਂਡੇ ਵਿੱਚ ਪਾਣੀ ਇੱਕੋ ਜਿੰਨਾ ਹੀ ਹੋਵੇ। ਜੇਕਰ ਫਰਕ ਦਿਸੇ ਤਾਂ ਸੰਬਧਿਤ ਡਰਿੱਪਰ ਨੂੰ ਬਦਲ ਦਿਉ। ਇਸ ਤਰ੍ਹਾਂ ਕਰਨ ਨਾਲ ਸਾਰੇ ਖੇਤ ਵਿੱਚ ਇਕਸਾਰ ਪਾਣੀ ਲਗੇਗਾ।

ਡਰਿੱਪ ਸਿਸਟਮ ਵਿੱਚ ਫਿਲਟਰਾਂ ਦਾ ਰੱਖ ਰਖਾਅ:

ਹਾਈਡ੍ਰੋਸਾਈਕਲੋਨ ਅਤੇ ਡਿਸਕ ਫਿਲਟਰ ਦੀ ਵਰਤੋਂ ਟਿਊਬਵੈੱਲ ਦੇ ਪਾਣੀ ਵਿਚਲੀ ਘੁਲੇ ਹੋਏ ਰੇਤੇ ਨੂੰ ਸਾਫ ਕਰਨ ਲਈ ਸੈਕੰਡਰੀ ਫਿਲਟਰ ਦੇ ਤੌਰ ਉੱਪਰ ਵਰਤੇ ਜਾਂਦੇ ਹਨ। ਪਾਣੀ ਵਿਚਲੀ ਗੰਦਗੀ ਨੂੰ ਸਾਫ ਕਰਨ ਲਈ ਬੈਕਵਾਸ਼ਿੰਗ ਦੀ ਵਿਵਸਥਾ ਵੀ ਪ੍ਰਣਾਲੀ ਵਿੱਚ ਕੀਤੀ ਜਾਂਦੀ ਹੈ। ਫਿਲਟਰਾਂ ਦੇ ਪ੍ਰਵੇਸ਼ ਅਤੇ ਨਿਕਾਸੀ ਦੁਆਰ ਉੱਪਰ ਦਬਾਅ ਰੋਜ਼ਾਨਾ ਚੈੱਕ ਕਰਦੇ ਰਹੋ। ਰੇਤੇ ਵਾਲੇ ਫਿਲਟਰ ਦੀ ਬੈਕ ਵਾਸ਼ਿੰਗ ਰੋਜ਼ਾਨਾ ਕਰੋ। ਸੈਂਡ ਫਿਲਟਰ ਦੇ ਪ੍ਰਵੇਸ਼ ਅਤੇ ਨਿਕਾਸੀ ਦੁਆਰਾ ਉੱਪਰ ਦਬਾਅ ਦਾ ਫਰਕ 0.3 ਕਿਲੋਗ੍ਰਾਮ ਪ੍ਰਤੀ ਵਰਗ ਸੈਂਟੀਮੀਟਰ ਅਤੇ ਸਕਰੀਨ ਫਿਲਟਰ ਉੱਪਰ ਫਰਕ 0.2 ਕਿਲੋਗ੍ਰਾਮ ਪ੍ਰਤੀ ਵਰਗ ਸੈਂ.ਮੀ. ਤੋਂ ਵੱਧ ਨਾ ਹੋਵੇ।

ਡਰਿੱਪਰ ਜਾਂ ਇਮੀਟਰ ਦਾ ਬੰਦ ਹੋਣਾ:

ਡਰਿੱਪਰ ਜਾਂ ਇਮੀਟਰ ਦਾ ਬੰਦ ਜਾਂ ਚੋਕ ਹੋਣਾ ਆਮ ਸਮੱਸਿਆ ਹੈ। ਡਰਿਪਰ ਚੋਕ ਹੋਣ ਨਾਲ ਪਾਣੀ ਇਕਸਾਰ ਨਹੀਂ ਲੱਗੇਗਾ ਅਤੇ ਉਤਪਾਦਨ ਪ੍ਰਭਾਵਿਤ ਹੋਵੇਗਾ। ਇਹ ਵੇਖਿਆ ਗਿਆ ਹੈ ਕਿ ਡਰਿੱਪਰ ਆਮ ਤੌਰ ਤੇ ਬਾਰਿਸ਼ ਜਾਂ ਮੀਂਹ ਦੇ ਸਮੇਂ ਦੌਰਾਨ ਬੰਦ ਜਾ ਚੋਕ ਹੋ ਜਾਂਦੇ ਹਨ ਜਦੋਂ ਖੇਤਾਂ ਵਿੱਚ ਮੀਂਹ ਪੈਣ ਸਮੇਂ ਪਾਣੀ ਖੜ੍ਹ ਜਾਂਦਾ ਹੈ। ਮੈਲਾ ਪਾਣੀ ਡਰਿੱਪਰ ਦੇ ਵਿੱਚ ਵੜ੍ਹ ਜਾਂਦਾ ਹੈ ਅਤੇ ਡਰਿੱਪਰ ਚੋਕ ਹੋ ਜਾਂਦੇ ਹਨ। ਕਈ ਵਾਰੀ ਫਿਲਟਰ ਸਿਸਟਮ ਵਿੱਚ ਨੁਕਸ ਪੈਣ ਨਾਲ ਵੀ ਇਮੀਟਰ ਚੋਕ ਹੋ ਜਾਂਦੇ ਹਨ। ਪਰ ਚੋਕਿੰਗ ਤੋਂ ਨਿਜਾਤ ਪਾਉਣ ਲਈ ਤੇਜ਼ਾਬ ਅਤੇ ਕੋਲਰੀਨ ਦੀ ਵਰਤੋਂ ਕੀਤੀ ਜਾਂਦੀ ਹੈ। ਸਮੇਂ-ਸਮੇਂ ਉੱਪਰ ਪ੍ਰਣਾਲੀ ਦੀ ਫਲੱਸ਼ਿੰਗ ਕਰਦੇ ਰਹਿਣ ਨਾਲ ਵੀ ਚੋਕਿੰਗ ਤੋਂ ਰਾਹਤ ਮਿਲਦੀ ਹੈ। ਡਰਿੱਪ ਪ੍ਰਣਾਲੀ ਦੇ ਸਹੀ ਚੱਲਣ ਲਈ ਸਮੇਂ-ਸਮੇਂ ਉੱਤੇ ਚੋਕਿੰਗ ਦਾ ਨਿਰੀਖਣ ਕਰਦੇ ਰਹੋ।

ਕਾਈ ਦੀ ਸਮੱਸਿਆ:

ਕਾਈ ਦੀ ਸਮੱਸਿਆ ਆਮ ਤੌਰ ਉੱਤੇ ਟੈਂਕ ਵਿੱਚ ਸਥਿਰ ਪਾਣੀ ਵਿੱਚ ਆ ਜਾਂਦੀ ਹੈ। ਡਰਿਪ ਸਿਸਟਮ ਵਿੱਚ ਕਾਈ ਦੀ ਸਮੱਸਿਆ ਉਦੋਂ ਆਉਂਦੀ ਹੈ। ਜਦੋਂ ਅਸੀਂ ਪਾਣੀ ਨੂੰ ਟੋਭਿਆਂ ਜਾਂ ਸਟੋਰੇਜ ਟੈਂਕ ਵਿੱਚੋਂ ਚੁੱਕ ਕੇ ਵਰਤਦੇ ਹਾਂ ਅਤੇ ਪਾਰਦਰਸ਼ੀ ਪਾਈਪਾਂ ਦੀ ਵਰਤੋਂ ਕਰਦੇ ਹਾਂ। ਇਸ ਲਈ ਤੁਪਕਾ ਸਿੰਚਾਈ ਪ੍ਰਣਾਲੀ ਵਿੱਚ ਪਾਈਪਾਂ ਨੂੰ ਮਿੱਟੀ ਦੇ ਹੇਠਾਂ ਦਬਾ ਕੇ ਰੱਖਿਆ ਜਾਂਦਾ ਹੈ ਅਤੇ ਕਾਲੇ ਰੰਗ ਦੀਆਂ ਲੇਟਰਲ ਪਾਈਪਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਨ੍ਹਾਂ ਦੀ ਵਰਤੋਂ ਕਰਨ ਨਾਲ ਸੂਰਜੀ ਰੋਸ਼ਨੀ ਪਾਈਪਾਂ ਵਿੱਚ ਦੀ ਨਹੀਂ ਲੰਘਦੀ ਜਿਸ ਕਰਕੇ ਇਨ੍ਹਾਂ ਵਿੱਚ ਕਾਈ ਨਹੀਂ ਜੰਮਦੀ। ਜੇਕਰ ਫਿਰ ਵੀ ਕਾਈ ਪਾਈਪਾਂ ਵਿੱਚ ਜੰਮ ਜਾਵੇ ਤਾਂ ਕਲੋਰੀਨੇਸ਼ਨ ਵਿਧੀ ਨਾਲ ਇਸ ਨੂੰ ਹਟਾਇਆ ਜਾ ਸਕਦਾ ਹੈ।

ਕਈ ਵਾਰ ਘੁਲਣਸ਼ੀਲ ਖਾਦਾਂ ਦੀ ਵਰਤੋਂ ਨਾਲ ਵੀ ਡਰਿੱਪਰ ਕਲੋਗਿੰਗ ਦੀ ਸਮੱਸਿਆ ਆ ਜਾਂਦੀ ਹੈ। ਫਾਸਫੋਰਸ ਤੱਤ ਵਾਲੀ ਖਾਦ ਖਾਸ ਕਰਕੇ ਪਾਣੀ ਵਿਚਲੇ ਮਾਦੇ ਨਾਲ ਪ੍ਰਤੀਕਰਮ ਕਰਕੇ ਡਰਿੱਪਰ ਕਲੋਗ ਕਰ ਸਕਦੀ ਹੈ। ਕਲੋਰੀਨੇਸ਼ਨ ਨਾਲ ਇਸ ਸਮੱਸਿਆ ਦਾ ਹੱਲ ਹੋ ਸਕਦਾ ਹੈ। ਇਥੇ ਇਹ ਗੱਲ ਯਾਦ ਰੱਖੋ ਕਿ ਕਲੋਰੀਨੇਸ਼ਨ ਅਤੇ ਫਰਟੀਗੇਸ਼ਨ (ਘੁਲਣਸ਼ੀਲ ਖਾਦਾਂ ਪਾਣੀ ਵਿੱਚ ਪਾਉਣ ਸਮੇਂ) ਇੱਕੋ ਸਮੇਂ ਨਹੀਂ ਕਰਨੀਆਂ ਚਾਹੀਦੀਆਂ।

ਰਸਾਇਣਕ ਸੋਧ ਦਾ ਢੰਗ:

ਡਰਿੱਪਰ ਦੇ ਬੰਦ ਹੋਣ ਦਾ ਕਾਰਨ, ਕੁਝ ਘੁਲਣਸ਼ੀਲ ਨਮਕੀਨ ਪਦਾਰਥਾਂ ਜਿਵੇਂ ਕਾਰਬੋਨੇਟ, ਲੋਹਾ, ਕੈਲਸ਼ੀਅਮ ਅਤੇ ਮੈਗਨੀਂਜ ਆਦਿ ਦਾ ਟੈਂਕ ਵਿੱਚ ਜੰਮਣਾ ਹੋ ਸਕਦਾ ਹੈ। ਡਰਿੱਪਰ ਬੰਦ ਹੋਣ ਦਾ ਕਾਰਨ ਕੁਝ ਸੁਖਮਜੀਵ ਵੀ ਹੋ ਸਕਦੇ ਹਨ, ਜਿਵੇਂ ਕਿ ਬੈਕਟੀਰੀਆ ਅਤੇ ਕਾਈ ਦੇ ਨਾਲ ਲੋਹੇ ਅਤੇ ਸਲਫਰ ਤੱਤਾਂ ਕਰਕੇ ਬਰੀਕ ਮਿੱਟੀ ਦੇ ਕਿਣਕੇ ਆਦਿ ਡਰਿੱਪਰ ਬੰਦ ਕਰਦੇ ਹਨ। ਇਸ ਤਰੀਕੇ ਨਾਲ ਬੰਦ ਹੋਏ ਡਰਿੱਪਰ ਰਸਾਇਣਕ ਸੋਧ ਰਾਹੀਂ ਸਾਫ ਕੀਤੇ ਜਾ ਸਕਦੇ ਹਨ।

ਤੁਪਕਾ ਸਿੰਚਾਈ ਪ੍ਰਣਾਲੀ ਵਿੱਚ ਡਰਿੱਪਰ ਸਾਫ਼ ਕਰਨ ਲਈ ਪਾਣੀ ਨਾਲ ਕਲੋਰਾਈਡ ਦਾ ਘੋਲ ਜਾਂ ਤੇਜ਼ਾਬ ਦੀ ਵਰਤੋਂ ਕੀਤੀ ਜਾਂਦੀ ਹੈ। ਵਪਾਰਕ ਸ਼੍ਰੇਣੀ ਦੇ ਤੇਜ਼ਾਬ ਦੀ ਵਰਤੋਂ ਸੋਧ ਕਰਨ ਲਈ ਕੀਤੀ ਜਾ ਸਕਦੀ ਹੈ।

(1) ਹਾਈਡ੍ਰੋਕਲੋਰਿਕ ਐਸਿਡ -35%

(2) ਨਾਈਟ੍ਰਿਕ ਐਸਿਡ -33%

(3) ਸਲਫਿਊਰਿਕ ਐਸਿਡ-65%

(4) ਔਰਥੋਫਾਸਫੋਰਿਕ ਐਸਿਡ -85%

ਜ਼ਿਆਦਾਤਰ ਹਾਲਤਾਂ ਵਿੱਚ ਹਾਈਡ੍ਰੋਕਲੋਰਿਕ ਐਸਿਡ ਦੀ ਵਰਤੋਂ ਕਾਰਗਰ ਸਾਬਿਤ ਹੁੰਦੀ ਹੈ ਅਤੇ ਇਹ ਬਾਕੀ ਦੇ ਤੇਜ਼ਾਬਾਂ ਤੋਂ ਸਸਤਾ ਹੈ। ਪਰੰਤੂ ਇਸ ਦੀ ਵਰਤੋਂ ਅਜਿਹੀਆਂ ਫਸਲਾਂ ਵਿੱਚ ਨਹੀਂ ਕੀਤੀ ਜਾ ਸਕਦੀ ਜੋ ਕਲੋਰਾਈਡ ਤੱਤ ਲਈ ਸਹਿਣਸ਼ੀਲ ਨਹੀਂ ਹਨ। ਅਜਿਹੀ ਸਥਿਤੀ ਵਿੱਚ ਨਾਈਟ੍ਰਿਕ ਐਸਿਡ ਜਾਂ ਸਲਫਿਊਰਿਕ ਐਸਿਡ ਦੀ ਵਰਤੋਂ ਕੀਤੀ ਜਾ ਸਕਦੀ ਹੈ। ਜਿਨ੍ਹਾਂ ਹਾਲਤਾਂ ਵਿੱਚ ਪਾਣੀ ਵਿੱਚ ਘੁਲਿਆ ਕੈਲਸ਼ੀਅਮ ਜਾਂ ਮੈਗਨੀਸ਼ੀਅਮ ਦੀ ਸੰਘਣਤਾ 500 ਪੀ.ਪੀ.ਐੱਮ ਤੋਂ ਜ਼ਿਆਦਾ ਹੋਵੇ ਉੱਥੇ ਗੰਧਕ ਦਾ ਤੇਜ਼ਾਬ ਨਾ ਵਰਤੋ।

ਤੁਪਕਾ ਸਿੰਚਾਈ ਪ੍ਰਣਾਲੀ ਦੀ ਤੇਜ਼ਾਬ ਰਾਹੀਂ ਸੋਧ ਕਲੋਰੀਨੇਸ਼ਨ ਕਰਨ ਤੋਂ ਪਹਿਲਾਂ ਕਰਨੀ ਚਾਹੀਦੀ ਹੈ, ਕਿਉਂਕਿ ਕਲੋਰੀਨੇਸ਼ਨ ਦੇ ਚੰਗੇ ਪ੍ਰਭਾਵ ਲਈ 6.5 ਤੋਂ 8.5 ਤੱਕ ਦਾ ਖਾਰੀ ਅੰਗ ਲੋੜੀਂਦਾ ਹੈ। ਜੇਕਰ ਪਾਣੀ ਵਿੱਚ ਲੋਹੇ ਦੀ ਮਾਤਰਾ ਜ਼ਿਆਦਾ ਹੋਵੇ ਤਾਂ ਅਜਿਹੀ ਹਾਲਤ ਵਿੱਚ ਆਰਥੋਫਾਸਫੋਰਿਕ ਐਸਿਡ ਦੀ ਵਰਤੋਂ ਨਾ ਕਰੋ, ਕਿਉਂਕਿ ਇਸ ਨਾਲ ਲੋਹਾ ਫਾਸਫੋਰਿਕ ਐਸਿਡ ਨਾਲ ਕਿਰਿਆ ਕਰਕੇ ਪ੍ਰੈਸੀਪੀਟੇਟ ਬਣਾ ਦਿੰਦਾ ਹੈ। ਤੇਜ਼ਾਬ ਰਾਹੀਂ ਸੋਧ ਕਰਨ ਤੋਂ ਪਹਿਲਾਂ ਅੱਖਾਂ ਤੇ ਐਨਕਾਂ ਅਤੇ ਹੱਥਾਂ ਤੇ ਰਬੜ ਦੇ ਦਸਤਾਨੇ ਪਹਿਨ ਲਵੋ। ਕਦੇ ਵੀ ਪਾਣੀ ਨੂੰ ਤੇਜ਼ਾਬ ਵਿੱਚ ਨਾ ਪਾਓ, ਸਗੋਂ ਤੇਜ਼ਾਬ ਨੂੰ ਪਾਣੀ ਵਿੱਚ ਪਾਓ। ਤੇਜ਼ਾਬ ਦੇ ਘੋਲ ਬਨਾਉਣ ਲਈ ਪਲਾਸਟਿਕ ਦੇ ਭਾਂਡੇ ਦੀ ਵਰਤੋਂ ਕਰੋ।

ਤੇਜ਼ਾਬ ਦੀ ਪਾਣੀ ਵਿੱਚ ਜਾਣ ਵਾਲੀ ਮਾਤਰਾ ਨਿਰਧਾਰਤ ਕਰਨਾ: ਇੱਕ ਪਲਾਸਟਿਕ ਦੀ ਬਾਲਟੀ ਵਿੱਚ 10 ਲਿਟਰ ਪਾਣੀ ਲਓ ਅਤੇ ਹੌਲੀ-ਹੌਲੀ ਥੋੜੀ ਮਾਤਰਾ ਵਿੱਚ ਤੇਜ਼ਾਬ ਪਾਉਂਦੇ ਜਾਓ, ਨਾਲ ਹੀ ਖਾਰੀ ਅੰਗ ਦੀ ਗਿਣਤੀ ਕਰੋ। ਜਦੋਂ ਪਾਣੀ ਦਾ ਲੋੜੀਂਦਾ ਖਾਰੀ ਅੰਗ 2.0 ਤੇ ਪਹੁੰਚ ਜਾਵੇ ਤਾਂ ਪਾਈ ਗਈ ਤੇਜ਼ਾਬ ਦੀ ਮਾਤਰਾ ਨੋਟ ਕਰੋ। ਹੁਣ ਤੁਪਕਾ ਸਿੰਚਾਈ ਸਿਸਟਮ ਵਿੱਚ ਇਹ ਖਾਰੀ ਅੰਗ ਪ੍ਰਾਪਤ ਕਰਨ ਲਈ ਪਹਿਲਾਂ ਵਰਤੀ ਗਈ ਤੇਜ਼ਾਬ ਦੀ ਮਾਤਰਾ ਨੂੰ 100 ਨਾਲ ਗੁਣਾ ਕਰੋ ਅਤੇ ਇਸ ਨੂੰ ਤੁਪਕਾ ਸਿੰਚਾਈ ਰਾਹੀਂ ਪ੍ਰਵਾਹਿਤ ਹੋਣ ਵਾਲੇ 1 ਮੀਟਰ^3 (1000 ਲਿਟਰ) ਪਾਣੀ ਵਿੱਚ ਪਾਓ।

ਉਦਾਹਰਣ:-

- 10 ਲਿਟਰ ਪਾਣੀ ਦੀ ਬਾਲਟੀ ਵਿੱਚ ਖਾਰੀ ਅੰਗ (2.0) ਕਰਨ ਲਈ ਲੋੜੀਂਦੀ ਤੇਜ਼ਾਬ ਦੀ ਮਾਤਰਾ= 12 ਸੀ.ਸੀ. (ਕਿਊਬਿਕ ਸੈਂਟੀਮੀਟਰ)
- 12 ਸੀ.ਸੀ× 100 =1200 ਕਿਊਬਿਕ ਸੈਂਟੀਮੀਟਰ =1.2 ਲਿਟਰ
- ਤੁਪਕਾ ਸਿੰਚਾਈ ਪ੍ਰਣਾਲੀ ਰਾਹੀਂ ਪ੍ਰਵਾਹਿਤ ਹੋਣ ਵਾਲੇ ਇਕ ਘਣ ਮੀਟਰ (1 ਮੀਟਰ^3) ਪਾਣੀ ਲਈ 1.2 ਲਿਟਰ ਤੇਜਾਬ ਪਾਓ।
- ਤੁਪਕਾ ਸਿੰਚਾਈ ਸਿਸਟਮ 'ਚੋਂ ਪਾਣੀ ਦਾ ਵਹਾਅ (ਸੋਧਿਤ ਹਿੱਸੇ) = 10 ਘਣ ਮੀਟਰ/ਪ੍ਰਤੀ ਘੰਟਾ ਜਾਂ 10 ਮੀਟਰ^3/ਪ੍ਰਤੀ ਘੰਟਾ
- ਤੁਪਕਾ ਸਿੰਚਾਈ ਰਾਹੀਂ 15 ਮਿੰਟ ਸੋਧ ਸਮੇਂ ਵਗਣ ਵਾਲੇ ਪਾਣੀ ਦੀ ਮਾਤਰਾ = 2.5 ਮੀਟਰ^3
- ਲੋੜੀਂਦੀ ਤੇਜ਼ਾਬ ਦੀ ਮਾਤਰਾ=1.2 ਲਿਟਰ × 2.5 = 3.0 ਲਿਟਰ
- ਇੰਜੈਕਟਰ ਦਾ ਵੱਧ ਤੋਂ ਵੱਧ ਡਿਸਚਾਰਜ= 80 ਲਿਟਰ ਪ੍ਰਤੀ ਘੰਟਾ
- ਤੇਜ਼ਾਬੀ ਘੋਲ ਦੀ ਲੋੜੀਂਦੀ ਕੁੱਲ ਮਾਤਰਾ = (1/4×80 ਲਿਟਰ) = 20 ਲਿਟਰ
- 20 ਲਿਟਰ ਤੇਜ਼ਾਬੀ ਘੋਲ ਲਈ 3 ਲਿਟਰ ਤੇਜ਼ਾਬ+ 17 ਲਿਟਰ ਪਾਣੀ
- ਤੇਜ਼ਾਬੀ ਘੋਲ ਨੂੰ ਪਾਉਣ ਦਾ ਸਮਾਂ=15 ਮਿੰਟ (20 ਲਿਟਰ ਘੋਲ, 80 ਲਿਟਰ ਪ੍ਰਤੀ ਘੰਟੇ ਦੇ ਇੰਜੈਕਟਰ ਰਾਹੀਂ ਪਾਉਣਾ ਹੈ।

(1) ਤੇਜ਼ਾਬ ਪਾਉਣ ਉਪਰੰਤ, ਤੇਜ਼ਾਬੀ ਘੋਲ ਵਾਲੇ ਪਾਣੀ ਨੂੰ ਪਾਈਪ ਵਿੱਚ ਜੰਮੇ ਹੋਏ ਲੂਣਾਂ ਨਾਲ ਘੱਟੋ-ਘੱਟ 4 ਤੋਂ 6 ਘੰਟੇ ਲਈ ਕਿਰਿਆ ਕਰਨ ਦਿਓ। ਚੰਗੇ ਨਤੀਜੇ ਲੈਣ ਲਈ ਇਸ ਘੋਲ ਨੂੰ 24 ਘੰਟੇ ਤੱਕ ਪਾਈਪਾਂ ਵਿੱਚ ਰੱਖਣ ਨੂੰ ਤਰਜੀਹ ਦਿਓ। ਇਸ ਤੋਂ ਉਪਰੰਤ ਲੇਟਰਲ ਦੇ ਸਿਰੇ ਖੋਲ ਦਿਓ ਅਤੇ ਸਬਮੇਨ ਵਾਲਵ ਵੀ ਫ਼ਲੱਸ਼ ਕਰੋ। ਹੁਣ ਤੁਪਕਾ ਸਿੰਚਾਈ ਵਾਲੇ ਪੰਪ ਨੂੰ ਚਲਾ ਕੇ ਪਾਣੀ ਨੂੰ ਵਗਣ ਦਿਓ। ਹੁਣ ਨਿਰਧਾਰਿਤ ਕੀਤੇ ਜਾਂ ਨਿਸ਼ਾਨਦੇਹੀ ਵਾਲੇ ਡਰਿੱਪਰ ਵਿੱਚੋਂ ਰਿਸਣ ਵਾਲੇ ਪਾਣੀ ਦੀ ਮਿਣਤੀ ਕਰੋ। ਮੇਨ, ਸਬਮੇਨ ਅਤੇ ਲੇਟਰਲ ਪਾਈਪਾਂ ਨੂੰ ਸਾਫ਼ ਪਾਣੀ ਨਾਲ ਫਲੱਸ਼/ਸਾਫ਼ ਕਰੋ। ਜੇਕਰ ਅਜਿਹਾ ਕਰਨ ਨਾਲ ਡਰਿੱਪਰ ਚੋਂ ਹੋਣ ਵਾਲੇ ਪਾਣੀ ਦੇ ਰਿਸਾਅ ਵਿੱਚ ਫਰਕ ਨਹੀਂ ਆ ਰਿਹਾ ਤਾਂ ਫਿਰ ਤੋਂ ਦੁਹਰਾਓ।

(2) ਤੇਜ਼ਾਬ ਰਾਹੀਂ ਸੋਧ ਕਰਨ ਦਾ ਕੰਮ ਖਤਮ ਹੋਣ ਤੇ ਸਾਰੇ ਸੰਦ ਅਤੇ ਬਰਤਨਾਂ ਨੂੰ ਸਾਫ਼ ਪਾਣੀ ਨਾਲ ਧੋ ਲਵੋ, ਇਸ ਤੋਂ ਉਪਰੰਤ ਸਾਫ਼ ਕਪੜੇ ਨਾਲ ਤੇਜ਼ਾਬ ਦੇ ਬਚੇ ਖੁਚੇ ਹਿੱਸੇ ਨੂੰ ਉਤਾਰ ਦਿਓ।

(3) ਸੋਧ ਕਰਨ ਤੋਂ ਬਾਅਦ ਪਹਿਲਾ ਪਾਣੀ ਦਿੰਦੇ ਸਮੇਂ, ਤੁਪਕਾ ਸਿੰਚਾਈ ਪ੍ਰਣਾਲੀ ਨੂੰ ਆਮ ਪਾਣੀ ਦੇਣ ਦੇ ਸਮੇਂ ਤੋਂ ਅੱਧਾ ਘੰਟਾ ਵੱਧ ਸਮੇਂ ਤੱਕ ਚਲਾਓ ਤਾਂ ਜੋ ਫਾਲਤੂ ਤੇਜ਼ਾਬ ਦੀ ਮਾਤਰਾ ਫ਼ਸਲ ਦੀਆਂ ਜੜ੍ਹਾਂ ਦੇ ਘੇਰੇ ਤੋਂ ਦੂਰ ਹੋ ਜਾਵੇ।

ਜੇਕਰ ਪਾਣੀ ਵਿੱਚ ਲੋਹਾ ਜਾਂ ਮੈਂਗਨੀਜ਼ ਜ਼ਿਆਦਾ ਮਾਤਰਾ ਵਿੱਚ ਹੋਣ ਤਾਂ, ਪਾਣੀ ਦੇ ਹਵਾ ਦੇ ਸੰਪਰਕ ਵਿੱਚ ਆਉਣ ਨਾਲ ਔਕਸੀਡੇਸ਼ਨ ਤੇਜ਼ ਹੋਣ ਕਾਰਨ ਪ੍ਰੈਸੀਪੀਟੈਂਟ ਜਲਦੀ ਬਣਦੇ ਹਨ। ਅਜਿਹੀ ਸਥਿਤੀ ਵਿੱਚ ਸੈਟਲਮੈਂਟ ਟੈਂਕ ਦੀ ਵਰਤੋਂ ਕਰੋ ਤਾਂ ਜੋ ਪਾਣੀ ਸੈਟਲਮੈਂਟ ਟੈਂਕ ਵਿੱਚ ਭਰਨ ਸਮੇਂ ਹਵਾ ਦੇ ਸੰਪਰਕ ਵਿੱਚ ਆਵੇ। ਹੁਣ ਪੰਪ ਲਈ ਲੋੜੀਂਦਾ ਪਾਣੀ ਸੈਟਲਮੈਂਟ ਟੈਂਕ ਤੋਂ ਲਓ। ਕਲੋਰੀਨੇਸ਼ਨ ਵਿਧੀ ਹਵਾ ਦੇ ਨਾਲ ਕਰਨ ਨਾਲ ਔਕਸੀਡੇਸ਼ਨ ਕਿਰਿਆ ਦੀ ਗਤੀ ਵੱਧ ਹੁੰਦੀ ਹੈ। ਇੱਥੇ ਇਹ ਗੱਲ ਨੋਟ ਕਰਨ ਯੋਗ ਹੈ ਕਿ ਮੈਗਨੀਜ਼ ਦੀਆਂ ਅਸ਼ੁੱਧੀਆਂ ਕਲੋਰੀਨ ਨਾਲ ਹੋਲੀ ਕਿਰਿਆ ਕਰਦੀਆਂ ਹਨ ਅਤੇ ਅਜਿਹਾ ਹੋਣ ਨਾਲ ਮੇਨ ਫਿਲਟਰ ਦੇ ਬੰਦ ਹੋਣ ਦਾ ਖਦਸ਼ਾ ਰਹਿੰਦਾ ਹੈ।

ਕਲੋਰੀਨੇਸ਼ਨ ਸੋਧ ਦੀ ਵਿਧੀ: ਕਲੋਰੀਨ ਦੀ ਵਰਤੋਂ ਨਾਲ ਬੈਕਟੀਰੀਆ ਅਤੇ ਕਾਈ ਜਿਹੇ ਛੋਟੇ ਜੀਵਾਂ ਨੂੰ ਮਾਰਿਆ ਜਾਂਦਾ ਹੈ। ਕਲੋਰੀਨ ਪਾਉਣ ਨਾਲ ਲਾਈਨਾਂ ਦਾ ਬੰਦ ਹੋਣਾ ਘੱਟ ਹੋਵੇਗਾ ਅਤੇ ਲੇਟਰਲ ਪਾਈਪਾਂ ਵਿੱਚ ਸਾਫ਼ ਪਾਣੀ ਦਾ ਵਹਾਅ ਹੋਵੇਗਾ। ਇਸ ਸੋਧ ਵਿਧੀ ਦੀ ਵਰਤੋਂ ਵਿੱਚੋਂ -ਵਿੱਚੋਂ ਕਰਦੇ ਰਹਿਣਾ ਚਾਹੀਦਾ ਹੈ ਜਾਂ ਅਜਿਹੇ ਪਾਣੀ ਜਿਨ੍ਹਾ ਵਿੱਚ ਜੈਵਿਕ ਮਾਦੇ ਦੀ ਬਹੁਤਾਤ ਹੁੰਦੀ ਹੈ, ਉੱਥੇ ਇਸ ਦੀ ਵਰਤੋਂ ਪ੍ਰਹੇਜ਼ ਦੇ ਤੌਰ ਤੇ ਕੀਤੀ ਜਾ ਸਕਦੀ ਹੈ।

ਉਦਾਹਰਣ:-

- ਤੁਪਕਾ ਸਿੰਚਾਈ ਸਿਸਟਮ ਤੋਂ ਹੋਣ ਵਾਲੇ ਪਾਣੀ ਦਾ ਰਿਸਾਅ (ਸੋਧਿਤ ਹਿੱਸਾ) = 10 ਘਣ ਮੀਟਰ/ਪ੍ਰਤੀ ਘੰਟਾ (10 ਮੀਟਰ^3/ਘੰਟਾ)
- ਇੰਜੈਕਸ਼ਨ ਵਾਲੀ ਥਾਂ ਤੇ ਕਲੋਰੀਨ ਦੀ ਸੰਘਣਤਾ= 10 ਪੀ.ਪੀ.ਐੱਮ
- ਲੋੜੀਂਦੀ ਕਲੋਰੀਨ ਦੀ ਮਾਤਰਾ = 1.0 ਲੀਟਰ
- ਇੰਜੈਕਟਰ ਦਾ ਵੱਧ ਤੋਂ ਵੱਧ ਡਿਸਚਾਰਜ = 80 ਲਿਟਰ/ਘੰਟਾ
- ਘੋਲ ਤਿਆਰ ਕਰਨ ਲਈ 1 ਲਿਟਰ ਸੋਡੀਅਮ ਹਾਈਪ੍ਰੋਕਲੋਰਾਈਟ ਨੂੰ 79 ਲਿਟਰ ਪਾਣੀ ਵਿੱਚ ਘੋਲ ਕੇ ਘੋਲ ਤਿਆਰ ਕਰੋ।
- 10 ਪੀ.ਪੀ.ਐਮ ਕਲੋਰੀਨ ਵਾਲਾ ਇਹ ਘੋਲ ਹੁਣ ਇੱਕ ਘੰਟੇ ਵਿੱਚ ਤੁਪਕਾ ਸਿੰਚਾਈ ਸਿਸਟਮ 'ਚ ਪ੍ਰਵਾਹਿਤ ਕੀਤਾ ਜਾ ਸਕਦਾ ਹੈ।

ਜੁਗਰਾਜ ਸਿੰਘ:98155-47607

ਦਾਲਾਂ ਨੂੰ ਭੰਡਾਰਨ ਸਮੇਂ ਕੀੜਿਆਂ ਤੋਂ ਬਚਾਉਣ ਦਾ ਕਾਰਗਰ ਢੰਗ: ਪੀ.ਏ.ਯੂ ਪ੍ਰੋਟੈਕਸ਼ਨ ਕਿੱਟ

ਮਨਪ੍ਰੀਤ ਕੌਰ ਸੈਣੀ, ਐਮ ਐਸ ਆਲਮ ਅਤੇ ਅੰਜਲੀ ਸਿੱਧੂ
ਪ੍ਰੋਸੈਸਿੰਗ ਅਤੇ ਫੂਡ ਇੰਜੀਰਿੰਗ ਵਿਭਾਗ

ਸਟੋਰ ਕੀਤੀਆਂ ਦਾਲਾਂ ਨੂੰ ਬਹੁਤ ਸਾਰੇ ਕਾਰਨ ਪ੍ਰਭਾਵਿਤ ਕਰਦੇ ਹਨ ਜਿਵੇਂ ਸਹੀ ਤਾਪਮਾਨ ਨਾ ਹੋਣਾ, ਸਿੱਲ੍ਹ ਜਿਆਦਾ ਹੋਵੇ, ਕੀੜੇ-ਮਕੌੜੇ, ਉੱਲੀ, ਚੂਹੇ, ਪੰਛੀ, ਸੂਖਮ ਜੀਵ, ਸਟੋਰ ਕਰਨ ਦਾ ਢੰਗ, ਸਮਾਂ ਅਤੇ ਸਟੋਰਾਂ ਦੀ ਸਹੀ ਬਨਾਵਟ ਦਾ ਨਾ ਹੋਣਾ ਆਦਿ। ਜਿਹਨਾਂ ਵਿੱਚੋਂ ਕੀੜਿਆਂ ਦੁਆਰਾ ਦਾਲਾਂ ਦਾ ਭਾਰੀ ਨੁਕਸਾਨ ਹੁੰਦਾ ਹੈ।ਸਟੋਰ ਕੀਤੀਆ ਦਾਲਾਂ ਨੂੰ ਮੁੱਖ ਤੌਰ ਤੇ ਕੀੜੇ ਜਿਵੇਂ ਕਿ ਢੋਰਾ ਅਤੇ ਦਾਣਿਆਂ ਦਾ ਘੁਣ ਵਧੇਰੇ ਨੁਕਸਾਨ ਕਰਦੇ ਹਨ।ਇਹ ਕੀੜੇ ਦਾਲਾਂ ਦੀ ਸਟੋਰੇਜ ਸਮੇਂ ਉਸਦੀ ਮਿਕਦਾਰ ਅਤੇ ਗੁਣਵੱਤਾ ਨੂੰ ਸਿੱਧਾ ਨੁਕਸਾਨ ਪਹੁੰਚਾਉਂਦੇ ਹਨ। ਦਾਲਾਂ ਨੂੰ ਕੀੜਿਆਂ ਵੱਲੋਂ ਜ਼ਿਆਦਾ ਨੁਕਸਾਨ ਮਈ ਤੋਂ ਅਕਤੂਬਰ ਮਹੀਨੇ ਵਿੱਚ ਹੁੰਦਾ ਹੈ, ਕਿਉਂਕਿ ਇਹਨਾਂ ਮਹੀਨਿਆਂ ਦਾ ਤਾਪਮਾਨ ਕੀੜਿਆਂ ਦੇ ਵਧਣ ਫੁੱਲਣ ਲਈ ਢੁਕਵਾਂ ਹੁੰਦਾ ਹੈ।

ਉਪਰੋਕਤ ਕਾਰਨਾਂ ਕਰਕੇ ਸਟੋਰ ਕੀਤੀਆਂ ਦਾਲਾਂ ਨੂੰ ਬਚਾਉਣ ਲਈ ਕੀਟਨਾਸ਼ਕਾਂ ਦੀ ਧੂਣੀ ਦੇਣੀ ਪੈਂਦੀ ਹੈ, ਜੋ ਕਿ ਕਈ ਵਾਰ ਕੀੜਿਆਂ ਵਿੱਚ ਉਸ ਦੇ ਪ੍ਰਤੀ ਸਹਿਣ ਸ਼ਕਤੀ ਪੈਦਾ ਕਰ ਦਿੰਦੀ ਹੈ ਅਤੇ ਇਸ ਦੇ ਨਾਲ ਨਾਲ ਕੀਟਨਾਸ਼ਕਾਂ ਦੀ ਵਰਤੋ ਪੌਣ ਪਾਣੀ ਅਤੇ ਵਾਤਾਵਰਣ ਨੂੰ ਵੀ ਪ੍ਰਦੂਸ਼ਿਤ ਕਰਦੀ ਹੈ। ਇਹਨਾਂ ਮੁਸ਼ਕਲਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਦੇ ਵਿਗਿਆਨੀਆਂ ਵੱਲੋਂ ਪੈਕਟਾਂ ਵਿੱਚ ਜਾਂ ਘਰੇਲੂ ਡੱਬਿਆਂ ਵਿੱਚ ਪਈਆਂ ਦਾਲਾਂ ਨੂੰ ਕੀੜਿਆਂ ਤੋਂ ਬਚਾਉਣ ਲਈ ਇੱਕ ਨਵੀਂ ਵਾਤਾਵਰਣ ਸਹਾਇਕ ਤਕਨੀਕ ਇਜਾਦ ਕੀਤੀ ਗਈ ਹੈ, ਜਿਸ ਨੂੰ ਪੀ. ਏ. ਯੂ. ਪ੍ਰੋਟੇਕਸ਼ਨ ਕਿੱਟ ਫਾਰ ਸਟੋਰਡ ਪਲਸਿਸ ਦਾ ਨਾਮ ਦਿੱਤਾ ਗਿਆ ਹੈ। ਇਸ ਕਿੱਟ ਵਿੱਚ ਦਿੱਤਾ ਗਿਆ ਜੈਵਿਕ ਹੱਲ ਬਹੁਤ ਹੀ ਅਸਾਨੀ ਨਾਲ ਕੀੜਿਆਂ ਨੂੰ ਮਾਰਨ ਦੀ ਸਮਰੱਥਾ ਰਖਦਾ ਹੈ।

ਕਿੱਟ ਵਿੱਚ ਦਿੱਤੇ ਆਰਗੈਨਿਕ ਸਲੂਸ਼ਨ ਦੀ ਸਿਫਾਰਸ਼ ਸ਼ੁਦਾ ਮਾਤਰਾ

ਸਟੋਰੇਜ ਯੂਨਿਟ ਦੀ ਸਮਰੱਥਾ	ਆਰਗੈਨਿਕ ਸਲੂਸ਼ਨ ਦੀ ਮਾਤਰਾ
ਅੱਧਾ ਕਿੱਲੋ	3 ਤੁਪਕੇ
ਇੱਕ ਕਿੱਲੋ	6 ਤੁਪਕੇ

ਕਾਲੇ ਛੋਲਿਆਂ ਦੀ ਕਆਲਿਟੀ :ਇਸ ਕਿੱਟ ਵਿੱਚ ਦਿੱਤੇ ਆਰਗੈਨਿਕ ਸਲੂਸ਼ਨ ਦੀ ਸਿਫਾਰਿਸ਼ ਸ਼ੁਦਾ ਮਾਤਰਾ ਅਤੇ ਉਸ ਦੀ ਤੁਲਨਾ ਬਿਨਾਂ ਸਲੂਸ਼ਨ ਦੀ ਵਰਤੋਂ ਤੋਂ ਬਾਅਦ ਕਾਲੇ ਛੋਲਿਆਂ ਦੀ ਪੈਕਟਾਂ ਵਿੱਚ 6 ਮਹੀਨੇ ਦੀ ਪੈਕਿੰਗ ਤੋਂ ਬਾਅਦ ਦੇ ਹਾਲਾਤ (ਚਿੱਤਰ 2)

ਫਾਇਦੇ

- ਵਰਤੋਂ ਵਿੱਚ ਬਹੁਤ ਹੀ ਅਸਾਨ
- ਘੱਟ ਲਾਗਤ ਵਾਲੀ
- ਵਾਤਾਵਰਣ ਅਤੇ ਮਨੁੱਖ ਲਈ ਸੁਰੱਖਿਅਤ
- ਰਸਾਇਣ ਮੁਕਤ
- ਦਾਲਾਂ ਦੀ ਗੁਣਵੱਤਾ ਨੂੰ ਬਰਕਰਾਰ ਰੱਖਦੇ ਹੋਏ

ਸਾਵਧਾਨੀਆਂ

- 6-12 ਮਹੀਨੇ ਦੀ ਸਟੋਰੇਜ ਵੇਲੇ ਦਾਲਾਂ ਵਿੱਚ ਨਮੀ ਦੀ ਮਾਤਰਾ 10% ਹੋਣੀ ਚਾਹੀਦੀ ਹੈ
- ਪੈਕਟਾਂ ਵਿੱਚ ਕਿਸੇ ਵੀ ਤਰੀਕੇ ਸੁਰਾਖ ਨਹੀਂ ਕਰਨਾ ਤਾਂ ਕਿ ਉਹਨਾਂ ਨੂੰ ਹਵਾ ਬੰਦ ਰੱਖਿਆ ਜਾ ਸਕੇ
- ਸਟੋਰੇਜ ਯੂਨਿਟ ਦੀ ਸਮਰੱਥਾ ਦੇ ਹਿਸਾਬ ਨਾਲ, ਸਲੂਸ਼ਨ ਦੀ ਮਾਤਰਾ ਵਧਾਈ ਕਟਾਈ ਜਾ ਸਕਦੀ ਹੈ
- ਜਦੋਂ ਵੀ ਲੋੜ ਪਵੇ ਇਸ ਦੀ ਵਰਤੋਂ ਦੁਬਾਰਾ ਕਰੋ

ਪੀ. ਏ. ਯੂ. ਪ੍ਰੋਟੈਕਸ਼ਨ ਕਿੱਟ ਫਾਰ ਸਟੋਰਡ ਪਲਸਿਸ ਕਿੱਥੋਂ ਮਿਲਦੀ ਹੈ

ਇਹ ਕਿੱਟ ਕਮਰਾ ਨੰ. 11 ਪ੍ਰੋਸੈਸਿੰਗ ਅਤੇ ਫੂਡ ਇੰਜੀਰਿੰਗ ਵਿਭਾਗ, ਪੀ.ਏ.ਯੂ., ਲੁਧਿਆਣਾ ਵਿੱਚ ਉਪਲੱਬਧ ਹੈ। ਕਿੱਟ ਦਾ ਮੁੱਲ 100/200 ਰੁਪਏ ਹੈ, ਜਿਸ ਨਾਲ ਅੱਧਾ ਕਿੱਲੋ ਦਾਲ ਦੇ 20/40 ਯੂਨਿਟ ਨੂੰ ਕੀੜਿਆਂ ਤੋਂ ਬਚਾਇਆ ਜਾ ਸਕਦਾ ਹੈ।

ਚਿੱਤਰ ਨੰ: 1 ਪੀ. ਏ. ਯੂ. ਪ੍ਰੋਟੈਕਸ਼ਨ ਕਿੱਟ ਦੀ ਵਰਤੋਂ ਦਾ ਤਰੀਕਾ ਪੈਕਟਾਂ ਅਤੇ ਘਰੇਲੂ ਡੱਬਿਆਂ ਵਿੱਚ

ਕੰਟਰੋਲ-ਬਿਨਾਂ ਆਰਗੈਨਿਕ ਸਲੂਸ਼ਨ ਦੀ ਵਰਤੋਂ ਤੋਂ (ਕੀੜੇ ਲੱਗਣ ਕਰਕੇ ਪਾਉਡਰ ਵਿੱਚ ਤਬਦੀਲ ਕਾਲੇ ਚਣੇ)

ਆਰਗੈਨਿਕ ਸਲੂਸ਼ਨ ਦੀ ਸਿਫਾਰਸ਼ ਸ਼ੁਦਾ ਮਾਤਰਾ ਤੇ (ਨਾ ਪਾਉਡਰ ਤੇ ਨਾ ਹੀ ਦਾਣਿਆਂ ਦਾ ਕੋਈ ਹੋਰ ਨੁਕਸਾਨ)

ਚਿੱਤਰ 2: ਪੈਕਟ ਵਿੱਚ ਪਏ ਦਾਣਿਆਂ ਦੀ ਕੁਆਲਿਟੀ 6 ਮਹੀਨੇ ਦੀ ਸਟੋਰੇਜ਼ ਤੋਂ ਬਾਅਦ

ਮਨਪ੍ਰੀਤ ਕੌਰ ਸੈਣੀ: 94631-50838

ਫੁੱਲਾਂ ਦੇ ਲਾਹੇਵੰਦ ਮੰਡੀਕਰਨ ਲਈ ਕੁਝ ਸੁਝਾਅ

ਹਰਸਿਮਰਨਜੀਤ ਕੌਰ ਮਾਵੀ ਅਤੇ ਸੰਗੀਤ ਰੰਗੂਵਾਲ

ਇਕਨੋਮਿਕਸ ਅਤੇ ਸੋਸ਼ਿਆਲੋਜੀ ਵਿਭਾਗ

ਫੁੱਲਾਂ ਦੇ ਵਪਾਰ ਲਈ ਬਿਜਾਈ ਤੋਂ ਲੈ ਕੇ ਮੰਡੀਕਰਨ ਤੱਕ ਵੱਖ-ਵੱਖ ਪੜਾਵਾਂ ਵਿੱਚ ਹੁਨਰਮੰਦਾਂ ਦੀ ਲੋੜ ਹੁੰਦੀ ਹੈ। ਫੁੱਲਾਂ ਦੀ ਕਾਸ਼ਤ ਕਰਨ ਵਾਲੇ ਕਿਸਾਨਾਂ ਨੂੰ ਇਸਦੇ ਉਤਪਾਦਾਂ ਦੇ ਮੰਡੀਕਰਨ ਵਿੱਚ ਅਹਿਮ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਇਹ ਚੁਣੌਤੀਆਂ ਮੰਡੀਕਰਨ ਦੇ ਵੱਖ-ਵੱਖ ਪੜਾਵਾਂ 'ਤੇ ਹੁੰਦੀਆਂ ਹਨ, ਜਿਸ ਵਿੱਚ ਉਤਪਾਦਾਂ ਦਾ ਇਕ ਥਾਂ ਤੇ ਇੱਕਠਾ ਕਰਨਾ, ਗਰੇਡਿੰਗ, ਪੈਕੇਜਿੰਗ ਅਤੇ ਆਵਾਜਾਈ ਸ਼ਾਮਲ ਹਨ। ਇਸ ਤੋਂ ਇਲਾਵਾ, ਉਤਪਾਦਕਾਂ ਤੋਂ ਲੈ ਕੇ ਖਪਤਕਾਰਾਂ ਤੱਕ ਵੱਖ- ਵੱਖ ਮੰਡੀਕਰਨ ਚੈਨਲ ਹਨ, ਜਿਸ ਦੀ ਮਦਦ ਨਾਲ ਫੁੱਲਾਂ ਨੂੰ ਖਪਤਕਾਰ ਤੱਕ ਪਹੁੰਚਣਾ ਯਕੀਨੀ ਬਣਾਇਆ ਜਾਂਦਾ ਹੈ। ਫੁੱਲਾਂ ਦੇ ਮੰਡੀਕਰਨ ਵਿੱਚ ਮੁੱਖ ਕਦਮ ਉਤਪਾਦ ਦੀ ਗੁਣਵੱਤਾ ਦੇ ਮਿਆਰਾਂ ਨੂੰ ਯਕੀਨੀ ਬਣਾਉਣਾ ਹੈ।ਕਿਸਾਨਾਂ ਨੂੰ ਆਪਣੀ ਉਪਜ ਦਾ ਵਧੀਆ ਮੁੱਲ ਪ੍ਰਾਪਤ ਕਰਨ ਲਈ ਹੇਠ ਲਿਖੇ ਨੁਕਤਿਆਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ:

ਫ਼ਸਲ ਦੀ ਚੋਣ: ਕਿਸਾਨਾਂ ਨੂੰ ਆਪਣੇ ਇਲਾਕੇ ਅਤੇ ਨਾਲ ਲੱਗਦੀਆਂ ਮੰਡੀਆਂ ਵਿੱਚ ਕਿਸੇ ਖ਼ਾਸ ਫੁੱਲ ਦੀ ਲੋੜ ਦੇ ਆਧਾਰ 'ਤੇ ਫ਼ਸਲ ਦੀ ਚੋਣ ਕਰਨੀ ਚਾਹੀਦੀ ਹੈ।

ਕਿਸਮਾਂ ਦੀ ਚੋਣ: ਫੁੱਲਾਂ ਵਿੱਚ, ਕਿਸਮਾਂ ਵੱਖ-ਵੱਖ ਉਦੇਸ਼ਾਂ ਲਈ ਹਨ ਜਿਵੇਂ ਕਿ ਤਾਜ਼ਾ ਫੁੱਲਾਂ ਦੀ ਘਰੇਲੂ ਵਰਤੋ, ਸਟੋਰ ਕਰਨਾ, ਵਪਾਰਕ ਵਰਤੋਂ ਜਿਵੇਂ ਕਿ ਵਿਆਹ,ਪਾਰਟੀ ਅਦਿ। ਕੁਝ ਕਿਸਮਾਂ ਨੂੰ ਇੱਕ ਖਾਸ ਖੇਤਰ ਜਾਂ ਸਮੇਂ ਵਿੱਚ ਅਜੀਬ ਰੰਗ, ਜਾਂ ਆਕਾਰ ਦੇ ਕਾਰਨ ਤਰਜੀਹ ਦਿੱਤੀ ਜਾਂਦੀ ਹੈ। ਉਦਾਹਰਨ ਲਈ, ਫਰਵਰੀ ਦੇ ਮਹੀਨੇ ਲਾਲ ਗੁਲਾਬ, ਦੀ ਜ਼ਿਆਦਾ ਮੰਗ ਹੋਣ ਕਰਕੇ ਤਰਜੀਹ ਦਿੱਤੀ ਜਾਂਦੀ ਹੈ ਜਦੋਂ ਕਿ ਦੂਜੇ ਖੇਤਰਾਂ ਵਿੱਚ ਖਪਤਕਾਰਾਂ ਵੱਲੋਂ ਵਾਲਾਂ ਵਿੱਚ ਲਗਾਉਣ ਲਈ ਮੋਗਰੇ ਦੇ ਫੁੱਲਾਂ ਦੀ ਮੰਗ ਹੁੰਦੀ ਹੈ।

ਫੁੱਲਾਂ ਦੀ ਤੁੜਾਈ: ਫੁੱਲਾਂ ਦੀ ਤੁੜਾਈ ਹੁਨਰਮੰਦ ਮਜ਼ਦੂਰਾਂ ਰਾਹੀਂ ਕਰਨੀ ਚਾਹੀਦੀ ਹੈ ਤਾਂ ਜੋ ਤੁੜਾਈ ਸਮੇਂ ਫੁੱਲਾਂ ਨੂੰ ਨੁਕਸਾਨ ਨਾ ਹੋਵੇ ਅਤੇ ਉਹਨਾਂ ਦੀ ਗੁਣਵੱਤਾ ਬਣੀ ਰਹੇ।

ਗਰੇਡਿੰਗ/ਛਟਾਂਈ: ਫੁੱਲਾਂ ਦੀ ਗਰੇਡਿੰਗ ਇੱਕ ਮੁੱਖ ਕੰਮ ਹੈ ਜੋ ਬਾਜ਼ਾਰ ਵਿੱਚ ਬਿਹਤਰ ਕੀਮਤਾਂ ਨੂੰ ਯਕੀਨੀ ਬਣਾਉਂਦਾ ਹੈ।ਫੁੱਲਾਂ ਦੇ ਆਕਾਰ ਅਤੇ ਰੰਗ ਦੇ ਆਧਾਰ 'ਤੇ ਤਰਜੀਹੀ ਮਾਪਦੰਡਾਂ ਅਨੁਸਾਰ ਗਰੇਡਿੰਗ ਕੀਤੀ ਜਾ ਸਕਦੀ ਹੈ। ਬੀਮਾਰੀ ਅਤੇ ਕੀੜਿਆਂ ਵਾਲੇ, ਛੋਟੇ ਅਤੇ ਵੱਡੇ ਆਕਾਰ ਦੇ ਫੁੱਲਾਂ ਦੀ ਛਾਂਟੀ ਵੀ ਮੰਡੀਕਰਨ ਤੋਂ ਪਹਿਲਾਂ ਕੀਤੀ ਜਾਣੀ ਚਾਹੀਦੀ ਹੈ।

ਪੈਕਿੰਗ: ਆਮ ਤੌਰ ਤੇ ਕਿਸਾਨ ਉਤਪਾਦਨ ਦੀ ਲਾਗਤ ਨੂੰ ਘਟਾਉਣ ਲਈ ਪੈਕਿੰਗ ਤੋਂ ਗੁਰੇਜ਼ ਕਰਦੇ ਹਨ।ਆਵਾਜਾਈ ਦੌਰਾਨ ਫੁੱਲਾਂ ਨੂੰ ਟਰੈਕਟਰ ਟਰਾਲੀਆਂ ਵਿੱਚ ਬਿਨਾਂ ਪੈਕਿੰਗ ਕੀਤੇ ਭਰਿਆ ਜਾਂਦਾ ਹੈ।ਜਿਸ ਨਾਲ ਫੁੱਲਾਂ ਦਾ ਫਿਸਣਾ, ਖਰਾਬ ਹੋਣਾ ਅਤੇ ਗੁਣਵੱਤਾ ਵਿੱਚ ਨੁਕਸਾਨ ਆਉਂਦਾ ਹੈ।ਇਸ ਤੋਂ ਬਚਣ ਲਈ ਅਤੇ ਸਹੀ ਮੁੱਲ ਲੈਣ ਲਈ ਸਹੀ ਢੰਗ ਨਾਲ ਪੈਕਿੰਗ ਜ਼ਰੂਰੀ ਹੈ।

ਆਕਰਸ਼ਕ ਪੇਸ਼ਕਾਰੀ: ਵਧਦੀ ਪ੍ਰਤੀਯੋਗੀ ਮਾਰਕੀਟ ਦੇ ਨਾਲ, ਫੁੱਲਾਂ ਦੇ ਉਤਪਾਦਕਾਂ ਨੂੰ ਆਪਣੇ ਉਤਪਾਦਾਂ ਦੀਆਂ ਪੇਸ਼ਕਾਰੀ ਵਿੱਚ ਵਿਭਿੰਨਤਾ ਲਿਆਉਣੀ ਚਾਹੀਦੀ ਹੈ ਅਤੇ ਉਹਨਾਂ ਦੀਆਂ ਪੇਸ਼ਕਾਰੀ ਨੂੰ ਪ੍ਰਤੀਯੋਗੀਆਂ ਤੋਂ ਵੱਖ ਕਰਨਾ ਚਾਹੀਦਾ ਹੈ। ਇਸ ਲਈ ਖਪਤਕਾਰਾਂ ਨੂੰ ਆਕਰਸ਼ਿਤ ਕਰਨ ਲਈ ਫੁੱਲਾਂ ਦੀਆਂ ਨਵੀਆਂ ਕਿਸਮਾਂ, ਵਿਲੱਖਣ ਪ੍ਰਬੰਧਾਂ ਅਤੇ ਵਿਸ਼ੇਸ਼ ਪੈਕੇਜਿੰਗ ਦੇ ਰੂਪ ਵਿੱਚ ਨਵੀਨਤਾ ਦੀ ਲੋੜ ਹੈ।

ਗੁਣਵੱਤਾ ਦੇ ਮਿਆਰਾਂ ਨੂੰ ਕਾਇਮ ਰੱਖਣਾ : ਬਜ਼ਾਰ ਵਿੱਚ ਅੱਗੇ ਰਹਿਣ ਲਈ ਨਵੀਨਤਾ ਵੀ ਜ਼ਰੂਰੀ ਹੈ, ਜਿਵੇਂ ਕਿ ਨਵੀਆਂ ਕਾਸ਼ਤ ਤਕਨੀਕਾਂ, ਟਿਕਾਊ ਅਭਿਆਸਾਂ, ਜਾਂ ਨਵੀਂ ਮਾਰਕੀਟਿੰਗ ਰਣਨੀਤੀਆਂ ਰਾਹੀਂ। ਫੁੱਲਾਂ ਦੇ ਖੇਤੀ ਉਦਯੋਗ ਵਿੱਚ ਸਫਲਤਾ ਲਈ ਲਗਾਤਾਰ ਗੁਣਵੱਤਾ ਦੇ ਮਿਆਰਾਂ ਨੂੰ ਕਾਇਮ ਰੱਖਣਾ ਜ਼ਰੂਰੀ ਹੈ। ਗੁਣਵੱਤਾ ਵਿੱਚ ਉਤਰਾਅ-ਚੜ੍ਹਾਅ ਖਪਤਕਾਰਾਂ ਦੇ ਵਿਸ਼ਵਾਸ ਅਤੇ ਮਾਰਕੀਟ ਹਿੱਸੇਦਾਰੀ ਨੂੰ ਗੁਆ ਸਕਦਾ ਹੈ।

ਫਲੋਰੀਕਲਚਰ ਦੇ ਮੰਡੀਕਰਨ ਵਿੱਚ ਸ਼ਾਮਲ ਮਾਰਕੀਟਿੰਗ ਚੈਨਲ

ਫੁੱਲਾਂ ਨੂੰ ਆਮ ਤੌਰ 'ਤੇ ਥੋਕ ਬਾਜ਼ਾਰਾਂ ਵਿੱਚ ਲਿਆਂਦਾ ਜਾਂਦਾ ਹੈ, ਜਿਨ੍ਹਾਂ ਵਿੱਚ ਅਕਸਰ ਢੁਕਵੇਂ ਬੁਨਿਆਦੀ ਢਾਂਚੇ ਦੀ ਘਾਟ ਹੁੰਦੀ ਹੈ ਅਤੇ ਖੁੱਲ੍ਹੇ ਵਿਹੜੇ ਵਿੱਚ ਕੰਮ ਹੁੰਦਾ ਹੈ। ਉੱਥੋਂ, ਉਹਨਾਂ ਨੂੰ ਸਥਾਨਕ ਪਰਚੂਨ ਦੁਕਾਨਾਂ ਵਿੱਚ ਵੰਡਿਆ ਜਾਂਦਾ ਹੈ, ਜੋ ਆਮ ਤੌਰ 'ਤੇ ਸੜਕ ਦੇ ਕਿਨਾਰੇ ਸਟਾਲ ਹੁੰਦੇ ਹਨ। ਇਹ ਚੈਨਲ ਮੰਡੀਕਰਨ ਲਾਗਤਾਂ (ਟਰਾਂਸਪੋਰਟ, ਕਮਿਸ਼ਨ ਆਦਿ) ਅਤੇ ਵਪਾਰੀਆਂ, ਕਮਿਸ਼ਨ ਏਜੰਟਾਂ, ਥੋਕ ਵਪਾਰੀ ਅਤੇ ਪ੍ਰਚੂਨ ਵਪਾਰੀ ਵਰਗੇ ਵਿਚੋਲਿਆਂ ਨੂੰ ਮਿਲਣ ਵਾਲੇ ਫਾਇਦਿਆਂ ਅਤੇ ਹਿੱਸਿਆਂ ਤੇ ਅਸਰ ਕਰਦੇ ਹਨ। ਖਪਤਕਾਰ ਦੁਆਰਾ ਅਦਾ ਕੀਤੀ ਜਾਣ ਵਾਲੀ ਕੀਮਤ ਅਤੇ ਉਤਪਾਦਕ ਦੁਆਰਾ ਪ੍ਰਾਪਤ ਕੀਤੀ ਗਈ ਹਿੱਸੇਦਾਰੀ ਇਹਨਾਂ ਚੈਨਲਾਂ 'ਤੇ ਨਿਰਭਰ ਕਰਦੀ ਹੈ। ਮਾਹਿਰਾਂ ਵਲੋਂ ਫਲੋਰੀਕਲਚਰ ਉਪਜਾਂ ਲਈ ਵੱਖ-ਵੱਖ ਮਾਰਕੀਟਿੰਗ ਚੈਨਲਾਂ ਦਾ ਅਧਿਐਨ ਕੀਤਾ ਗਿਆ ਸੀ ਅਤੇ ਇਹ ਦੇਖਿਆ ਗਿਆ ਕਿ ਭਾਰਤ ਦੇ ਵੱਖ-ਵੱਖ ਖੇਤਰਾਂ ਵਿੱਚ ਖੁੱਲ੍ਹੀ ਕਾਸ਼ਤ ਵਿੱਚ ਖਪਤਕਾਰਾਂ ਦੇ ਰੁਪਏ ਵਿੱਚ ਉਤਪਾਦਕ ਦਾ ਹਿੱਸਾ 38% ਤੋਂ 70% ਤੱਕ ਹੁੰਦਾ ਹੈ ਜੋ ਕਿ ਬਹੁਤ ਘੱਟ ਹੈ। ਬਾਕੀ ਦਾ ਮੁਨਾਫਾ ਥੋਕ ਅਤੇ ਪਰਚੂਨ ਖੱਟ ਲੈਂਦੇ ਹਨ। ਉਸ ਵਪਾਰੀ ਮਾਰਕੀਟਿੰਗ ਚੈਨਲ ਨੂੰ ਕੁਸ਼ਲ ਕਿਹਾ ਜਾਂਦਾ ਹੈ ਜਦੋਂ ਇਹ ਖਪਤਕਾਰਾਂ ਨੂੰ ਸਸਤੀ ਕੀਮਤ 'ਤੇ ਉਤਪਾਦ ਦੀ ਉਪਲੱਬਧਤਾ ਅਤੇ ਉਤਪਾਦਕ ਨੂੰ ਖਪਤਕਾਰ ਦੇ ਰੁਪਏ ਵਿੱਚ ਸਭ ਤੋਂ ਵੱਧ ਹਿੱਸੇਦਾਰੀ ਯਕੀਨੀ ਹੋਵੇ।

ਸੁੱਚਜੀ ਮੰਡੀਕਰਨ ਦੀ ਰਣਨੀਤੀ:
ਕਿਸਾਨ-ਖਪਤਕਾਰ ਮੁੱਲ ਵਿੱਚ ਜ਼ਿਆਦਾ ਫਰਕ ਮਾੜੀ ਮੰਡੀਕਰਨ ਕੁਸ਼ਲਤਾ ਨੂੰ ਦਰਸਾਉਂਦਾ ਹੈ। ਵੱਖ-ਵੱਖ ਔਨਲਾਈਨ ਪਲੇਟਫਾਰਮਾਂ ਰਾਹੀਂ ਮੌਜੂਦਾ ਮੰਡੀਕਰਨ ਵਿੱਚ ਕਾਫ਼ੀ ਸੁਧਾਰ ਕਰਨ ਦੀ ਸਮਰੱਥਾ ਹੈ। ਇਸ ਲਈ ਭਰੋਸੇਮੰਦ ਬਾਜ਼ਾਰ ਸੂਚਨਾ ਪ੍ਰਣਾਲੀਆਂ ਅਤੇ ਇੰਟਰਨੈੱਟ ਦੀ ਪਹੁੰਚ ਕਿਸਾਨਾਂ ਲਈ ਸਮੇਂ ਦੀ ਲੋੜ ਹੈ। ਮੰਡੀਕਰਨ ਰਣਨੀਤੀ ਅਪਣਾਉਣ ਤੋਂ ਪਹਿਲਾਂ ਹੇਠ ਲਿਖੇ ਪਹਿਲੂਆਂ ਨੂੰ ਧਿਆਨ ਵਿੱਚ ਰੱਖਣਾ ਲਾਹੇਵੰਦ ਹੋ ਸਕਦਾ ਹੈ:

ਆਪਣੇ ਉਤਪਾਦ ਬਾਰੇ ਜਾਣਕਾਰੀ: ਉਤਪਾਦ ਦੀ ਵਿਭਿੰਨਤਾ, ਆਕਾਰ, ਰੰਗ, ਉਤਪਾਦ ਦੇ ਖਾਸ ਗ੍ਰੇਡ, ਗੁਣਵੱਤਾ ਆਦਿ ਦੀ ਮੰਡੀ ਵਿੱਚ ਮੰਗ ਬਾਰੇ ਗਿਆਨ ਉਤਪਾਦਕ ਨੂੰ ਹੋਣਾ ਚਾਹੀਦਾ ਹੈ।ਫੁੱਲਾਂ ਦੀ ਉਪਜ ਦੇ ਸਫਲ ਮੰਡੀਕਰਨ ਲਈ ਸੰਭਾਵੀ ਖਪਤਕਾਰਾਂ ਦੀਆਂ ਵਿਹਾਰਕ ਵਿਸ਼ੇਸ਼ਤਾਵਾਂ ਦੀ ਸਮਝ ਹੋਣਾ ਵੀ ਬਹੁਤ ਜ਼ਰੂਰੀ ਹੈ।

ਖਾਸ ਮੰਡੀ ਦੀ ਪਛਾਣ: ਇਹ ਜ਼ਿਆਦਾ ਮੁਨਾਫਾ ਕਮਾਉਣ ਲਈ ਲਾਹੇਵੰਦ ਹੋ ਸਕਦਾ ਹੈ, ਖਾਸ ਤੌਰ 'ਤੇ ਨਵੀਆਂ ਕਿਸਮਾਂ ਅਤੇ ਆਫ-ਸੀਜ਼ਨ ਕਿਸਮਾਂ ਲਈ।
ਉਤਪਾਦਕ ਨੂੰ ਉਤਪਾਦਾਂ ਲਈ ਸਹੀ ਮੰਡੀ ਬਾਰੇ ਅਤੇ ਸਹੀ ਸਮੇਂ ਬਾਰੇ ਜਾਣਕਾਰੀ ਹੋਣੀ ਚਾਹੀਦੀ ਹੈ। ਬਹੁਤ ਹੀ ਖਾਸ ਉਤਪਾਦ ਦੇ ਮਾਮਲੇ ਵਿੱਚ ਮੰਡੀ ਵਿੱਚ ਪ੍ਰਤੀਯੋਗੀਆਂ ਦੀ ਗਿਣਤੀ ਬਾਰੇ ਜਾਣਕਾਰੀ।ਕਿਸੇ ਖਾਸ ਵਸਤੂ ਲਈ ਬਾਜ਼ਾਰ ਵਿੱਚ ਕੀਮਤ ਵਿੱਚ ਉਤਾਰ ਚੜਾਅ। ਖਪਤਕਾਰਾਂ ਦੀ ਭੂਗੋਲਿਕ ਹਾਲਾਤ ਨੂੰ ਵੀ ਧਿਆਨ ਵਿੱਚ ਰੱਖਿਆ ਜਾਣਾ ਚਾਹੀਦਾ ਹੈ ਕਿਉਂ ਕਿ ਇਹ ਬਾਜ਼ਾਰ ਵਿੱਚ ਆਵਾਜਾਈ ਦੀ ਲਾਗਤ ਨੂੰ ਨਿਰਧਾਰਤ ਕਰਦਾ ਹੈ।

ਸੰਭਾਵੀ ਖਪਤਕਾਰਾਂ ਦੀਆਂ ਵਿਹਾਰਕ ਵਿਸ਼ੇਸ਼ਤਾਵਾਂ: ਮਾਰਕੀਟਿੰਗ ਰਣਨੀਤੀਆਂ ਨੂੰ ਨਿਰਧਾਰਤ ਕਰਨ ਲਈ ਉਪਭੋਗਤਾਵਾਂ ਦੀਆਂ ਲੋੜਾਂ, ਸ਼ਖਸੀਅਤਾਂ, ਆਮਦਨੀ, ਸਮਾਜਿਕ-ਆਰਿਥਕ ਸਥਿਤੀ ਵਰਗੀਆਂ ਵਿਹਾਰਕ ਵਿਸ਼ੇਸ਼ਤਾਵਾਂ ਦਾ ਅਧਿਐਨ ਕਰਨਾ ਵੀ ਬਹੁਤ ਜ਼ਰੂਰੀ ਹੈ। ਇਸ ਸਭ ਨੂੰ ਧਿਆਨ ਵਿੱਚ ਰੱਖਦੇ ਹੋਏ, ਉਤਪਾਦਕਾਂ ਅਤੇ ਵਿਚੋਲਿਆਂ ਵਲੋਂ ਵੀ ਬਹੁਤ ਸਾਰੇ ਨਵੀਆਂ ਮਾਰਕੀਟਿੰਗ ਚੈਨਲਾਂ ਦੀ ਖੋਜ ਕੀਤੀ ਜਾ ਸਕਦੀ ਹੈ। ਔਨਲਾਈਨ ਅਤੇ ਔਫਲਾਈਨ ਨਵੇਂ ਚੈਨਲਾਂ ਦਾ ਹੇਠਾਂ ਜ਼ਿਕਰ ਕੀਤਾ ਗਿਆ ਹੈ:

ਐਗਮਾਰਕਨੇਟ : ਇਹ ਭਾਰਤ ਸਰਕਾਰ ਦਾ ਇੱਕ ਪੈਨ-ਇੰਡੀਆ ਪੋਰਟਲ ਹੈ ਜੋ ਜ਼ਿਲ੍ਹਿਆਂ ਦੀਆਂ ਮੰਡੀਆਂ ਅਤੇ ਰਾਜਾਂ ਦੀਆਂ ਹੋਰ ਮੰਡੀਆਂ ਵਿੱਚ ਵਸਤੂਆਂ ਦੀ ਆਮਦ ਅਤੇ ਕੀਮਤਾਂ ਦੇ ਰੁਝਾਨਾਂ ਨਾਲ ਸਬੰਧਤ ਜਾਣਕਾਰੀ ਪ੍ਰਦਾਨ ਕਰਦਾ ਹੈ। ਅਜਿਹੀ ਜਾਣਕਾਰੀ ਕਿਸਾਨਾਂ ਨੂੰ ਸਾਰੇ ਭਾਰਤ ਪੱਧਰ 'ਤੇ ਫੁੱਲਾਂ ਦੇ ਮੰਡੀਕਰਨ ਦੇ ਸਬੰਧ ਵਿੱਚ ਬਿਹਤਰ ਫੈਸਲੇ ਲੈਣ ਦੇ ਯੋਗ ਬਣਾਉਂਦੀ ਹੈ।ਕਿਸਾਨ ਪੋਰਟਲ www.agmarknet.gov.in ਰਾਹੀਂ ਵੱਖ-ਵੱਖ ਮੰਡੀਆਂ ਬਾਰੇ ਜਾਣਕਾਰੀ ਲੈ ਸਕਦੇ ਹਨ।

ਰਜਿਸਟ੍ਰੇਸ਼ਨ ਹੇਠਾਂ ਦਿੱਤੇ ਕਿਸੇ ਵੀ ਤਰੀਕਿਆਂ ਨਾਲ ਕੀਤੀ ਜਾ ਸਕਦੀ ਹੈ:

1. ਈ-ਨਾਮ ਪੋਰਟਲ ਰਾਹੀਂ: http:// www.agmarknet.govi.n
2. ਮੋਬਾਈਲ ਐਪਲੀਕੇਸ਼ਨ ਰਾਹੀਂ
3. ਮੰਡੀ ਰਜਿਸਟ੍ਰੇਸ਼ਨ ਰਾਹੀਂ (ਗੇਟ ਐਂਟਰੀ 'ਤੇ)

ਜਾਣਕਾਰੀ ਅਤੇ ਸੰਚਾਰ ਸਾਧਨ (ਆਈਸੀਟੀ) ਦੀ ਵਰਤੋਂ: ਆਧੁਨਿਕ ਸੂਚਨਾ ਅਤੇ ਸੰਚਾਰ ਸਾਧਨ ਤੋਂ ਮਤਲਬ ਸੰਚਾਰ ਯੰਤਰ ਜਾਂ ਐਪਲੀਕੇਸ਼ਨ (ਟੈਲੀਵਿਜ਼ਨ, ਰੇਡੀਓ,ਇੰਟਰਨੈੱਟ, ਮੋਬਾਈਲ ਆਦਿ) ਹੈ ਜੋ ਕਿਸਾਨਾਂ ਨੂੰ ਫੁੱਲਾਂ ਦੇ ਉਤਪਾਦਨ ਅਤੇ ਮੰਡੀਕਰਨ ਵਿੱਚ ਮਦਦ ਕਰ ਸਕਦੇ ਹਨ।ਕਿਸਾਨ ਵਟਸਐਪ ਅਤੇ ਫੇਸਬੁੱਕ 'ਤੇ ਗਰੁੱਪ ਬਣਾ ਸਕਦੇ ਹਨ। ਅਜਿਹੇ ਸਮੂਹ ਸ਼ਹਿਰਾਂ ਦੇ ਉਨ੍ਹਾਂ ਖਪਤਕਾਰਾਂ ਲਈ ਲਾਹੇਵੰਦ ਹਨ ਜਿਨ੍ਹਾਂ ਕੋਲ ਸਮੇਂ ਦੀ ਘਾਟ ਹੈ ਪਰ ਉਹ ਤਾਜ਼ੇ ਫੁੱਲਾਂ ਲਈ ਭੁਗਤਾਨ ਕਰਨ ਲਈ ਤਿਆਰ ਹਨ।

ਕਿਸਾਨ ਮੰਡੀ (ਅਪਣੀ ਮੰਡੀ): ਸੂਬੇ ਦੇ ਵੱਡੇ ਕਸਬਿਆਂ ਅਤੇ ਸ਼ਹਿਰਾਂ ਵਿੱਚ ਹਫ਼ਤੇ ਵਿੱਚ ਇੱਕ ਜਾਂ ਦੋ ਵਾਰ ਕਿਸਾਨ ਮੰਡੀਆਂ ਵੀ ਚੱਲਦੀਆਂ ਹਨ। ਇਹ ਉਤਪਾਦਕਾਂ ਅਤੇ ਖਪਤਕਾਰਾਂ ਨੂੰ ਸਿੱਧਾ ਸੰਪਰਕ ਬਣਾਉਣ ਵਿੱਚ ਮਦਦ ਕਰਦਾ ਹੈ ਜੋ ਉਤਪਾਦਕਾਂ ਅਤੇ ਖਪਤਕਾਰਾਂ ਦੋਵਾਂ ਦੇ ਹੱਕ ਵਿੱਚ ਕੰਮ ਕਰਦਾ ਹੈ ਕਿਉਂਕਿ ਇਹਨਾਂ ਮੰਡੀਆਂ ਵਿੱਚ ਕੋਈ ਵਿਚੋਲੇ ਨਹੀਂ ਹਨ। ਉਤਪਾਦਕਾਂ ਨੂੰ ਲਾਹੇਵੰਦ ਕੀਮਤਾਂ ਮਿਲਦੀਆਂ ਹਨ ਜਦੋਂ ਕਿ ਖਪਤਕਾਰ ਨੂੰ ਮੁਕਾਬਲਤਨ ਘੱਟ ਕੀਮਤ ਤੇ ਤਾਜ਼ਾ ਉਤਪਾਦ ਪ੍ਰਾਪਤ ਹੁੰਦਾ ਹੈ। ਅਜਿਹੇ ਬਾਜ਼ਾਰਾਂ ਦਾ ਸ਼ਹਿਰਾਂ ਵਿੱਚ ਹੋਰ ਵਿਸਥਾਰ ਅਤੇ ਵਿਕਾਸ ਲਈ ਬਿਹਤਰ ਪ੍ਰਚਾਰ ਕੀਤਾ ਜਾਣਾ ਚਾਹੀਦਾ ਹੈ।

ਕਿਸਾਨ ਉਤਪਾਦਨ ਸੰਗਠਨ : ਕਿਸਾਨ ਉਤਪਾਦਨ ਸੰਗਠਨ ਦਾ ਗਠਨ ਕਿਸਾਨਾਂ ਨੂੰ ਮਿਆਰੀ ਇਨਪੁਟਸ, ਕੁਸ਼ਲ ਤਕਨਾਲੋਜੀ, ਕਰਜ਼ਾ ਅਤੇ ਮਾਰਕੀਟ ਸਹੂਲਤਾਂ, ਸੌਦੇਬਾਜ਼ੀ ਦੀਆਂ ਸ਼ਕਤੀਆਂ ਅਤੇ ਮੁੱਲ ਲੜੀ ਵਿੱਚ ਭਾਗੀਦਾਰੀ ਤੱਕ ਪਹੁੰਚ ਪ੍ਰਦਾਨ ਕਰਦਾ ਹੈ। ਪੰਜਾਬ ਵਿੱਚ ਵੱਖ-ਵੱਖ ਏਜੰਸੀਆਂ ਦੁਆਰਾ 122 ਕਿਸਾਨ ਉਤਪਾਦਨ ਸੰਗਠਨ ਰਜਿਸਟਰਡ ਹਨ ਜਿਨ੍ਹਾਂ ਵਿੱਚ 7 ਛੋਟੇ ਕਿਸਾਨ ਖੇਤੀ-ਵਪਾਰ ਸੰਘ ਦੁਆਰਾ, 93 ਨਾਬਾਰਡ ਦੁਆਰਾ, ਅਤੇ 22 ਕੇਂਦਰੀ ਸੈਕਟਰ ਸਕੀਮ ਦੁਆਰਾ ਰਜਿਸਟਰਡ ਕੀਤੇ ਗਏ ਹਨ।

ਕੰਟਰੈਕਟ ਫਾਰਮਿੰਗ: ਦੇਸ਼ ਦੇ ਹੋਰ ਹਿੱਸਿਆਂ ਵਿੱਚ ਕਿਸਾਨਾਂ ਦੇ ਭਲੇ ਲਈ ਬਹੁਤ ਸਾਰੇ ਆਵਾਜਾਈ ਅਤੇ ਮੰਡੀਕਰਨ ਦੀਆਂ ਸਹੂਲਤਾਂ ਮੌਜੂਦ ਹਨ।ਬਿਹਾਰ ਵਿੱਚ ਲੂਪ ਵਾਹਨ ਸ਼ੇਅਰਿੰਗ ਪ੍ਰਣਾਲੀ ਵਰਤੋਂ ਵਿੱਚ ਹੈ। ਇਸ ਰਾਹੀਂ ਛੋਟੇ ਕਿਸਾਨ ਇਕੱਠੇ ਹੁੰਦੇ ਹਨ ਅਤੇ ਆਪਣੀ ਉਪਜ ਨੂੰ ਸੰਭਾਵੀ ਮੰਡੀਆਂ ਵਿੱਚ ਭੇਜਣ ਲਈ ਵਾਹਨ ਨੂੰ ਸਾਂਝਾ ਕਰਦੇ ਹਨ। ਇਸਦੇ ਲਈ, ਲੂਪ ਮੋਬਾਈਲ ਐਪ ਲਾਂਚ ਕੀਤੀ ਗਈ ਹੈ ਜੋ ਕਿਸਾਨਾਂ ਨੂੰ ਵਾਹਨ ਦੀ ਉਪਲਬਧਤਾ, ਬੁਕਿੰਗ ਅਤੇ ਆਵਾਜਾਈ ਬਾਰੇ ਜਾਣਨ ਵਿੱਚ ਮਦਦ ਕਰਦੀ ਹੈ। ਆਵਾਜਾਈ ਦੀਆਂ ਕਮੀਆਂ ਨੂੰ ਦੂਰ ਕਰਨ ਲਈ ਇਸ ਤਰ੍ਹਾਂ ਦੀਆਂ ਪ੍ਰਣਾਲੀਆਂ ਪੰਜਾਬ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿੱਚ ਵੀ ਅਪਣਾਈਆਂ ਜਾ ਸਕਦੀਆਂ ਹਨ। ਕਈ ਸਮਾਜਿਕ ਮਾਡਲ ਜੋ ਪੇਂਡੂ ਇਲਾਕਿਆਂ ਲਈ ਇੱਕ ਖੁੱਲ੍ਹੇ ਖਰੀਦਦਾਰ-ਵਿਕਰੇਤਾ ਮੰਡੀ ਵਜੋਂ ਕੰਮ ਕਰਦੇ ਹਨ ਅਤੇ ਕਿਸਾਨਾਂ, ਸਵੈ ਸਹਾਇਤਾ ਸਮੂਹਾਂ, ਕਿਸਾਨ ਉਤਪਾਦਨ ਸੰਗਠਨ ਅਤੇ ਪੇਂਡੂ ਉੱਦਮੀਆਂ ਦੁਆਰਾ ਉਤਪਾਦਾਂ ਦੇ ਮੰਡੀਕਰਣ ਲਈ ਸਿੱਧਾ ਖਪਤਕਾਰਾਂ ਤੱਕ ਪਹੁੰਚਣ ਦਾ ਪਲੇਟਫਾਰਮ ਮੁੱਹਈਆ ਕਰਦੇ ਹਨ ਜਿਵੇਂ ਕਿ www.marketimirchi.com ਅਤੇ www.kalgudi.com । ਨਾਲ ਹੀ ਪਿੰਡ ਪੱਧਰੀ ਇਕੱਤਰ/ ਖਰੀਦ ਕੇਂਦਰ, ਵਾਢੀ ਤੋਂ ਬਾਅਦ ਦੀ ਤਕਨਾਲੋਜੀ, ਉਤਪਾਦਕਾਂ ਤੋਂ ਖਪਤਕਾਰਾਂ ਤੱਕ ਫੁੱਲਾਂ ਲਈ ਕੋਲਡ ਚੇਨ, ਕਾਰਗੋ ਹੈਂਡਲਿੰਗ ਸੁਵਿਧਾਵਾਂ ਵਿੱਚ ਸੁਧਾਰ, ਅੰਤਰਰਾਸ਼ਟਰੀ ਉਡਾਣਾਂ ਦੀ ਬਾਰੰਬਾਰਤਾ ਵਧਾਉਣ ਅਤੇ ਫੁੱਲਾਂ ਦੇ ਮਾਲ ਨੂੰ ਸੰਭਾਲਣ ਵਾਲੀਆਂ ਚਾਰਟਰਡ ਉਡਾਣਾਂ ਨੇੜਲੇ ਭਵਿੱਖ ਵਿੱਚ ਫੁੱਲਾਂ ਦੀ ਖੇਤੀ ਨੂੰ ਵਧਣ-ਫੁੱਲਣ ਵਿੱਚ ਮਦਦ ਕਰ ਸਕਦਾ ਹੈ। ਇਨ੍ਹਾਂ ਸਾਰੀਆਂ ਕੋਸ਼ਿਸ਼ਾਂ ਅਤੇ ਰਣਨੀਤੀਆਂ ਨਾਲ, ਕਿਸਾਨ ਖਪਤਕਾਰਾਂ ਦੇ ਰੁਪਏ ਵਿੱਚ ਵੱਧ ਹਿੱਸੇਦਾਰੀ ਦੇ ਨਾਲ ਆਪਣੀ ਉਪਜ ਦੂਰ-ਦੁਰਾਡੇ ਦੀਆਂ ਮੰਡੀਆਂ ਵਿੱਚ ਚੰਗੀ ਕੀਮਤ ਤੇ ਵੇਚ ਸਕਦੇ ਹਨ।

ਹਰਸਿਮਰਨਜੀਤ ਕੌਰ ਮਾਵੀ: 75081-68665

ਤੇਲਬੀਜ ਪ੍ਰੋਸੈਸਿੰਗ : ਸਵੈ-ਮੰਡੀਕਰਨ ਵੱਲ ਇੱਕ ਕਦਮ

ਰਮਨਦੀਪ ਕੌਰ ਅਤੇ ਅਮਨਦੀਪ ਸਿੰਘ ਬਰਾੜ

ਕ੍ਰਿਸ਼ੀ ਵਿਗਿਆਨ ਕੇਂਦਰ, ਮੋਗਾ

ਕ੍ਰਿਸ਼ੀ ਵਿਗਿਆਨ ਕੇਂਦਰ, ਮੋਗਾ ਵਿਖੇ ਲੱਗੇ ਤੇਲ ਪ੍ਰੋਸੈਸਿੰਗ ਯੂਨਿਟ ਅਤੇ ਬੋਤਲ ਪੈਕਿੰਗ ਯੂਨਿਟ

ਪੰਜਾਬ ਵਿੱਚ ਕਣਕ, ਝੋਨਾ, ਨਰਮਾ, ਦਾਲਾਂ ਗੰਨੇ ਦੀਆਂ ਫਸਲਾਂ ਦੇ ਨਾਲ ਨਾਲ ਤੇਲ ਫਸਲਾਂ ਦੇ ਉਤਪਾਦਨ ਲਈ ਅਨੁਕੂਲ ਸਥਿਤੀਆਂ ਹਨ। ਇਹਨਾਂ ਵਿੱਚੋਂ ਮੁੱਖ ਤੌਰ ਤੇ ਤੋਰੀਆ, ਰਾਇਆ, ਗੋਭੀ ਸਰ੍ਹੋਂ ਤੋਂ ਇਲਾਵਾ ਮੂੰਗਫਲੀ, ਸੂਰਜਮੁਖੀ ਅਤੇ ਸੋਇਆਬੀਨ ਖਾਣ ਜੋਗ ਤੇਲ ਉਤਪਾਦ ਲਈ ਉਗਾਈਆਂ ਜਾਣ ਵਾਲੀਆਂ ਫਸਲਾਂ ਹਨ। ਇਹਨਾਂ ਵਿੱਚੋਂ ਸਰ੍ਹੋਂ ਵਧੇਰੇ ਪੈਦਾ ਕੀਤੀ ਜਾਣ ਵਾਲੀ ਫਸਲ ਹੈ। ਜੇਕਰ ਉਤਪਾਦਨ ਦੇ ਨਾਲ - ਨਾਲ ਇਸ ਦੀ ਪ੍ਰੋਸੈਸਿੰਗ ਵੱਲ ਅਸੀਂ ਧਿਆਨ ਦੇਈਏ ਤਾਂ ਇਹ ਦੁੱਗਣੀ ਆਮਦਨ ਦਾ ਸਰੋਤ ਸਾਬਤ ਹੋ ਸਕਦਾ ਹੈ।

ਤੇਲ ਮਿੱਲ ਪਲਾਂਟ ਜਾਂ ਕੋਹਲੂ ਦੇ ਕਿੱਤੇ ਨੂੰ ਚਲਾਉਣਾ ਬਹੁਤ ਅਸਾਨ ਹੈ ਕਿਉਂਕਿ ਇਸ ਲਈ ਕੋਈ ਬਹੁਤ ਵੱਡੇ ਕਾਰਖਾਨੇ ਜਾਂ ਮਸ਼ੀਨਾਂ ਦੀ ਜਰੂਰਤ ਨਹੀਂ ਹੁੰਦੀ। ਸਿਰਫ, ਤੁਹਾਨੂੰ ਪ੍ਰਕਿਰਿਆ ਨੂੰ ਚੰਗੀ ਤਰ੍ਹਾਂ ਸਮਝਣ ਦੀ ਲੋੜ ਹੈ।ਵਧੀਆ ਬੁਨਿਆਦੀ ਢਾਂਚਾ, ਸਹੀ ਯੋਜਨਾ, ਮਸ਼ੀਨਾਂ ਦੀ ਵਰਤੋਂ ਅਤੇ ਸਾਂਭ ਸੰਭਾਲ, ਅਤੇ ਲੋੜੀਂਦੇ ਸਮਾਨ ਨਾਲ ਸਰ੍ਹੋਂ ਦੇ ਪਲਾਂਟ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸਥਾਪਤ ਕਰਨਾ ਆਸਾਨ ਹੈ। ਇਸ ਦੇ ਲਈ ਹੇਠ ਲਿਖੀਆਂ ਗੱਲਾਂ ਦੀ ਨਿਸ਼ਚਿਤ ਤੌਰ ਤੇ ਜਾਣਕਾਰੀ ਹੋਣੀ ਜ਼ਰੂਰੀ ਹੈ।

ਢੁਕਵੀਂ ਜਗ੍ਹਾ: ਪਲਾਂਟ ਲਗਾਉਣ ਵਾਲੀ ਅਜਿਹੀ ਜਗ੍ਹਾ ਦੀ ਚੋਣ ਕੀਤੀ ਜਾਵੇ ਜਿੱਥੋਂ ਕੱਚੇ ਮਾਲ ਦੀ ਉਪਲੱਬਧਤਾ ਆਸਾਨ ਹੋਵੇ ਅਤੇ ਜਿੱਥੋਂ ਮੰਡੀਕਰਨ ਕਰਨਾ ਅਸਾਨ ਅਤੇ ਢੋਆ ਢੁਆਈ ਸੌਖੀ ਹੋਵੇ।

ਯੋਜਨਾ ਤਿਆਰ ਕਰਨਾ: ਬੀਜਾਂ ਦੀ ਪ੍ਰੋਸੈਸਿੰਗ, ਸਾਫ ਕਰਨਾ, ਬੋਤਲ ਭਰਨਾ ਅਤੇ ਟਰਾਂਸਪੋਰਟ ਕਰਨਾ ਕੁਝ ਮਹੱਤਵਪੂਰਨ ਕਦਮ ਹਨ। ਇੱਕ ਵਾਰ ਜਦੋਂ ਅਸੀਂ ਯੋਜਨਾ ਤਿਆਰ ਕਰ ਲੈਂਦੇ ਹਾਂ ਫਿਰ ਆਸਾਨੀ ਨਾਲ ਲਾਭ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ।

ਮਸ਼ੀਨਰੀ ਦੀ ਖਰੀਦ: ਘੱਟ ਬਜਟ ਵਾਲੇ ਕਾਰੋਬਾਰੀ ਵੀ ਆਸਾਨੀ ਨਾਲ ਇਸ ਪਲਾਂਟ ਨੂੰ ਲਗਾ ਸਕਦੇ ਹਨ ਕਿਉਂਕਿ ਇਸ ਵਿੱਚ ਵਰਤੀ ਜਾਣ ਵਾਲੀ ਮਸ਼ੀਨਰੀ, ਆਮ ਭਾਸ਼ਾ ਵਿੱਚ ਕਿਹਾ ਜਾਣ ਵਾਲਾ ਕੋਹਲੂ (ਪਿੜਾਈ ਵਾਲੀ ਮਸ਼ੀਨ), ਤੇਲ ਸਾਫ ਕਰਨ ਲਈ ਫਿਲਟਰ ਅਤੇ ਲੋੜ ਮੁਤਾਬਿਕ ਬੋਤਲ ਪੈਕਿੰਗ ਦੀ ਮਸ਼ੀਨ ਦੀ ਹੀ ਜ਼ਰੂਰਤ ਹੁੰਦੀ ਹੈ। ਇਹਨਾਂ ਮਸ਼ੀਨਾਂ ਦੀ ਖਰੀਦ ਮਾਨਤਾ ਪ੍ਰਾਪਤ ਮਸ਼ੀਨਰੀ ਸਪਲਾਇਰਾਂ ਤੋਂ ਕਰਨੀ ਚਾਹੀਦੀ ਹੈ। ਕੋਹਲੂ ਜਾਂ ਤੇਲ ਅਕਸਪੈਲਰ ਦੀ ਖਰੀਦ 100 ਕਿੱਲੋ/ ਘੰਟਾ ਦੀ ਸਮਰੱਥਾ ਤੋਂ ਲੈਕੇ ਵੱਧ ਤੋਂ ਵੱਧ ਕੱਚੇ ਮਾਲ ਦੀ ਉਪਲੱਬਧਤਾ ਦੇ ਹਿਸਾਬ ਨਾਲ ਕੀਤੀ ਜਾ ਸਕਦੀ ਹੈ। ਜਿਸ ਦੀ ਲਾਗਤ ਤਕਰੀਬਨ 3,00,000 ਰੁਪਏ (1.0 ਤੋਂ 1.5 ਕੁਇੰਟਲ/ ਘੰਟਾ) ਤੋਂ ਸ਼ੁਰੂ ਹੋ ਕੇ ਸਮਰੱਥਾ ਦੇ ਹਿਸਾਬ ਨਾਲ ਵੱਧਦੀ ਹੈ। ਇਸ ਤੋਂ ਉਪਰੰਤ ਫਿਲਟਰ ਪ੍ਰੈਸ ਉੱਪਰ ਲਗਭਗ 60,000 ਰੁਪਏ ਦਾ ਖਰਚਾ ਆਉਂਦਾ ਹੈ। ਜੇਕਰ ਸਾਡਾ ਪਲਾਂਟ ਜ਼ਿਆਦਾ ਸਮਰੱਥਾ ਵਾਲਾ ਹੈ ਤਾਂ ਬੋਤਲ ਪੈਕਿੰਗ ਦੀ ਮਸ਼ੀਨ ਘੱਟ ਤੋਂ ਘੱਟ ਮੁੱਲ 80,000 ਰੁਪਏ ਤੋਂ ਸ਼ੁਰੂ ਕਰਕੇ ਲੋੜ ਮੁਤਾਬਕ ਖਰੀਦ ਕੀਤੀ ਜਾ ਸਕਦੀ ਹੈ। ਇਸ ਤੋਂ ਭਾਵ ਕੇ ਜੇਕਰ ਅਸੀਂ 1.5 ਕੁਇੰਟਲ/ ਘੰਟਾ ਦੀ ਸਮਰੱਥਾ ਵਾਲਾ ਪਲਾਂਟ ਲਗਾਉਂਦੇ ਹਾਂ ਤਾਂ ਕੁੱਲ ਮਸ਼ੀਨੀ ਖਰਚਾ ਪੰਜ ਲੱਖ ਦੇ ਕਰੀਬ ਆਉਂਦਾ ਹੈ।

ਤੇਲ ਬੀਜਾਂ ਦੀ ਪ੍ਰੋਸੈਸਿੰਗ ਦੇ ਢੰਗ ਲਈ ਜ਼ਰੂਰੀ ਨੁਕਤੇ: ਤੇਲਬੀਜਾਂ ਦੀ ਚੋਣ ਜਾਂ ਖਰੀਦ ਕਰਨ ਤੋਂ ਬਾਅਦ ਅਗਲਾ ਕਦਮ ਉਹਨਾਂ ਦੀ ਗੁਣਵੱਤਾ ਦੀ ਜਾਂਚ ਕਰਨਾ ਹੈ। ਜਿਵੇਂ ਕਿ ਉਸ ਵਿੱਚ ਨਮੀ ਦੀ ਜਾਂਚ, ਰੰਗ ਦੀ ਜਾਂਚ, ਅਸ਼ੁੱਧਤਾ ਟੈਸਟ ਬੀਜ ਦੇ ਮਿਆਰ ਨੂੰ ਨਿਰਧਾਰਤ ਕਰਨ ਦੀਆਂ ਕੁਝ ਪ੍ਰੀਖਿਆਂਵਾਂ ਹਨ। ਇਸ ਤੋਂ ਉਪਰੰਤ ਬੀਜਾਂ ਵਿੱਚੋਂ ਪੱਥਰ, ਧੂੜ ਅਤੇ ਹੋਰ ਫੂਸ ਕਣਾਂ ਨੂੰ ਹਟਾਉਣ ਲਈ ਬੀਜ ਦੀ ਸਫਾਈ ਜ਼ਰੂਰੀ ਹੈ। ਕੋਹਲੂ ਜਾਂ ਐਕਸਪੈਲਰ ਵਿੱਚ ਪਿੜਾਈ ਕੀਤੇ ਜਾਣ ਵਾਲੇ ਬੀਜਾਂ ਵਿੱਚ ਨਮੀ 9-14 ਪ੍ਰਤੀਸ਼ਤ ਤੱਕ ਢੁਕਵੀਂ ਮੰਨੀ ਜਾਂਦੀ ਹੈ। ਤੇਲ ਬੀਜ ਤੋਂ ਵੱਧ ਤੋਂ ਵੱਧ ਤੇਲ ਪ੍ਰਾਪਤੀ ਲਈ ਪਹਿਲਾਂ ਬੀਜ ਨੂੰ ਮਸ਼ੀਨ ਵਿੱਚੋਂ ਲੰਘਾਇਆ ਜਾਂਦਾ ਹੈ, ਫੇਰ ਮਸ਼ੀਨ ਦੇ ਸਕਰੂਅ ਦੀ ਚੂੜੀ ਕੱਸ ਕੇ ਖਲ ਦੇ ਦੋ ਪਾਸ ਦਿੱਤੇ ਜਾਂਦੇ ਹਨ।ਜਿਸ ਨਾਲ ਤਕਰੀਬਨ ਤੀਜਾ ਹਿੱਸਾ ਤੇਲ ਦੀ ਪ੍ਰਾਪਤੀ ਹੁੰਦੀ ਹੈ ਅਤੇ ਪਿੱਛੇ ਬਚੀ ਖਲ ਵਿੱਚ 8-9 ਪ੍ਰਤੀਸ਼ਤ ਤੇਲ ਰਹਿ ਜਾਂਦਾ ਹੈ। ਪ੍ਰਾਪਤ ਹੋਏ ਤੇਲ ਨੂੰ 24 ਘੰਟੇ ਰੱਖਣ ਨਾਲ ਉਸ ਵਿਚਲੀ ਮੈਲ ਹੇਠਾਂ ਬੈਠ ਜਾਂਦੀ ਹੈ। ਤੇਲ ਸਾਫ ਅਤੇ ਸਥਿਰ ਹੋ ਜਾਂਦਾ ਹੈ।

ਐਗਮਾਰਕ ਦੇ ਪ੍ਰਮਾਣੀਕਰਨ ਦੀ ਜ਼ਰੂਰਤ: ਭਾਰਤ ਸਰਕਾਰ ਦੁਆਰਾ ਗੁਣਵੱਤਾ ਦੀ ਤਸਦੀਕ "ਐਗਮਾਰਕ" ਦੁਆਰਾ ਕੀਤੀ ਜਾਂਦੀ ਹੈ ਜੋ ਕਿ ਪ੍ਰਮਾਣਤਾ ਦਾ ਪ੍ਰਤੀਕ ਹੈ। ਇਹ ਇੱਕ ਵਧੀਆ ਗੁਣਵੱਤਾ ਦਾ ਚਿੰਨ੍ਹ ਹੈ ਅਤੇ ਖੇਤੀਬਾੜੀ ਦੇ ਉਤਪਾਦਾਂ ਦੀ ਸ਼ੁੱਧਤਾ ਦੀ ਗਰੰਟੀ ਦਿੰਦਾ ਹੈ। ਇਸ ਨਾਲ ਉਤਪਾਦਕ ਅਤੇ ਖਪਤਕਾਰਾਂ ਵਿੱਚ ਵਿਸ਼ਵਾਸ਼ ਕਾਇਮ ਹੁੰਦਾ ਹੈ ਅਤੇ ਵਸਤੂਆਂ ਦੇ ਮੰਡੀਕਰਨ ਵਿੱਚ ਆਸਾਨੀ ਹੁੰਦੀ ਹੈ।

ਐਗਮਾਰਕ ਕਿਵੇਂ ਪ੍ਰਾਪਤ ਕਰਨਾ ਹੈ: ਪੰਜਾਬ ਵਿੱਚ ਸਥਾਪਿਤ ਤਿੰਨ ਪ੍ਰਯੋਗਸ਼ਾਲਾਂ ਲੁਧਿਆਣਾ, ਅੰਮ੍ਰਿਤਸਰ, ਮੋਗਾ ਵਿੱਚ ਤੇਲ ਉਤਪਾਦਕ ਤੇਲ ਦੇ ਨਮੂਨੇ ਲੈ ਜਾ ਕੇ ਰਸਾਇਣਕ ਅੀਧਐਨ ਕਰਵਾ ਸਕਦੇ ਹਨ। ਇਸ ਦੀ ਫੀਸ 10,000 ਰੁਪਏ ਦੇ ਕਰੀਬ ਹੁੰਦੀ ਹੈ। ਐਗਮਾਰਕ ਪ੍ਰਾਪਤ ਕਰਨ ਲਈ ਪ੍ਰਯੋਗਸ਼ਾਲਾ ਤੋਂ ਸਹਿਮਤੀ ਪੱਤਰ, ਇਮਾਰਤੀ ਨਕਸ਼ਾ (ਜੇਕਰ ਕਿਰਾਏ ਤੇ ਹੈ ਤਾਂ ਮਾਲਕ ਤੋਂ ਇਤਰਾਜ ਨਹੀਂ ਸਰਟੀਫਿਕੇਟ) ਹਲਫਨਾਮਾ, ਬੈਂਕ ਸਰਟੀਫਿਕੇਟ (ਬੈਂਕ ਦਾ ਫਰਮ ਨਾਲ ਕੰਮ ਕਰਨ ਬਾਰੇ), ਐਗਮਾਰਕ ਨਾਲ ਲਿਖਿਆ ਟਰੇਡ ਬ੍ਰਾਂਡ ਲੇਬਲ ਦਾ ਨਮੂਨਾ ਇਸਦੀ ਸਟੈਂਪ ਦੀ ਵਰਤੋਂ ਲਈ ਉਪਕਰਨ ਅਤੇ ਮਾਰਕੀਟਿੰਗ ਅਫਸਰ ਦੁਆਰਾ ਜਾਂਚ ਰਿਪੋਰਟ ਦੀ ਜ਼ਰੂਰਤ ਹੁੰਦੀ ਹੈ।

ਰਮਨਦੀਪ ਕੌਰ: 95307-63086

ਵਧੇਰੇ ਮੁਨਾਫੇ ਲਈ ਹਲਦੀ ਦੀ ਪ੍ਰੋਸੈਸਿੰਗ ਆਪ ਕਰੋ

ਤਰਸੇਮ ਚੰਦ ਅਤੇ ਸਜੀਵ ਰਤਨ ਸ਼ਰਮਾ

ਪ੍ਰੋਸਸਿੰਗ ਅਤੇ ਭੋਜਨ ਇੰਜਨੀਅਰਿੰਗ ਵਿਭਾਗ

ਪੰਜਾਬ ਵਿੱਚ ਕਿਸਾਨ ਹਲਦੀ ਦੀ ਖੇਤੀ ਵਿੱਚ ਤਾਂ ਕਾਫੀ ਮਿਹਨਤ ਕਰਦੇ ਹਨ ਪਰ ਇਸਦੀ ਪ੍ਰੋਸੈਸਿੰਗ ਕਰਨ ਤੋਂ ਕੰਨੀ ਕਤਰਾਉਂਦੇ ਹਨ।ਆਮ ਤੌਰ ਤੇ ਪਿਛਲੇ 4-5 ਸਾਲ ਵਿੱਚ ਦੇਖਿਆ ਗਿਆ ਹੈ ਕਿਸਾਨ ਨੂੰ ਕੱਚੀ ਹਲਦੀ ਦਾ ਭਾਅ ਬਹੁਤ ਘੱਟ ਮਿਲਦਾ ਹੈ।ਇਸਦਾ ਮੁੱਖ ਕਾਰਨ ਸਾਡੇ ਘਰਾਂ ਵਿੱਚ ਹਲਦੀ ਦੀ ਵਰਤੋਂ ਇਸਦੇ ਪਾਊਡਰ ਦੇ ਤੌਰ ਤੇ ਹੁੰਦੀ ਹੈ, ਨਾ ਕਿ ਕੱਚੀ ਹਲਦੀ ਦੇ ਤੌਰ ਤੇ। ਇਸ ਤੋਂ ਇਲਾਵਾ, ਕੋਈ ਵੱਡਾ ਕਾਰਖਾਨਾ ਵੀ ਪੰਜਾਬ ਵਿੱਚ ਨਹੀ ਹੈ ਜਿਸ ਕਰਕੇ ਕੱਚੇ ਮਾਲ ਦੀ ਖਪਤ ਨਹੀ ਹੁੰਦੀ।ਜੇ ਕਿਸਾਨ ਕਾਸ਼ਤ ਦੇ ਨਾਲ ਨਾਲ ਪ੍ਰੋਸੈਸਿੰਗ ਦਾ ਕੰਮ ਵੀ ਆਪਣੇ ਹੱਥ ਵਿੱਚ ਲੈ ਲਵੇ ਤਾਂ ਉਹ ਆਪਣੀ ਆਮਦਨ ਲਗਭਗ ਦੁੱਗਣੀ ਕਰ ਸਕਦਾ ਹੈ। ਪਰ ਇਸ ਦੀ ਵਰਤੋਂ ਲਈ ਇਸ ਨੂੰ ਸੁਕਾਉਣਾ, ਪ੍ਰੋਸੈਸ ਕਰਨਾ ਅਤੇ ਪੀਸਣਾ ਹੁੰਦਾ ਹੈ। ਇਸ ਲਈ ਕਿਸਾਨ ਨੂੰ 10-11 ਮਹੀਨਿਆਂ ਦੀ ਹਲਦੀ ਦੀ ਕਾਸ਼ਤ ਤੋਂ ਬਾਅਦ 1-2 ਮਹੀਨੇ ਇਸਦੀ ਪ੍ਰੋਸੈਸਿੰਗ ਕਰਨੀ ਹੋਵੇਗੀ। ਕਈ ਅਗਾਂਹਵਧੂ ਕਿਸਾਨ ਇਸ ਕੰਮ ਲਈ ਅੱਗੇ ਵੀ ਆ ਰਹੇ ਹਨ। ਪਰ ਇਸ ਲਈ ਕਿਸਾਨਾਂ ਨੂੰ ਮਸ਼ੀਨਾਂ ਲੈਣ ਲਈ ਨਵੇਂ ਖਰਚੇ ਦਾ ਸਾਹਮਣਾ ਕਰਨਾ ਪੈਂਦਾ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਹਲਦੀ ਪ੍ਰੋਸੈਸਿੰਗ ਲਈ ਕਈ ਬਹੁਤ ਘੱਟ ਕੀਮਤ ਵਾਲੀਆਂ ਮਸ਼ੀਨਾਂ ਅਤੇ ਤਕਨੀਕਾਂ ਵਿਕਸਿਤ ਕੀਤੀਆਂ ਗਈਆਂ ਹਨ ਜਿਨ੍ਹਾਂ ਦੀ ਮੱਦਦ ਨਾਲ ਪ੍ਰੋਸੈਸਿੰਗ ਦਾ ਕੰਮ ਸਹੀ ਢੰਗ ਨਾਲ ਕੀਤਾ ਜਾ ਸਕਦਾ ਹੈ। ਹਲਦੀ ਦੀ ਪ੍ਰੋਸੈਸਿੰਗ ਕਰਨ ਵਾਲੇ ਕਈ ਤਰਾਂ ਦੀਆਂ ਕਿਰਿਆਵਾਂ ਕੀਤੀ ਜਾਂਦੀਆਂ ਹਨ ਜਿਵੇਂ ਕਿ ਹਲਦੀ ਨੂੰ ਧੋਣਾ, ਉਬਾਲਣਾ, ਸੁਕਾਉਣਾ ਆਦਿ। ਇਹਨਾਂ ਸਾਰੀਆਂ ਵਿਧੀਆਂ ਨੂੰ ਹੇਠਾਂ ਵਿਸਤਾਰ ਨਾਲ ਸਮਝਾਇਆ ਗਿਆ ਹੈ।

ਹਲਦੀ ਦਾ ਧੋਣਾ : ਹਲਦੀ ਦੀਆਂ ਗੰਢੀਆਂ ਉੱਪਰੋਂ ਮਿੱਟੀ, ਦਵਾਈਆਂ ਦੀ ਰਹਿੰਦ ਖੂੰਹਦ ਅਤੇ ਹੋਰ ਗੈਰ-ਲੋੜੀਂਦੇ ਪਦਾਰਥ ਪਾਣੀ ਨਾਲ ਧੋ ਕੇ ਸਾਫ਼ ਕਰ ਦਿੱਤੇ ਜਾਂਦੇ ਹਨ। ਧੋਣ ਲਈ ਗੰਢੀਆਂ ਨੂੰ ਰਾਤ ਭਰ ਪਾਣੀ ਵਿੱਚ ਡੁਬੋ ਕੇ ਰੱਖਿਆ ਜਾਂਦਾ ਹੈ। ਇਸ ਉਪਰੰਤ ਗੰਢੀਆਂ ਨੂੰ ਬਾਹਰ ਕੱਢ ਕੇ ਇਸ ਤੇ ਪਾਣੀ ਦੇ ਛਿੜਕਾਅ ਕਰਕੇ ਸਾਫ਼ ਕੀਤਾ ਜਾਂਦਾ ਹੈ।ਹਲਦੀ ਨੂੰ ਧੋਣ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਵਿਕਸਿਤ ਕੀਤੀ ਗਈ ਹਲਦੀ ਨੂੰ ਧੋਣ ਵਾਲੀ ਮਸ਼ੀਨ ਵਰਤੀ ਜਾ ਸਕਦੀ ਹੈ। ਇਸ ਮਸ਼ੀਨ ਦੀ ਸਮਰੱਥਾ 2.5 - 3 ਕੁਇੰਟਲ ਪ੍ਰਤੀ ਘੰਟਾ ਹੈ। ਇਸ ਮਸ਼ੀਨ ਦੀ ਕੀਮਤ ਲਗਭਗ ਇੱਕ ਲੱਖ ਰੁਪਏ ਹੈ। ਪਰ ਸ਼ੁਰੂ ਵਿੱਚ ਮਸ਼ੀਨਾਂ ਦੀ ਵਰਤੋਂ ਨਾ ਕਰਕੇ ਇਸ ਕੰਮ ਨੂੰ ਹੱਥੀ ਵੀ ਕੀਤਾ ਜਾ ਸਕਦਾ ਹੈ ਕਿਉਂਕਿ ਜੇ ਥੋੜਾ ਬਹੁਤਾ ਮਿੱਟੀ ਘੱਟਾ ਲੱਗਿਆ ਵੀ ਰਹਿ ਗਿਆ ਤਾਂ ਉਹ ਉਬਾਲਣ ਦੌਰਾਨ ਉੱਤਰ ਜਾਂਦਾ ਹੈ।

ਹਲਦੀ ਨੂੰ ਉਬਾਲਣਾ : ਹਲਦੀ ਪ੍ਰੋਸੈਸਿੰਗ ਦੇ ਕੰਮ ਵਿੱਚ ਹਲਦੀ ਉਬਾਲਣ ਦੇ ਕੰਮ ਨੂੰ ਸਭ ਤੋਂ ਵੱਧ ਤਕਨੀਕੀ ਕੰਮ ਕਿਹਾ ਜਾ ਸਕਦਾ ਹੈ। ਇਸ ਦਾ ਮੁੱਖ ਉਦੇਸ਼ ਸੁੱਕਣ ਦਾ ਸਮਾਂ ਬਚਾਉਣਾ, ਰੰਗ ਇੱਕਸਾਰ ਕਰਨਾ, ਨਿਖਾਰਨਾ, ਸਟਾਰਚ ਨੂੰ ਸਹੀ ਕਰਨਾ ਅਤੇ ਸਹੀ ਰਿਕਵਰੀ ਲੈਣਾ ਹੈ। ਪਾਣੀ ਦਾ ਪੱਧਰ ਗੰਢੀਆਂ ਤੋਂ 4 ਤੋਂ 7.5 ਸੈਂਟੀਮੀਟਰ ਉੱਪਰ ਰੱਖਿਆ ਜਾਂਦਾ ਹੈ। ਹਲਦੀ ਦੀਆਂ ਗੰਢੀਆਂ ਨੂੰ ਉਦੋਂ ਤੱਕ ਉਬਾਲਿਆ ਜਾਂਦਾ ਹੈ ਜਦੋਂ ਤੱਕ ਗੰਢੀਆਂ ਦਾ ਵਿਚਲਾ ਲਾਲ ਰੰਗ ਪੀਲਾ ਅਤੇ ਗੰਢੀਆਂ ਨਰਮ ਹੋ ਜਾਣ। ਇਸ ਕਿਰਿਆ ਨੂੰ ਲਗਭਗ 50-60 ਮਿੰਟ ਦਾ ਸਮਾਂ ਲੱਗਦਾ ਹੈ। ਇਸ ਤੋਂ ਇਲਾਵਾ ਸੁਧਰੇ ਤਰੀਕਿਆਂ ਨਾਲ ਉਬਾਲਕੇ ਰੰਗ ਅਤੇ ਕੁਆਲਿਟੀ ਨੂੰ ਹੋਰ ਵੀ ਸੁਧਾਰਿਆ ਜਾ ਸਕਦਾ ਹੈ। ਸੁਧਰੇ ਹੋਏ ਤਰੀਕਿਆਂ ਵਿੱਚ ਹਲਦੀ ਦੀਆਂ ਗੰਢੀਆਂ ਨੂੰ ਭਾਫ ਨਾਲ 15 ਪੌਂਡ ਦੇ ਪ੍ਰੈਸ਼ਰ ਵੱਡੇ ਪ੍ਰੈਸ਼ਰ ਕੁੱਕਰ ਵਿੱਚ ਉਬਾਲਿਆ ਜਾਂਦਾ ਹੈ ਤੇ ਇਹ ਕੰਮ 20-30 ਮਿੰਟ ਵਿੱਚ ਪੂਰਾ ਹੋ ਜਾਂਦਾ ਹੈ। ਇਸ ਤੋਂ ਇਲਾਵਾ ਅੱਜ ਕਲ ਕਿਸਾਨ ਹਲਦੀ ਉਬਾਲਣ ਲਈ ਭਾਫ ਵਾਲੇ ਮੋਬਾਇਲ ਯੂਨਿਟ ਵੀ ਵਰਤ ਰਹੇ ਹਨ। ਇਨਾਂ ਯੂਨਿਟਾਂ ਦੀ ਸਮਰੱਥਾ ਬਹੁਤ ਹੁੰਦੀ ਹੈ (ਲਗਭਗ 10-12 ਕੁਇੰਟਲ ਪ੍ਰਤੀ ਘੰਟਾ) ਅਤੇ ਖੇਤੀ ਰਹਿੰਦ ਖੂੰਹਦ ਨੂੰ ਬਾਲਣ ਦੇ ਤੌਰ ਤੇ ਵਰਤਿਆ ਜਾ ਸਕਦਾ ਹੈ ਪਰ ਇਨਾਂ ਦੀ ਕੀਮਤ 3 ਲੱਖ ਰੁਪਏ ਦੇ ਕਰੀਬ ਹੰਦੀ ਹੈ। ਕਈ ਕਿਸਾਨ ਇਸ ਮਸ਼ੀਨ ਨੂੰ ਕਿਸੇ ਪ੍ਰੋਸੈਸਿੰਗ ਯੂਨਿਟ ਤੋਂ ਕਿਰਾਏ (5000/- ਪ੍ਰਤੀ ਦਿਨ) ਲੈ ਕੇ ਆਪਣੇ ਖੇਤ ਵਿੱਚ ਹੀ 100 ਕੁਇੰਟਲ ਦੇ ਕਰੀਬ ਹਲਦੀ ਇਕ ਦਿਨ ਵਿੱਚ ਉਬਾਲ ਲੈਂਦੇ ਹਨ।

ਫੋਟੋ 1: ਹਲਦੀ ਧੋਣ ਅਤੇ ਪਾਲਿਸ਼ ਕਰਨ ਵਾਲੀ ਮਸ਼ੀਨ

ਫੋਟੋ 2: ਹਲਦੀ ਉਬਾਲਣ ਲਈ ਮੋਬਾਇਲ ਯੂਨਿਟ

ਫੋਟੋ 3: ਹਲਦੀ ਸੁਕਾਉਣ ਲਈ ਸੋਲਰ ਡਰਾਇਰ

ਫੋਟੋ 4: ਹਲਦੀ ਪੀਸਣ ਵਾਲੀ ਮਸ਼ੀਨ

ਸ਼ੁਰੂਆਤੀ ਕੀਮਤ ਘਟਾਉਣ ਲਈ ਕਿਸਾਨ ਪਾਣੀ ਵਿੱਚ ਹਲਦੀ ਉਬਾਲਣ ਦਾ ਢੰਗ ਵਰਤ ਸਕਦੇ ਹਨ ਅਤੇ ਇਸ ਤਰੀਕੇ ਵਿੱਚ ਥੋੜੀ ਜਿਹੀ ਸੋਧ ਕਰਕੇ ਵਧੀਆ ਕੁਆਲਟੀ ਵੀ ਲੈ ਸਕਦੇ ਹਨ ਅਤੇ ਉਰਜਾ ਦੀ ਬੱਚਤ ਵੀ ਕਰ ਸਕਦੇ ਹਨ।ਇਸ ਤਰੀਕੇ ਵਿੱਚ ਹਲਦੀ ਨੂੰ ਸਿੱਧਾ ਉਬਲਦੇ ਪਾਣੀ ਵਿੱਚ ਨਹੀ ਪਾਇਆ ਜਾਂਦਾ ਬਲਕਿ ਪਹਿਲਾਂ ਇਸਨੂੰ ਇਕ ਜਾਲੀਦਾਰ ਟੋਕਰੇ ਵਿੱਚ ਪਾਇਆ ਜਾਂਦਾ ਹੈ ਅਤੇ ਫਿਰ ਇਸ ਟੋਕਰੇ ਨੂੰ ਉਬਲਦੇ ਪਾਣੀ ਵਿੱਚ ਇਸ ਢੰਗ ਨਾਲ ਪਾਇਆ ਜਾਂਦਾ ਹੈ ਕਿ ਟੋਕਰੇ ਦਾ ਥੱਲਾ ਕੜਾਹੇ ਦੇ ਥੱਲੇ ਨਾਲ ਨਾ ਲੱਗੇ ਅਤੇ ਟੋਕਰੇ ਦੀਆਂ ਬਾਹੀਆਂ ਕੜਾਹੇ ਦੇ ਫਰੇਮ ਤੇ ਆ ਕੇ ਟਿਕ ਜਾਣ। ਇਸ ਨਾਲ ਇਕ ਤਾਂ ਸਾਰੀ ਹਲਦੀ ਇਕਸਾਰ ਉਬਲੇਗੀ ਅਤੇ ਦੂਜਾ ਹਲਦੀ ਨੂੰ ਕੱਢਣ ਪਾਉਣ ਵੇਲੇ ਗਰਮ ਪਾਣੀ ਦੀ ਬਰਬਾਦੀ ਘਟੇਗੀ ਜਿਸ ਨਾਲ ਬਾਲਣ ਘੱਟ ਲੱਗੇਗਾ।

ਗੰਢੀਆਂ ਸੁਕਾਉਣਾ : ਉਬਾਲਣ ਤੋਂ ਬਾਅਦ ਗੰਢੀਆਂ ਨੂੰ ਸੁਕਾਉਣ ਵਾਲੀ ਜਗ੍ਹਾ ਤੇ ਵੱਖਰਾ-ਵੱਖਰਾ ਕੀਤਾ ਜਾਂਦਾ ਹੈ ਅਤੇ ਧੁੱਪ ਵਿੱਚ ਸੁਕਾਇਆ ਜਾਂਦਾ ਹੈ। ਸਮੇਂ ਸਮੇਂ ਤੇ ਗੰਢੀਆਂ ਨੂੰ ਹਿਲਾਇਆ ਜਾਂਦਾ ਹੈ ਤਾਂ ਜੋ ਗੰਢੀਆਂ ਇੱਕ ਸਾਰ ਸੁੱਕ ਜਾਣ। ਪੂਰੀ ਤਰ੍ਹਾਂ ਸੁੱਕਣ ਲਈ ਮੌਸਮ ਦੇ ਮੁਤਾਬਕ 15-20 ਦਿਨ ਦਾ ਸਮਾਂ ਲਗਦਾ ਹੈ। ਸੁੱਕੀਆਂ ਗੰਢੀਆਂ ਵਿੱਚ 6-8% ਦੇ ਲਗਭਗ ਨਮੀ ਰਹਿ ਜਾਂਦੀ ਹੈ ਅਤੇ ਗੰਢੀਆਂ ਕਾਫ਼ੀ ਸਖ਼ਤ ਅਤੇ ਭੁਰਭਰੀਆਂ ਹੋ ਜਾਂਦੀਆਂ ਹਨ ਅਤੇ ਤੋੜਨ ਤੇ ਤੜੱਕ ਦੀ ਆਵਾਜ਼ ਕਰਦੀਆਂ ਹਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਵਿਕਸਿਤ ਕੀਤਾ ਗਿਆ ਸੋਲਰ ਡਰਾਇਰ ਵੀ ਇਸ ਕੰਮ ਲਈ ਵਰਤਿਆ ਜਾ ਸਕਦਾ ਹੈ। ਇਸਦੀ ਸਮਰੱਥਾ 3 ਕੁਇੰਟਲ ਅਤੇ ਕੀਮਤ ਲਗਭਗ 2.5 ਲੱਖ ਰੁਪਏ ਹੈ। ਇਸ ਡਰਇਰ ਨਾਲ ਹਲਦੀ ਧੁੱਪੇ ਸੁਕਾਉਣ ਦੇ ਮੁਕਾਬਲੇ ਲਗਭਗ ਅੱਧੇ ਸਮੇਂ ਵਿੱਚ ਸੁੱਕ ਜਾਂਦੀ ਹੈ। ਕਈ ਕਿਸਾਨ ਇਹ ਡਰਾਇਰ ਆਪਣੇ ਪਲਾਂਟ ਵਿੱਚ ਲਗਵਾ ਵੀ ਚੁੱਕੇ ਹਨ।

ਪਾਲਸ਼ ਕਰਨਾ ਅਤੇ ਪੀਸਣਾ: ਸੁੱਕੀ ਹਲਦੀ ਦੀਆਂ ਗੰਢੀਆਂ ਨੂੰ ਕਿਸੇ ਖਰਦਰੀ ਜਗ੍ਹਾ ਤੇ ਰਗੜਿਆ ਜਾਂਦਾ ਹੈ ਤਾਂ ਕਿ ਹਲਦੀ ਦੀ ਉੱਪਰਲੀ ਸਖ਼ਤ ਪਰਤ ਅਤੇ ਜੜਾਂ ਆਦਿ ਨੂੰ ਉਤਾਰਿਆ ਜਾ ਸਕੇ। ਅਜਿਹਾ ਕਰਨ ਨਾਲ ਹਲਦੀ ਦਾ ਰੰਗ ਗੂੜ੍ਹਾ ਅਤੇ ਚਮਕੀਲਾ ਹੋ ਜਾਂਦਾ ਹੈ ਅਤੇ ਇਸ ਦੀਆਂ ਜੜਾਂ, ਕੱਖ-ਕਣ ਅਤੇ ਉੱਪਰਲਾ ਛਿਲਕਾ ਆਦਿ ਅਲੱਗ ਕੀਤੇ ਜਾਂਦੇ ਹਨ। ਉਪਰ ਦੱਸੀ ਹਲਦੀ ਧੋਣ ਵਾਲੀ ਮਸ਼ੀਨ ਨੂੰ ਵੀ ਹਲਦੀ ਪਾਲਿਸ਼ ਕਰਨ ਲਈ ਵਰਤਿਆ ਜਾ ਸਕਦਾ ਹੈ। ਪਾਲਿਸ਼ ਕਰਨ ਤੋਂ ਬਾਅਦ ਹਲਦੀ ਨੂੰ ਗਰਾਂਈਂਡਰ (ਹੈਮਰ ਮਿੱਲ੍ਹ) ਵਿੱਚ ਪੀਸਿਆ ਜਾਂਦਾ ਹੈ। ਮਸਾਲੇ ਵਾਲੀਆਂ ਫਸਲਾਂ ਨੂੰ ਪੀਸਣ ਲਈ ਹਮੇਸ਼ਾ ਹੈਮਰ ਮਿਲ ਵਾਲਾ ਗਰਾਂਈਂਡਰ ਹੀ ਵਰਤਿਆ ਜਾਣਾ ਚਾਹੀਦਾ ਹੈ ਨਾ ਕਿ ਆਮ ਆਟਾ ਚੱਕੀ। ਨਹੀਂ ਤਾਂ, ਪਾਊਡਰ ਦਾ ਤਾਪਮਾਨ ਵਧ ਜਾਵੇਗਾ ਅਤੇ ਕੁਆਲਟੀ ਖਰਾਬ ਹੋਵੇਗੀ ਛੋਟੀ ਸਮਰੱਥਾ (15-20 ਕਿਲੋ ਪ੍ਰਤੀ ਘੰਟਾ) ਦਾ ਗਰਾਈਂਡਰ ਲਗਭਗ 50000/- ਰੁਪਏ ਵਿੱਚ ਆ ਜਾਂਦਾ ਹੈ।

ਇਸ ਤਰ੍ਹਾਂ 100 ਕਿਲੋ ਤਾਜ਼ੀ ਹਲਦੀ ਵਿੱਚ ਲਗਭਗ 20-22 ਕਿਲੋ ਹਲਦੀ ਪਾਊਡਰ ਤਿਆਰ ਕੀਤਾ ਜਾ ਸਕਦਾ ਹੈ। ਇੱਕ ਕਿਲੋ ਹਲਦੀ ਪਾਊਡਰ ਤਿਆਰ ਕਰਨ ਦੀ ਕੀਮਤ ਲਗਭਗ 100/- ਰੁਪਏ ਹੈ (ਜਿਸ ਵਿੱਚ ਕੱਚੀ ਹਲਦੀ ਦੀ ਕੀਮਤ ਅਤੇ ਪ੍ਰੋਸੈਸਿੰਗ ਖਰਚੇ ਵੀ ਸ਼ਾਮਲ ਹਨ) ਜਦੋਂ ਕਿ ਬਾਜ਼ਾਰ ਵਿੱਚ ਇਹ ਹਲਦੀ ਪਾਊਡਰ 150 ਰੁਪਏ ਕਿਲੋ ਥੋਕ ਵਿੱਚ ਅਤੇ 200 ਰਪਏ ਕਿਲੋ ਪਰਚੂਨ ਵਿਚ ਵੇਚਿਆ ਜਾ ਸਕਦਾ ਹੈ। ਹਲਦੀ ਦੀ ਪ੍ਰੋਸੈਸਿੰਗ ਸਬੰਧੀ ਹੋਰ ਤਕਨੀਕੀ ਜਾਣਕਾਰੀ ਲਈ ਪ੍ਰੋਸੈਸਿੰਗ ਅਤੇ ਫੂਡ ਇੰਜੀਨੀਅਰਿੰਗ ਵਿਭਾਗ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਤਰਸੇਮ ਚੰਦ: 97799-00640

ਵਿਸਾਖੀ ਦਾ ਮੇਲਾ

ਪੱਕ ਪਈਆਂ ਕਣਕਾਂ, ਲੁਕਾਠ ਰੱਸਿਆ,
ਬੂਰ ਪਿਆ ਅੰਬਾਂ ਨੂੰ, ਗੁਲਾਬ ਹੱਸਿਆ ।
ਬਾਗ਼ਾਂ ਉੱਤੇ ਰੰਗ ਫੇਰਿਆ ਬਹਾਰ ਨੇ,
ਬੇਰੀਆਂ ਲਿਫਾਈਆਂ ਟਹਿਣੀਆਂ ਦੇ ਭਾਰ ਨੇ ।
ਪੁੰਗਰੀਆਂ ਵੱਲਾਂ, ਵੇਲਾਂ ਰੁੱਖੀਂ ਚੜ੍ਹੀਆਂ,
ਫੁੱਲਾਂ ਹੇਠੋਂ ਫਲਾਂ ਨੇ ਪਰੋਈਆਂ ਲੜੀਆਂ ।
ਸਾਈਂ ਦੀ ਨਿਗਾਹ ਜੱਗ ਤੇ ਸਵੱਲੀ ਏ,
ਚੱਲ ਨੀ ਪਰੇਮੀਏਂ ! ਵਿਸਾਖੀ ਚੱਲੀਏ ।

ਦੂਰ ਦੂਰ ਥਾਓਂ ਵਣਜਾਰੇ ਆਏ ਨੇਂ,
ਸੁਹਣੇ ਸੁਹਣੇ ਕੁੰਜਾਂ ਤੇ ਫ਼ੀਤੇ ਲਿਆਏ ਨੇਂ ।
ਗਜਰਿਆਂ ਤੇ ਵੰਗਾਂ ਦਾ ਨਾ ਅੰਤ ਕੋਈ ਏ,
ਮੰਡੀ ਝੂਠੇ ਗਹਿਣਿਆਂ ਦੀ ਲੱਗੀ ਹੋਈ ਏ ।
ਹੱਟੀਆਂ ਹਜ਼ਾਰਾਂ ਹਲਵਾਈਆਂ ਲਾਈਆਂ,
ਸੈਂਕੜੇ ਸੁਗਾਤਾਂ ਨਾਲੇ ਹੋਰ ਆਈਆਂ ।
ਹੱਟੀ ਹੱਟੀ ਸ਼ੌਕੀਆਂ ਦੀ ਭੀੜ ਖੱਲੀ ਏ,
ਚੱਲ ਨੀ ਪਰੇਮੀਏਂ ! ਵਿਸਾਖੀ ਚੱਲੀਏ ।

-ਧਨੀ ਰਾਮ ਚਾਤ੍ਰਿਕ

ਪੀ.ਏ.ਯੂ.ਕਿਸਾਨਾਂ ਦੀ ਸੇਵਾ ਅਤੇ ਸਹਿਯੋਗ ਲਈ ਹਰ ਸੋਸ਼ਲ ਮੀਡੀਆ ਪਲੇਟਫਾਰਮ ਤੇ ਮੌਜੂਦ ਹੈ

ਸਕੈਨ ਕਰੋਂ ਜੀ

PAU WEBSITE
FACEBOOK
TWITTER
PAU KISAN APP
INSTAGRAM
YOUTUBE

2401960-79 (Ext. 373,475)
ਪੀ.ਏ.ਯੂ. ਪੋਰਟਲ

ਆਓ ਸੋਸ਼ਲ ਮੀਡੀਆ ਰਾਹੀਂ ਪੀ.ਏ.ਯੂ. ਨਾਲ ਜੁੜੀਏ

ਹਲਦੀ ਦੀ ਕਾਸ਼ਤ ਦੀਆਂ ਸੁਧਰੀਆਂ ਤਕਨੀਕਾਂ

ਰਜਿੰਦਰ ਕੁਮਾਰ, ਵਜਿੰਦਰ ਪਾਲ ਕਾਲੜਾ ਅਤੇ ਅਮਨਪ੍ਰੀਤ
ਸਕੂਲ ਆਫ ਔਰਗੈਨਿਕ ਫਾਰਮਿੰਗ

ਆਯੂਰਵੈਦ ਦਵਾਈਆਂ ਵਿੱਚ ਵੱਖ-ਵੱਖ ਬਿਮਾਰੀਆਂ ਲਈ ਅਤੇ ਘਰੇਲੂ ਉਪਚਾਰਾਂ ਵਿਚ, ਹਲਦੀ ਨੂੰ ਵਰਤਿਆ ਜਾਂਦਾ ਹੈ। ਹਲਦੀ ਦੀ ਕਾਸ਼ਤ ਇਸ ਦੀ ਗੰਢੀਆਂ ਲਈ ਕੀਤੀ ਜਾਂਦੀ ਹੈ, ਜਿੰਨ੍ਹਾਂ ਵਿੱਚ 1.8-5.4% ਕਰਕਯੂਮਿੰਨ ਤੱਤ ਅਤੇ 2.5-7.2 ਪ੍ਰਤੀਸ਼ਤ ਤੇਲ, ਟਰਮਿਰੋਲ ਹੁੰਦਾ ਹੈ। ਇਸ ਤੋ ਇਲਾਵਾ ਬਹੁਤ ਸਾਰੇ ਧਾਰਮਿਕ ਅਤੇ ਰਸਮੀ ਮੌਕਿਆਂ ਤੇ ਵੀ ਹਲਦੀ ਦੀ ਇਕ ਅਹਿਮ ਭੂਮਿਕਾ ਹੈ।

ਉੱਨਤ ਕਿਸਮਾਂ : ਹਲਦੀ ਦੀਆਂ ਦੋ ਉਨੱਤ ਕਿਸਮਾਂ ਦੀ ਸਿਫਾਰਿਸ਼ ਪੀ.ਏ.ਯੂ. ਵੱਲੋਂ ਕੀਤੀ ਜਾਂਦੀ ਹੈ।

ਪੰਜਾਬ ਹਲਦੀ 1: ਇਸ ਕਿਸਮ ਦੇ ਪੌਦੇ ਖੜਵੇਂ, ਦਰਮਿਆਨੀ ਉਚਾਈ ਦੇ ਹੁੰਦੇ ਹਨ ਅਤੇ ਇਸਦੇ ਪੱਤੇ ਹਰੇ ਅਤੇ ਦਰਮਿਆਨੇ ਆਕਾਰ ਦੇ ਹੁੰਦੇ ਹਨ। ਇਸ ਦੀਆਂ ਗੰਢੀਆਂ ਲੰਮੀਆਂ, ਦਰਮਿਆਨੀ ਮੋਟਾਈ, ਭੂਰੇ ਰੰਗ ਦੀਆਂ ਅਤੇ ਗੁੱਦਾ ਗੂੜੇ ਪੀਲੇ ਰੰਗ ਦਾ ਹੁੰਦਾ ਹੈ। ਇਹ 215 ਦਿਨਾਂ ਵਿੱਚ ਪੱਕ ਜਾਂਦੀ ਹੈ ਅਤੇ ਔਸਤਨ 108 ਕੁਇੰਟਲ ਪ੍ਰਤੀ ਏਕੜ ਝਾੜ ਦਿੰਦੀ ਹੈ।

ਪੰਜਾਬ ਹਲਦੀ 2 : ਇਸ ਕਿਸਮ ਦੇ ਪੌਦੇ ਖੜਵੇਂ, ਉੱਚੇ ਅਤੇ ਪੱਤੇ ਹਲਕੇ ਹਰੇ ਰੰਗ ਦੇ ਅਤੇ ਚੌੜੇ ਹੁੰਦੇ ਹਨ। ਇਸ ਦੀਆਂ ਗੰਢੀਆਂ ਲੰਮੀਆਂ, ਮੋਟੀਆਂ ਅਤੇ ਭੂਰੇ ਰੰਗ ਦੀਆਂ ਹੁੰਦੀਆਂ ਹਨ। ਗੁੱਦੇ ਦਾ ਰੰਗ ਪੀਲਾ ਹੁੰਦਾ ਹੈ। ਇਹ ਕਿਸਮ 240 ਦਿਨ ਦੇ ਅੰਦਰ ਪੱਕ ਜਾਂਦੀ ਹੈ ਅਤੇ 122 ਕੁਇੰਟਲ ਪ੍ਰਤੀ ਏਕੜ ਦੇ ਹਿਸਾਬ ਨਾਲ ਔਸਤਨ ਝਾੜ ਦਿੰਦੀ ਹੈ।

ਜਲਵਾਯੂ ਅਤੇ ਜ਼ਮੀਨ : ਹਲਦੀ ਦੀ ਸਫਲ ਕਾਸ਼ਤ ਲਈ ਗਰਮ ਅਤੇ ਸਿੱਲ੍ਹੇ ਜਲਵਾਯੂ ਦੀ ਲੋੜ ਹੁੰਦੀ ਹੈ। ਇਸਦੀ ਕਾਸ਼ਤ ਦੀ ਸਿਫਾਰਿਸ਼ ਉਹਨਾਂ ਥਾਵਾਂ ਵਿੱਚ ਕੀਤੀ ਜਾਂਦੀ ਹੈ, ਜਿੱਥੇ ਨਿਸ਼ਚਿਤ ਸਿੰਚਾਈ ਦੀਆਂ ਸਹੂਲਤਾਂ ਉਪਲੱਬਧ ਹੋਣ। ਹਲਦੀ ਦੀ ਕਾਸ਼ਤ ਚੰਗੇ ਜੈਵਿਕ ਮਾਦਾ ਅਤੇ ਪਾਣੀ ਦਾ ਚੰਗਾ ਜਲ ਨਿਕਾਸ ਵਾਲੀ ਜ਼ਮੀਨ ਵਿੱਚ ਕਰਨੀ ਜ਼ਿਆਦਾ ਲਾਹੇਵੰਦ ਹੈ। ਦਰਮਿਆਨੀ ਤੋਂ ਭਾਰੀ ਜ਼ਮੀਨ ਇਸ ਲਈ ਉੱਤਮ ਹੈ। ਖੇਤ ਨੂੰ ਬਿਜਾਈ ਤੋਂ ਪਹਿਲਾਂ ਨਦੀਨਾਂ, ਮੁੱਢਾਂ ਅਤੇ ਵੱਡੇ ਡਲਿਆ ਤੋਂ ਮੁਕਤ ਕਰ ਲੈਣਾ ਚਾਹੀਦਾ ਹੈ। ਇਸ ਲਈ ਖੇਤ ਨੂੰ 2-3 ਵਾਰ ਚੰਗੀ ਤਰ੍ਹਾਂ ਵਾਹ ਕੇ ਅਤੇ ਹਰ ਵਹਾਈ ਤੋਂ ਬਾਅਦ ਸੁਹਾਗਾ ਦੇਣਾ ਬਹੁਤ ਜਰੂਰੀ ਹੈ।

ਬੀਜ ਦੀ ਮਾਤਰਾ ਅਤੇ ਬਿਜਾਈ ਦਾ ਸਮਾਂ : ਇੱਕ ਏਕੜ ਦੀ ਬਿਜਾਈ ਲਈ 6-8 ਕੁਇੰਟਲ ਤਾਜ਼ੀਆਂ, ਨਰੋਈਆਂ, ਰੋਗ ਰਹਿਤ ਅਤੇ ਇੱਕੋ ਜਿਹੇ ਆਕਾਰ ਦੀਆਂ ਗੰਢੀਆਂ ਕਾਫੀ ਹਨ। ਪੰਜਾਬ ਵਿੱਚ, ਹਲਦੀ ਦੀ ਬਿਜਾਈ ਅਪ੍ਰੈਲ ਅਖੀਰ ਤੋਂ ਮਈ ਦੇ ਪਹਿਲੇ ਹਫਤੇ ਤੱਕ ਕੀਤੀ ਜਾ ਸਕਦੀ ਹੈ। ਹਲਦੀ ਦਾ ਵੱਧ ਝਾੜ ਲੈਣ ਲਈ ਅਪ੍ਰੈਲ ਦੇ ਅਖੀਰ ਵਿੱਚ ਗੰਢੀਆਂ ਦੀ ਬਿਜਾਈ ਕਰੋ। ਨੀਮ ਪਹਾੜੀ ਇਲਾਕੇ ਅਤੇ ਉੱਤਰੀ ਜ਼ਿਲਿਆਂ ਵਿੱਚ ਇਸ ਦੀ ਬਿਜਾਈ ਇਕ ਹਫਤਾ ਪਿਛੇਤੀ ਵੀ ਕੀਤੀ ਜਾ ਸਕਦੀ ਹੈ। ਛੇਤੀ ਅਤੇ ਵਧੇਰੇ ਜੰਮ ਲਈ ਬਿਜਾਈ ਤੋਂ ਪਹਿਲਾਂ ਗੰਢੀਆਂ ਨੂੰ 12-24 ਘੰਟੇ ਪਾਣੀ ਵਿੱਚ ਭਿਉਂ ਲਵੋ।

ਬਿਜਾਈ ਦਾ ਢੰਗ : ਹਲਦੀ ਦੀ ਬਿਜਾਈ ਲਈ ਦੋ ਉਨੱਤ ਢੰਗ ਹਨ। ਇਸ ਦੀ ਪੱਧਰੀ ਬਿਜਾਈ ਲਈ ਕਤਾਰ ਤੋਂ ਕਤਾਰ ਦਾ ਫਾਸਲਾ 30 ਸੈਂਟੀਮੀਟਰ ਰੱਖਿਆ ਜਾਂਦਾ ਹੈ। ਇਸ ਢੰਗ ਦੇ ਬਦਲ ਵਿਚ ਵਧੇਰੇ ਝਾੜ ਅਤੇ ਪਾਣੀ ਦੀ ਸੁੱਚਜੀ ਵਰਤੋਂ ਲਈ, ਹਲਦੀ ਦੀਆਂ ਦੋ ਕਤਾਰਾਂ ਦੀ ਬਿਜਾਈ 67.5 ਸੈਂਟੀਮੀਟਰ ਚੌੜੇ ਬੈੱਡਾਂ (37.5 ਸੈਂਟੀਮੀਟਰ ਬੈੱਡ ਅਤੇ 30 ਸੈਂਟੀਮੀਟਰ ਖਾਲੀ) ਉੱਪਰ ਬੂਟੇ ਤੋਂ ਬੂਟੇ ਦਾ ਫਾਸਲਾ 15 ਸੈਂਟੀਮੀਟਰ ਰੱਖ ਕੇ ਕਰੋ। ਬਿਜਾਈ ਉਪਰੰਤ, 36 ਕੁਇੰਟਲ ਝੋਨੇ ਦੀ ਪਰਾਲੀ ਪ੍ਰਤੀ ਏਕੜ ਦੇ ਹਿਸਾਬ ਨਾਲ ਖੇਤ ਵਿੱਚ ਖਿਲਾਰ ਦਿਓ। ਖੇਤ ਨੂੰ ਗੰਢੀਆਂ ਹਰੀਆਂ ਹੋਣ ਤੱਕ ਸਿੱਲ੍ਹਾ ਰੱਖੋ।

ਖਾਦ ਪ੍ਰਬੰਧ ਅਤੇ ਨਦੀਨਾਂ ਦੀ ਰੋਕਥਾਮ : ਹਲਦੀ ਦੀ ਕਾਸ਼ਤ ਲਈ ਰੂੜੀ ਖਾਦ ਸਭ ਤੋਂ ਵਧੀਆ ਹੈ। ਇਸ ਦੀ ਬਿਜਾਈ ਤੋਂ ਪਹਿਲਾਂ 10-12 ਟਨ ਗਲੀ-ਸੜੀ ਰੂੜੀ ਪ੍ਰਤੀ ਏਕੜ ਦੇ ਹਿਸਾਬ ਨਾਲ ਖੇਤ ਵਿੱਚ ਖਿਲਾਰ ਦੇਣੀ ਚਾਹੀਦੀ ਹੈ। ਬਿਜਾਈ ਸਮੇਂ 60 ਕਿਲੋ ਸਿੰਗਲ ਸੁਪਰ ਫਾਸਫੇਟ ਅਤੇ 16 ਕਿਲੋ ਮਿਊਰੇਟ ਆਫ ਪੋਟਾਸ਼ ਵੀ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਓ। ਹਲਦੀ ਦਾ ਵਧੇਰਾ ਝਾੜ ਲੈਣ ਲਈ ਅਤੇ ਜ਼ਮੀਨ ਦੀ ਸਿਹਤ ਵਿੱਚ ਵੀ ਸੁਧਾਰ ਲਈ, ਹਲਦੀ ਦੀਆਂ ਗੰਢੀਆਂ ਬੀਜਣ ਸਮੇਂ ਖੇਤ ਵਿੱਚ ਕਨਸ਼ੋਰਸ਼ੀਅਮ ਜੀਵਾਣੂ ਖਾਦ ਦੀ 4 ਕਿੱਲੋ ਪ੍ਰਤੀ ਏਕੜ ਦੀ ਹਿਸਾਬ ਨਾਲ ਵਰਤੋਂ ਕਰੋ। ਨਦੀਨਾਂ ਦੀ ਰੋਕਥਾਮ ਲਈ 1-2 ਵਾਰ ਹੱਥੀ ਗੋਡੀ ਕਰਨੀ ਜ਼ਰੂਰੀ ਹੈ। ਝੋਨੇ ਦੀ ਪਰਾਲੀ (36 ਕੁਇੰਟਲ ਪ੍ਰਤੀ ਏਕੜ) ਨਦੀਨਾਂ ਕਾਬੂ ਅਤੇ ਰੋਕਣ ਵਿੱਚ ਅਹਿਮ ਯੋਗਦਾਨ ਦਿੰਦੀ ਹੈ।

ਪਾਣੀ ਦਾ ਪ੍ਰਬੰਧ : ਹਲਦੀ ਨੂੰ ਹਰੇ ਹੋਣ ਲਈ ਕਾਫੀ ਸਮਾਂ ਲੱਗਦਾ ਹੈ ਅਤੇ ਇਸਦਾ ਸ਼ੁਰੂਆਤੀ ਵਿਕਾਸ ਹੌਲੀ ਹੋਣ ਕਰਕੇ, ਜ਼ਮੀਨ ਨੂੰ ਸਿੱਲ੍ਹਾ ਰੱਖਣਾ ਜ਼ਰੂਰੀ ਹੈ। ਇਸ ਨੂੰ ਛੇਤੀ ਪਰੰਤੂ ਹਲਕਾ ਪਾਣੀ ਲਗਾਉਣਾ ਚਾਹੀਦਾ ਹੈ। ਜੇਕਰ ਤੁਪਕਾ ਸਿੰਚਾਈ ਦੀ ਵਰਤੋ ਕਰਨੀ ਹੋਵੇ ਤਾਂ ਹਲਦੀ ਨੂੰ 3 ਦਿਨਾਂ ਦੇ ਅੰਤਰ ਤੇ ਲੇਟਰਲ ਪਾਈਪ ਜਿਸ ਤੇ 30 ਸੈਂਟੀਮੀਟਰ ਦੀ ਵਿੱਥ ਤੇ 2.2 ਲੀਟਰ ਪ੍ਰਤੀ ਘੰਟਾ ਪਾਣੀ ਕੱਢਣ ਦੀ ਸਮਰੱਥਾ ਵਾਲੇ ਡਰਿੱਪਰ ਹੋਣ ਤਾਂ ਹੇਠ ਲਿਖੇ ਅਨੁਸਾਰ ਪਾਣੀ ਦੇਣਾ ਚਾਹੀਦਾ ਹੈ।

ਮਹੀਨਾ	ਸਿੰਚਾਈ ਦਾ ਸਮਾਂ (ਮਿੰਟ)
ਮਈ	63
ਜੂਨ	60
ਜੁਲਾਈ	48
ਅਗਸਤ	36
ਸਤੰਬਰ	32
ਅਕਤੂਬਰ	24
ਨਵੰਬਰ	19

ਹਲਦੀ ਦੀ ਪੁਟਾਈ ਅਤੇ ਸਫਾਈ : ਜਦੋਂ ਹਲਦੀ ਦੇ ਪੱਤੇ ਪੂਰੀ ਤਰ੍ਹਾਂ ਪੀਲੇ ਹੋ ਜਾਣ ਅਤੇ ਸੁੱਕ ਜਾਣ, ਉਸ ਸਮੇਂ ਹਲਦੀ ਪੁਟਾਈ ਲਈ ਤਿਆਰ ਹੋ ਜਾਂਦੀ ਹੈ। ਇਸ ਦੀ ਪੁਟਾਈ ਅਖੀਰ ਦਸੰਬਰ ਵਿੱਚ ਕਰਨੀ ਚਾਹੀਦੀ ਹੈ। ਗੰਢੀਆਂ ਦੀ ਪੁਟਾਈ ਤੋਂ ਬਾਅਦ, ਇਹਨਾਂ ਤੋਂ ਜੜਾਂ ਅਤੇ ਮਿੱਟੀ ਨੂੰ ਚੰਗੀ ਤਰ੍ਹਾਂ ਸਾਫ ਕਰ ਲੈਣਾ ਚਾਹੀਦਾ ਹੈ।

ਰਜਿੰਦਰ ਕੁਮਾਰ: 94173-45565

ਖਾਰੇ-ਲੂਣੇ ਪਾਣੀ ਦੀ ਮਾਰ, ਹਰੀ ਖਾਦ ਕਰੇ ਸੁਧਾਰ

ਪ੍ਰਿਤਪਾਲ ਸਿੰਘ, ਨਵਨੀਤ ਕੌਰ ਅਤੇ ਅੰਗਰੇਜ਼ ਸਿੰਘ

ਫ਼ਾਰਮ ਸਲਾਹਕਾਰ ਸੇਵਾ ਕੇਂਦਰ, ਬਠਿੰਡਾ

ਜ਼ਮੀਨ ਦੀ ਸਿਹਤ ਬਰਕਰਾਰ ਰੱਖਣ ਲਈ ਫ਼ਸਲੀ ਰਹਿੰਦ-ਖੂੰਹਦ, ਜੈਵਿਕ ਖਾਦਾਂ ਦੇ ਨਾਲ-ਨਾਲ ਹਰੀ ਖ਼ਾਦ ਨੂੰ ਜ਼ਮੀਨ ਵਿੱਚ ਦਬਾਉਣਾ ਜ਼ਰੂਰੀ ਹੈ। ਜ਼ਮੀਨ ਦੀ ਸਿਹਤ ਸੁਧਾਰ ਲਈ ਹਰੀ ਖਾਦ ਦੀ ਵਰਤੋਂ ਦੀ ਖਾਸ ਮਹੱਤਤਾ ਹੈ।ਹਰੀ ਖਾਦ ਲਈ ਵਰਤੀਆਂ ਜਾਣ ਵਾਲੀਆਂ ਫਲੀਦਾਰ ਫਸਲਾਂ ਰਾਈਜ਼ੋਬੀਅਮ ਨਾਂ ਦੇ ਜੀਵਾਣੂੰ ਦੇ ਸੁਮੇਲ ਨਾਲ ਹਵਾ ਵਿੱਚੋਂ ਨਾਈਟ੍ਰੋਜਨ ਪੌਦੇ ਦੀਆਂ ਜੜਾਂ ਵਿਚਲੀਆਂ ਗੰਢਾਂ ਵਿੱਚ ਜਮ੍ਹਾ ਕਰਕੇ ਜ਼ਮੀਨ ਦੀ ਉਪਜਾਊ ਸ਼ਕਤੀ ਵਧਾਉਂਦੀਆਂ ਹਨ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵੱਲੋਂ ਢੈਂਚਾ (ਜੰਤਰ), ਸਣ, ਗੁਆਰਾ ਅਤੇ ਰਵਾਂਹ ਦੀ ਫ਼ਸਲ ਨੂੰ ਬਤੌਰ ਹਰੀ ਖ਼ਾਦ ਵਰਤਣ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ।ਪਰ ਹਰੀ ਖਾਦ ਲਈ ਜੰਤਰ ਅਤੇ ਸਣ ਅਜਿਹੀਆਂ ਫਸਲਾਂ ਹਨ ਜੋ ਅਸਾਨੀ ਨਾਲ ਗਲ ਜਾਂਦੀਆਂ ਹਨ ਅਤੇ ਥੋੜੇ ਸਮੇਂ ਵਿੱਚ ਕਾਫੀ ਮਾਤਰਾ ਵਿੱਚ ਹਰੀ ਖਾਦ ਪੈਦਾ ਕਰਦੀਆਂ ਹਨ।

ਜ਼ਮੀਨ ਵਿੱਚ ਹਰੀ ਖ਼ਾਦ ਦਬਾਉਣ ਦੇ ਲਾਭ

ਹਰੀ ਖ਼ਾਦ ਦਬਾਉਣ ਨਾਲ, ਇਸ ਮਗਰੋਂ ਬੀਜੀ ਜਾਣ ਵਾਲੀ ਫ਼ਸਲ ਨੂੰ ਨਾਈਟ੍ਰੋਜਨ ਖ਼ਾਦ ਦੀ ਲੋੜ ਵੀ ਕਾਫ਼ੀ ਘਟ ਜਾਂਦੀ ਹੈ। ਜੇਕਰ ਝੋਨੇ ਦੀ ਫਸਲ ਤੋਂ ਪਹਿਲਾਂ ਹਰੀ ਖਾਦ ਜ਼ਮੀਨ ਵਿੱਚ ਵਾਹੀ ਜਾਵੇਂ ਤਾਂ ਝੋਨੇ ਵਿੱਚ 55 ਕਿੱਲੋ ਯੂਰੀਆ ਖਾਦ ਦੀ ਬੱਚਤ ਹੁੰਦੀ ਹੈ। ਜ਼ਿਨ੍ਹਾਂ ਜ਼ਮੀਨਾਂ ਵਿੱਚ ਹਰ ਸਾਲ ਲੋਹਾ ਤੱਤ ਦੀ ਘਾਟ ਆਉਂਦੀ ਹੋਵੇ ਉੱਥੇ ਜੰਤਰ ਦੀ ਹਰੀ ਖਾਦ ਜ਼ਮੀਨ ਵਿੱਚ ਵਾਹੁਣ ਨਾਲ ਲੋਹਾ ਤੱਤ ਦੀ ਘਾਟ ਵੀ ਨਹੀਂ ਆਉਂਦੀ।ਛੋਟੇ ਤੱਤ ਇਸ ਰੂਪ ਵਿੱਚ ਆ ਜਾਂਦੇ ਹਨ ਜਿਸ ਨੂੰ ਪੌਦੇ ਆਸਾਨੀ ਨਾਲ ਲੈ ਸਕਦੇ ਹਨ ।ਹਰ ਸਾਲ ਜ਼ਮੀਨ ਵਿੱਚ ਢੈਂਚੇ ਦੀ 6-8 ਹਫ਼ਤਿਆਂ ਦੀ ਫ਼ਸਲ ਦਬਾਉਣ ਨਾਲ ਝੋਨੇ ਵਿੱਚ ਲੋਹੇ ਦੀ ਘਾਟ ਵੀ ਨਹੀਂ ਆਉਂਦੀ।ਹਰੀ ਖਾਦ ਦੀ ਵਰਤੋਂ ਨਾਲ ਜ਼ਮੀਨ ਵਿੱਚ ਜੈਵਿਕ ਮਾਦੇ ਦਾ ਪੱਧਰ ਵਧਦਾ ਹੈ ਅਤੇ ਜ਼ਮੀਨ ਦੇ ਭੌਤਿਕ, ਰਸਾਇਣਕ ਅਤੇ ਜੈਵਿਕ ਗੁਣਾਂ ਵਿੱਚ ਸੁਧਾਰ ਹੁੰਦਾ ਹੈ। ਹਰੀ ਖਾਦ ਦੀ ਵਰਤੋਂ ਨਾਲ ਜ਼ਮੀਨ ਵਿੱਚ ਹਵਾ ਅਤੇ ਪਾਣੀ ਦਾ ਸੰਚਾਰ ਵੀ ਸਹੀ ਢੰਗ ਨਾਲ ਹੋਣ ਲਗਦਾ ਹੈ, ਜਿਸ ਨਾਲ ਰੇਤਲੀਆਂ ਜ਼ਮੀਨਾਂ ਦੀ ਪਾਣੀ ਸੰਭਾਲ ਕੇ ਰੱਖਣ ਦੀ ਸਮਰੱਥਾ ਵਧਦੀ ਹੈ ਅਤੇ ਭਾਰੀਆਂ ਜ਼ਮੀਨਾਂ ਵਿੱਚ ਪਾਣੀ ਖੜੋਣ ਦੀ ਸਮੱਸਿਆ ਘਟਦੀ ਹੈ।ਇਸ ਨਾਲ ਜ਼ਮੀਨ ਦੀ ਉੱਪਰਲੀ ਉਪਜਾਊ ਤਹਿ ਦੇ ਹਵਾ ਅਤੇ ਪਾਣੀ ਨਾਲ ਰੁੜ੍ਹਨ ਦੀ ਸਮੱਸਿਆ ਵੀ ਘਟਦੀ ਹੈ। ਗਲਣ ਸੜਣ ਉਪਰੰਤ ਹਰਾ ਮਾਦਾ ਜ਼ਮੀਨ ਵਿੱਚ ਕਈ ਤਰ੍ਹਾਂ ਦੇ ਤੇਜ਼ਾਬ ਪੈਦਾ ਕਰਦਾ ਹੈ, ਜੋ ਕਿ ਜ਼ਮੀਨ ਦੇ ਕਲਰਾਠੇਪਣ ਨੂੰ ਘਟਾਉਂਦਾ ਹੈ।

ਹਰੀ ਖ਼ਾਦ ਦੀ ਕਾਸ਼ਤ ਲਈ ਨੁਕਤੇ

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵੱਲੋਂ ਅਜਿਹੀਆਂ ਫਸਲਾਂ ਦੀ ਹਰੀ ਖਾਦ ਵਜੋਂ ਸਿਫਾਰਸ਼ ਕੀਤੀ ਗਈ ਹੈ ਜ਼ਿਨ੍ਹਾਂ ਦਾ ਵਾਧਾ ਤੇਜ਼ੀ ਹੁੰਦਾ ਹੈ ਅਤੇ ਵਧੇਰੇ ਬਨਾਸਪਤਿਕ ਮਾਦੇ ਸਦਕਾ ਇਹ ਫ਼ਸਲਾਂ ਜ਼ਮੀਨ ਵਿੱਚ ਵਧੇਰੇ ਜੈਵਿਕ ਮਾਦਾ ਪਾ ਸਕਦੀਆਂ ਹਨ।ਇਹਨਾਂ ਫ਼ਸਲਾਂ ਦੀਆਂ ਜੜ੍ਹਾਂ ਵਿੱਚ ਵੱਧ ਤੋਂ ਵੱਧ ਗੰਢਾਂ ਹੋਣ ਕਰਕੇ ਇਹ ਵਾਤਾਵਰਨ ਵਿਚਲੀ ਨਾਈਟ੍ਰੋਜਨ ਨੂੰ ਵਧੇਰੇ ਜਮ੍ਹਾਂ ਕਰਦੀਆਂ ਹਨ।ਇਹਨਾਂ ਫ਼ਸਲਾਂ ਨੂੰ ਕੀੜੇ-ਮਕੌੜਿਆਂ ਦਾ ਹਮਲਾ ਘੱਟ ਹੁੰਦਾ ਹੈ ਅਤੇ ਪਾਣੀ ਦੀ ਮੰਗ ਵੀ ਘੱਟ ਹੈ। ਸਣ ਅਤੇ ਜੰਤਰ ਵਿੱਚ ਖਾਰੀਆਂ ਅਤੇ ਤੇਜ਼ਾਬੀ ਹਾਲਾਤਾਂ ਨੂੰ ਸਹਿਣ ਕਰਨ ਦੀ ਸਮਰੱਥਾ ਹੋਣ ਕਰਕੇ ਇਹ ਫਸਲਾਂ ਖਾਰੀਆਂ ਅਤੇ ਤੇਜ਼ਾਬੀ ਜ਼ਮੀਨਾਂ ਦੀ ਸਿਹਤ ਸੁਧਾਰ ਲਈ ਜ਼ਿਆਦਾ ਢੁਕਵੀਆਂ ਹਨ।

ਢੈਂਚਾ:- ਢੈਂਚੇ ਦੀ ਛੇਤੀ ਵਧਣ ਵਾਲੀ ਕਿਸਮ ਪੰਜਾਬ ਢੈਂਚਾ 1 ਦੀ ਕਾਸ਼ਤ ਅਪ੍ਰੈਲ ਤੋਂ ਜੁਲਾਈ ਤੱਕ ਕੀਤੀ ਜਾ ਸਕਦੀ ਹੈ।ਬਿਜਾਈ ਤੋਂ 45-60 ਦਿਨਾਂ ਬਾਅਦ ਇਸ ਦਾ ਕੱਦ 3-5 ਫੁੱਟ ਦੇ ਕਰੀਬ ਹੋ ਜਾਂਦਾ ਹੈ ।ਜੇਕਰ 20 ਕਿਲੋ ਬੀਜ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤਿਆ ਜਾਵੇ ਤਾਂ ਇਸ ਫਸਲ ਨੂੰ ਜ਼ਮੀਨ ਵਿੱਚ ਮਿਲਾਉਣ ਨਾਲ ਲਗਭਗ 50 ਕੁਇੰਟਲ ਤੋਂ 85 ਕੁਇੰਟਲ ਪ੍ਰਤੀ ਏਕੜ ਹਰ ਮਾਦਾ ਜ਼ਮੀਨ ਵਿੱਚ ਜਮ੍ਹਾ ਹੁੰਦਾ ਹੈ । ਢੈਂਚੇ ਦੀ ਬਿਜਾਈ 20 ਤੋਂ 22 ਸੈਂਟੀਮੀਟਰ ਦੀ ਦੂਰੀ ਤੇ ਕਤਾਰਾਂ ਵਿੱਚ ਬੀਜਣ ਦੀ ਸਿਫਾਰਸ਼ ਕੀਤੀ ਗਈ ਹੈ। ਫਸਲ ਦੀ ਬੀਜਾਈ ਸਮੇਂ 75 ਕਿੱਲੋ ਸਿੰਗਲ ਸੁਪਰ ਫਾਸਫੋਰਸ ਪਾ ਦਿਉ। ਜੇਕਰ ਹਾੜ੍ਹੀ ਦੀ ਫ਼ਸਲ ਵਿੱਚ ਸਿਫਾਰਸ਼ ਮੁਤਾਬਕ ਫਾਸਫੋਰਸ ਦੀ ਵਰਤੋਂ ਕੀਤੀ ਗਈ ਹੋਵੇ ਤਾਂ ਢੈਂਚੇ ਨੂੰ ਇਹ ਖ਼ਾਦ ਨਾ ਪਾਉ। ਫ਼ਸਲ ਨੂੰ ਜ਼ਮੀਨ ਦੀ ਕਿਸਮ ਅਤੇ ਤਾਪਮਾਨ ਮੁਤਾਬਕ 3-4 ਵਾਰੀ ਪਾਣੀ ਲਾਓ। ਅਪ੍ਰੈਲ ਵਿੱਚ ਬੀਜੇ ਢੈਂਚੇ ਨੂੰ ਅੱਧ ਜੂਨ ਤੱਕ ਖੇਤ ਵਿੱਚ ਵਾਹ ਦਿਉ। ਇਸ ਸਮੇਂ ਤੱਕ ਇਹ ਫ਼ਸਲ ਕਾਫ਼ੀ ਵਾਧਾ ਕਰ ਜਾਂਦੀ ਹੈ ਅਤੇ ਝੋਨੇ ਦੀ ਲੁਆਈ ਵੀ ਸਹੀ ਸਮੇਂ ਤੇ ਹੋ ਜਾਂਦੀ ਹੈ।ਖੇਤ ਵਿੱਚ ਝੋਨੇ ਜਾਂ ਬਾਸਮਤੀ ਦੀ ਲੁਆਈ ਤੋਂ 1-2 ਦਿਨ ਪਹਿਲਾਂ ਢੈਂਚੇ ਨੂੰ ਜ਼ਮੀਨ ਵਿੱਚ ਵਾਹ ਦਿਉ।ਪਰ ਮੱਕੀ ਦੀ ਬਿਜਾਈ ਤੋਂ ਲਗਭਗ 10 ਦਿਨ ਪਹਿਲਾਂ ਹਰੀ ਖ਼ਾਦ ਨੂੰ ਜ਼ਮੀਨ ਵਿੱਚ ਵਾਹ ਦੇਣਾ ਚਾਹੀਦਾ ਹੈ ਤਾਂ ਜੋ ਉਹ ਚੰਗੀ ਤਰ੍ਹਾਂ ਗਲ-ਸੜ ਜਾਏ।

ਸਣ:- ਸਣ ਹਰੀ ਖਾਦ ਵਜੋਂ ਵਰਤੀ ਜਾਣ ਵਾਲੀ ਇੱਕ ਫ਼ਲੀਦਾਰ ਫ਼ਸਲ ਹੈ, ਜੋ ਛੇਤੀ ਵਧਣ ਦੀ ਯੋਗਤਾ ਰੱਖਦੀ ਹੈ।ਇਹ ਫ਼ਸਲ ਖਾਰੀਆਂ ਅਤੇ ਤੇਜ਼ਾਬੀ ਜ਼ਮੀਨੀ ਹਾਲਤਾਂ ਨੂੰ ਸਹਿਣ ਦੀ ਵੀ ਸਮਰੱਥਾ ਰੱਖਦੀ ਹੈ। ਇਹ ਫਸਲ ਲਗਭਗ 45-90 ਕੁਇੰਟਲ ਹਰਾ ਮਾਦਾ ਜਮੀਨ ਵਿੱਚ ਜਮ੍ਹਾ ਕਰਨ ਦੇ ਸਮਰੱਥ ਹੈ।ਸਣ ਦੀਆਂ ਪੀ ਏ ਯੂ 1691 ਅਤੇ ਨਰਿੰਦਰ ਸਨਈ-1 ਕਿਸਮਾਂ ਦੀ ਸਿਫਾਰਸ਼ ਕੀਤੀ ਗਈ ਹੈ।ਬੀਜਾਈ ਮਗਰੋਂ ਡੇਢ-ਦੋ ਮਹੀਨਿਆਂ ਦੌਰਾਨ ਹੀ ਇਹ ਕਿਸਮਾਂ ਲਗਭਗ 160-225 ਸੈਂਟੀਮੀਟਰ ਤੱਕ ਕੱਦ ਕਰ ਜਾਂਦੀਆਂ ਹਨ।ਇਹਨਾਂ ਕਿਸਮਾਂ ਦੀ ਕਾਸ਼ਤ ਅਪ੍ਰੈਲ ਤੋਂ ਜੁਲਾਈ ਦੌਰਾਨ ਕੀਤੀ ਜਾ ਸਕਦੀ ਹੈ। ਖੇਤ ਦੀ ਤਿਆਰੀ ਮਗਰੋਂ ਬਿਜਾਈ ਲਈ 20 ਕਿੱਲੋ ਬੀਜ ਪ੍ਰਤੀ ਏਕੜ ਦੇ ਹਿਸਾਬ ਨਾਲ 22.5 ਸੈਂਟੀਮੀਟਰ ਵਿੱਥ ਦੀਆਂ ਕਤਾਰਾਂ ਵਿੱਚ ਜਾਂ ਛੱਟੇ ਨਾਲ ਕਰੋ। ਚੰਗੇ ਜੰਮ ਲਈ ਬੀਜ ਨੂੰ ਬਿਜਾਈ ਤੋਂ ਪਹਿਲਾਂ ਕੁੱਝ ਦੇਰ ਲਈ ਪਾਣੀ ਵਿੱਚ ਭਿਉਣ ਨਾਲ ਜੰਮ ਚੰਗਾ ਹੁੰਦਾ ਹੈ।ਫ਼ਸਲ ਦੀ ਬੀਜਾਈ ਸਮੇਂ ਪ੍ਰਤੀ ਏਕੜ 16 ਕਿੱਲੋ ਫਾਸਫੋਰਸ (100 ਕਿੱਲੋ ਸਿੰਗਲ ਸੁਪਰ ਫਾਸਫੋਰਸ) ਪਾਉਣ ਦੀ ਜ਼ਰੂਰਤ ਪੈਂਦੀ ਹੈ। ਇਸ ਫਸਲ ਨੂੰ ਜੰਤਰ ਦੇ ਮੁਕਾਬਲੇ ਘੱਟ ਸਿੰਚਾਈਆਂ ਦੀ ਜ਼ਰੂਰਤ ਹੈ, ਸੋ ਜ਼ਮੀਨ ਦੀ ਕਿਸਮ ਅਤੇ ਮੌਸਮ ਅਨੁਸਾਰ 2-3 ਪਾਣੀ ਹੀ ਕਾਫੀ ਹਨ। ਕਣਕ ਝੋਨੇ ਦੇ ਫਸਲੀ ਚੱਕਰ ਵਿੱਚ ਕਿਸਾਨਾਂ ਕੋਲ ਕਣਕ ਦੀ ਵਾਢੀ ਤੋਂ ਬਾਅਦ 20 ਜੂਨ ਤੱਕ ਲਗਭਗ ਦੋ ਮਹੀਨਿਆਂ ਦਾ ਸਮਾਂ ਹੁੰਦਾ ਹੈ ਜਿਸ ਦੌਰਾਨ ਜੰਤਰ ਜਾਂ ਸਣ ਦੀ ਹਰੀ ਖਾਦ ਕੀਤੀ ਜਾ ਸਕਦੀ ਹੈ।ਹਰੀ ਖਾਦ ਲਈ ਸਿਫਾਰਸ਼ ਕਿਸਮਾਂ ਦੀ ਕਾਸ਼ਤ ਕਰਕੇ ਅਤੇ ਹਰੀ ਖਾਦ ਨੂੰ ਜ਼ਮੀਨ ਵਿਚ ਮਿਲਾਕੇ ਕਿਸਾਨ ਵੀਰ ਨਾ ਸਿਰਫ ਜ਼ਮੀਨ ਦੀ ਉਪਜਾਊ ਸ਼ਕਤੀ ਵਧਾ ਸਕਦੇ ਹਨ ਸਗੋਂ ਫਸਲਾਂ ਦਾ ਚੰਗਾ ਝਾੜ ਵੀ ਪ੍ਰਾਪਤ ਕਰ ਸਕਦੇ ਹਾਂ ।

ਪ੍ਰਿਤਪਾਲ ਸਿੰਘ: 97800-16480

ਫ਼ਸਲੀ ਵਿਭਿੰਨਤਾ ਅਤੇ ਮੁਨਾਫੇ ਲਈ ਬੇਬੀ ਕੌਰਨ ਦੀ ਕਾਸ਼ਤ

ਤੋਸ਼ ਗਰਗ, ਮਹੇਸ਼ ਕੁਮਾਰ ਅਤੇ ਐਸ ਕੇ ਸੰਧੂ
ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ

ਮੱਕੀ ਦੀ ਅਜਿਹੀ ਛੱਲੀ, ਜਿਸ ਨੇ ਅਜੇ ਸੂਤ ਕੱਤਣਾ ਸ਼ੁਰੂ ਕੀਤਾ ਹੋਵੇ, ਪਰੰਤੂ ਅਜੇ ਦਾਣੇ ਬਨਣ ਦੀ ਪ੍ਰਕਿਰਿਆ ਸ਼ੁਰੂ ਨਾ ਹੋਈ ਹੋਵੇ, ਅਜਿਹੀ ਛੱਲੀ ਨੂੰ ਤੋੜ ਕੇ ਬੇਬੀ ਕੌਰਨ ਦੇ ਤੌਰ ਤੇ ਇਸਤੇਮਾਲ ਕੀਤਾ ਜਾਂਦਾ ਹੈ। ਬੇਬੀ ਕੌਰਨ ਨੂੰ ਸਬਜ਼ੀ, ਅਚਾਰ, ਪਕੌੜੇ ਅਤੇ ਸੂਪ ਅਦਿ ਤਿਆਰ ਕਰਨ ਵਾਸਤੇ ਵਰਤਿਆ ਜਾਂਦਾ ਹੈ। ਇਸਦੀ ਵਰਤੋਂ ਵਿਭਿੰਨ ਪਕਵਾਨਾਂ ਨੂੰ ਤਿਆਰ ਕਰਨ ਵਿੱਚ ਕੀਤੀ ਜਾਂਦੀ ਹੈ, ਜਿਵੇਂ ਕਿ ਹਲਵਾ, ਖੀਰ, ਬਰਫੀ, ਜੈਮ, ਚਟਣੀ, ਅਚਾਰ, ਕੈਂਡੀ, ਮੁਰੱਬਾ, ਸੂਪ, ਮੰਚੂਰੀਅਨ, ਚਾਉਮਿਨ ਅਤੇ ਰਵਾਇਤੀ ਉਤਪਾਦ ਜਿਵੇਂ ਕਿ ਪਕੌੜੇ, ਸਲਾਦ, ਸੁੱਕੀਆਂ ਸਬਜ਼ੀਆਂ, ਕੋਫਤਾ, ਮਿਸ਼ਰਤ ਸਬਜ਼ੀ, ਰਾਇਤਾ ਆਦਿ। ਬੇਬੀ ਕੌਰਨ ਦੀ ਫ਼ਸਲ ਤਕਰੀਬਨ 60-65 ਦਿਨਾਂ ਵਿੱਚ ਖ਼ਤਮ ਹੋ ਜਾਂਦੀ ਹੈ।

ਢੁਕਵੀਂ ਕਿਸਮ: ਬੇਬੀ ਕੌਰਨ ਦੀ ਕਾਸ਼ਤ ਲਈ ਜਲਦੀ ਪੱਕਣ ਵਾਲੀ ਇੱਕ ਦੋਗਲੀ ਕਿਸਮ ਪੰਜਾਬ ਬੇਬੀ ਕੌਰਨ 1 ਦੀ ਸਿਫਾਰਸ਼ ਕੀਤੀ ਗਈ ਹੈ।ਪੀ.ਏ.ਯੂ. ਵੱਲੋਂ ਪਹਿਲਾਂ ਸਿਫਾਰਸ਼ ਕੀਤੀ ਗਈ ਕਿਸਮਾਂ ਵਿੱਚੋਂ ਕਿਸਾਨਾਂ ਨੂੰ ਵਪਾਰਕ ਵਰਤੋਂ ਲਈ ਚੰਗੀ ਕੁਆਲਿਟੀ ਦੇ ਬੇਬੀ ਕੌਰਨ ਪ੍ਰਾਪਤ ਕਰਨ ਲਈ ਬਾਬੂ ਝੰਡੇ ਕੱਢਣੇ ਪੈਂਦੇ ਹਨ।ਪੰਜਾਬ ਬੇਬੀ ਕੌਰਨ 1 ਕਿਸਮ ਸਾਈਟੋਪਲਾਜ਼ਮਿਕ ਮੇਲ ਸਟਰਲਿਟੀ ਤੇ ਆਧਾਰਿਤ ਹੈ, ਜਿਸਦਾ ਮਤਲਬ ਇਹ ਹੈ ਕਿ ਇਸ ਕਿਸਮ ਵਿੱਚ ਪਰਾਗ ਕਣ ਨਹੀਂ ਹੁੰਦੇ।ਇਸ ਲਈ, ਕਿਸਾਨਾਂ ਨੂੰ ਚੰਗੀ ਗੁਣਵੱਤਾ ਵਾਲੇ ਬੇਬੀ ਕੌਰਨ ਪ੍ਰਾਪਤ ਕਰਨ ਲਈ ਬਾਬੂ ਝੰਡਿਆਂ ਨੂੰ ਕੱਢਣ (ਡੀਟੈਸਲਿੰਗ) ਦੀ ਲੋੜ ਨਹੀਂ ਪੈਂਦੀ ਕਿਉਂਕਿ ਪਰਾਗਣ ਨਾਲ ਬੀਜ ਬਣ ਜਾਂਦਾ ਹੈ ਅਤੇ ਜੋ ਕਿ ਇਸਨੂੰ ਬੇਬੀ ਕੌਰਨ ਦੇ ਤੌਰ ਤੇ ਅਸਵੀਕਾਰਯੋਗ ਬਣਾ ਦਿੰਦਾ ਹੈ । ਇਸ ਨਾਲ ਬਾਬੂ ਝੰਡਿਆਂ ਨੂੰ ਕੱਢਣ ਲਈ ਹੋਣ ਵਾਲੇ ਸਮੇਂ, ਮਿਹਨਤ ਅਤੇ ਖਰਚੇ ਦੀ ਬੱਚਤ ਹੁੰਦੀ ਹੈ।ਇਹ ਕਿਸਮ ਲਗਭਗ ਬਿਜਾਈ ਤੋਂ 52 ਦਿਨਾਂ ਬਾਅਦ ਬੇਬੀ ਕੌਰਨ ਦੀ ਪਹਿਲੀ ਤੁੜਾਈ ਲਈ ਤਿਆਰ ਹੋ ਜਾਂਦੀ ਹੈ ਅਤੇ ਕਿਸਾਨ 10-12 ਦਿਨਾਂ ਦੇ ਵਕਫੇ ਵਿੱਚ 2 ਤੋਂ 3 ਤੁੜਾਈਆਂ ਲੈ ਸਕਦੇ ਹਨ।ਇਸ ਕਿਸਮ ਦੇ ਬੇਬੀ ਕੌਰਨ ਦਾ ਔਸਤਨ ਝਾੜ 21 ਕੁਇੰਟਲ ਪ੍ਰਤੀ ਹੈਕਟੇਅਰ ਹੈ। ਬੇਬੀ ਕੌਰਨ ਦੀ ਤੁੜਾਈ ਤੋਂ ਬਾਅਦ, ਕਿਸਾਨ ਮੱਕੀ ਦੇ ਟਾਂਡਿਆਂ ਨੂੰ ਹਰੇ ਚਾਰੇ ਵਜੋਂ ਵਰਤ ਸਕਦੇ ਹਨ।ਇਹ ਕਿਸਮ ਬੇਬੀ ਕੌਰਨ ਦੀ ਤੁੜਾਈ ਪੂਰੀ ਹੋਣ ਤੋਂ ਬਾਅਦ 128 ਕੁਇੰਟਲ ਪ੍ਰਤੀ ਏਕੜ ਚਾਰੇ ਦਾ ਝਾੜ ਦਿੰਦੀ ਹੈ।

ਬਿਜਾਈ ਦਾ ਸਮਾਂ ਤੇ ਢੰਗ:- ਬੇਬੀ ਕੌਰਨ ਦੀ ਕਾਸ਼ਤ ਅਪ੍ਰੈਲ ਤੋਂ ਅਗਸਤ ਦੇ ਪਹਿਲੇ ਹਫ਼ਤੇ ਤੱਕ ਕੀਤੀ ਜਾ ਸਕਦੀ ਹੈ।ਇੱਕ ਏਕੜ ਬਿਜਾਈ ਲਈ 20 ਕਿਲੋ ਬੀਜ ਦੀ ਵਰਤੋਂ ਕਰਨੀ ਚਾਹੀਦੀ ਹੈ। ਬਿਜਾਈ ਸਿੱਧੀਆਂ ਕਤਾਰਾਂ ਵਿੱਚ ਕਰੋ।ਕਤਾਰ ਤੋਂ ਕਤਾਰ 30 ਸੈਂਟੀਮੀਟਰ ਅਤੇ ਬੂਟੇ ਤੋਂ ਬੂਟੇ ਦਾ ਫਾਸਲਾ 20 ਸੈਂਟੀਮੀਟਰ ਰੱਖਣਾ ਚਾਹੀਦਾ ਹੈ। ਸਾਰਾ ਖੇਤ ਇੱਕੋ ਵਾਰ ਨਹੀਂ ਬੀਜਣਾ ਚਾਹੀਦਾ ਖੇਤ ਨੂੰ ਦੋ ਜਾਂ ਤਿੰਨ ਹਿੱਸਿਆਂ ਵਿੱਚ ਵੰਡ ਲਵੋ ਅਤੇ ਥੋੜੇ-ਥੋੜੇ ਵਕਫ਼ੇ ਮਗਰੋਂ ਬਿਜਾਈ ਕਰੋ ਤਾਂ ਜੋ ਸਮੇਂ ਸਮੇਂ ਸਿਰ ਮਾਰਕੀਟ ਦੀ ਮੰਗ ਅਨੁਸਾਰ ਸਪਲਾਈ ਕੀਤੀ ਜਾ ਸਕੇ।

ਸੰਭਾਵੀ ਫ਼ਸਲ ਚੱਕਰ:- ਕਿਉਂਕਿ ਬੇਬੀ ਕੌਰਨ ਦੀ ਫ਼ਸਲ ਸਿਰਫ਼ 60-65 ਦਿਨਾਂ ਦੀ ਹੈ ਸੋ ਅਪ੍ਰੈਲ ਤੋਂ ਸਤੰਬਰ ਤੱਕ ਦੋ ਜਾਂ ਤਿੰਨ ਫ਼ਸਲਾਂ ਲਗਾਤਾਰ ਇਕੋ ਹੀ ਖੇਤ ਵਿੱਚੋਂ ਲਈਆਂ ਜਾ ਸਕਦੀਆਂ ਹਨ। ਅਪ੍ਰੈਲ ਵਿੱਚ ਬੀਜੀ ਬੇਬੀ ਕੌਰਨ ਤੋਂ ਬਾਅਦ ਜੂਨ-ਜੁਲਾਈ ਵਿੱਚ ਝੋਨਾ ਜਾਂ ਬਾਸਮਤੀ ਦੀ ਵੀ ਕਾਸ਼ਤ ਕੀਤੀ ਜਾ ਸਕਦੀ ਹੈ ।ਬੇਬੀ ਕੌਰਨ ਦੀਆਂ ਲਗਾਤਾਰ ਦੋ ਫ਼ਸਲਾਂ ਲੈਣ ਤੋਂ ਬਾਅਦ ਸਤੰਬਰ ਵਿੱਚ ਅਗੇਤੇ ਮਟਰ ਜਾਂ ਅਕਤੂਬਰ ਵਿੱਚ ਆਲੂ ਦੀ ਕਾਸ਼ਤ ਕੀਤੀ ਜਾ ਸਕਦੀ ਹੈ। ਬੇਬੀ ਕੌਰਨ ਖੇਤੀ ਆਮਦਨ ਵਧਾਉਣ ਅਤੇ ਖੇਤੀ ਵੰਨ-ਸਵੰਨਤਾ ਵਿੱਚ ਅਹਿਮ ਯੋਗਦਾਨ ਪਾ ਸਕਦੀ ਹੈ।

ਖਾਦਾਂ ਦੀ ਵਰਤੋਂ:- ਖੁਰਾਕੀ ਤੱਤਾਂ ਦੀ ਵਰਤੋਂ ਮਿੱਟੀ ਦੀ ਉਪਜਾਊ ਸ਼ਕਤੀ ਅਤੇ ਫ਼ਸਲੀ ਚੱਕਰ ਅਨੁਸਾਰ ਕਰੋ। ਚੰਗਾ ਝਾੜ ਲੈਣ ਲਈ 52 ਕਿਲੋ ਯੂਰੀਆ, 75 ਕਿਲੋ ਸੁਪਰਫਾਸਫੇਟ ਜਾਂ 27 ਕਿਲੋ ਡੀ ਏ ਪੀ ਅਤੇ 15 ਕਿਲੋ ਮਿਊਰੇਟ ਆਫ ਪੋਟਾਸ਼ ਪ੍ਰਤੀ ਏਕੜ ਦੀ ਵਰਤੋਂ ਕਰੋ। ਜੇਕਰ ਖੇਤ ਵਿੱਚ ਜ਼ਿੰਕ ਦੀ ਘਾਟ ਹੋਵੇ ਤਾਂ 10 ਕਿਲੋ ਜ਼ਿੰਕ ਸਲਫੇਟ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉ।ਜੇਕਰ ਡੀ ਏ ਪੀ 27 ਕਿਲੋ ਪਾਈ ਹੋਵੇ ਤਾਂ ਯੂਰੀਆ 10 ਕਿਲੋ ਘਟਾ ਦਿਉ। ਖਾਦਾਂ ਦੀ ਸਮੇਂ ਸਿਰ ਵਰਤੋਂ ਫ਼ਸਲ ਦਾ ਝਾੜ ਵਧਾਉਂਦੀ ਹੈ। ਸਾਰੀ ਫਾਸਫੋਰਸ, ਪੋਟਾਸ਼ ਅਤੇ ਅੱਧਾ ਹਿੱਸਾ ਯੂਰੀਆ ਖਾਦ ਬਿਜਾਈ ਸਮੇਂ ਪਾਉ। ਬਾਕੀ ਦੀ ਰਹਿੰਦੀ ਯੂਰੀਆ ਖਾਦ ਜਦ ਫ਼ਸਲ ਗੋਡੇ-ਗੋਡੇ ਹੋ ਜਾਵੇ ਉਸ ਵੇਲੇ ਪਾਓ।

ਬੇਬੀ ਕੌਰਨ ਦੀ ਤੁੜਾਈ:- ਸੂਤ ਨਿਕਲਣ ਸਾਰ ਨਰਮ ਕੱਚੀਆਂ ਛੱਲੀਆਂ ਨੂੰ ਤੋੜ ਲੈਣਾ ਚਾਹੀਦਾ ਹੈ।ਤੁੜਾਈ ਲੇਟ ਹੋਣ ਨਾਲ ਇਹ ਛੱਲੀਆਂ ਸਖ਼ਤ ਅਤੇ ਮੋਟੀਆਂ ਹੋ ਜਾਂਦੀਆਂ ਹਨ। ਇਸ ਨਾਲ ਬੇਬੀ ਕੌਰਨ ਦੀ ਗੁਣਵੱਤਾ ਘੱਟ ਜਾਂਦੀ ਹੈ ਅਤੇ ਮੰਡੀ ਵਿੱਚ ਘੱਟ ਭਾਅ ਮਿਲਦਾ ਹੈ।ਇਕ ਬੂਟੇ ਤੋਂ ਦੋ ਜਾਂ ਤਿੰਨ ਵਾਰ ਛੱਲੀਆਂ ਤੋੜਨੀਆਂ ਚਾਹੀਦੀਆਂ ਹਨ। ਇਸ ਤੋਂ ਵੱਧ ਲੱਗਣ ਵਾਲੀਆਂ ਛੱਲੀਆਂ ਦੀ ਕੁਆਲਟੀ ਚੰਗੀ ਨਹੀਂ ਹੁੰਦੀ । ਤੁੜਾਈ ਵੇਲੇ ਬੇਬੀ ਕੌਰਨ ਉਪਰ ਪਰਦੇ ਦੀ ਇਕ ਤਹਿ ਰਹਿਣ ਦੇਣੀ ਚਾਹੀਦੀ ਹੈ ਤਾਂ ਜੋ ਮੰਡੀ ਵਿੱਚ ਵੇਚਣ ਵੇਲੇ ਇਸ ਦੀ ਦਿਖ ਪ੍ਰਭਾਵਸ਼ਾਲੀ ਰਹੇ ਅਤੇ ਕੁਆਲਟੀ ਤੇ ਮਾੜਾ ਅਸਰ ਨਾ ਪਵੇ।

ਮੰਡੀਕਰਨ:- ਬੇਬੀ ਕੌਰਨ ਦੀ ਹੋਟਲਾਂ, ਹਵਾਈ ਅਤੇ ਸਮੁੰਦਰੀ ਜਹਾਜ਼ਾਂ ਦੀਆਂ ਕੰਪਨੀਆਂ ਵਿੱਚ ਬਹੁਤ ਮੰਗ ਹੈ। ਪ੍ਰਾਇਵੇਟ ਕੰਪਨੀਆਂ ਇਸ ਨੂੰ ਪੱਛਮੀ ਦੇਸ਼ਾਂ ਨੂੰ ਨਿਰਯਾਤ ਕਰਦੀਆਂ ਹਨ।ਕਿਉਂਕਿ ਬੇਬੀ ਕੌਰਨ ਇੱਕ ਜਲਦ ਖਰਾਬ ਹੋਣ ਵਾਲੀ ਵਸਤੂ ਹੈ, ਇਸ ਲਈ ਕਿਸਾਨਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੀ ਉਪਜ ਦੇ ਮੰਡੀਕਰਨ ਲਈ ਪਹਿਲਾਂ ਤੋਂ ਲਿੰਕ ਸਥਾਪਤ ਕਰਨ। ਸ਼ਹਿਰੀ ਅਤੇ ਕਸਬਿਆਂ ਦੇ ਆਸ-ਪਾਸ ਦੇ ਕਿਸਾਨਾਂ ਕੋਲ ਬੇਬੀ ਕੌਰਨ ਦੀ ਕਾਸ਼ਤ ਕਰਕੇ ਵਧੇਰੇ ਆਮਦਨ ਲੈਣ ਦੇ ਬਿਹਤਰ ਮੌਕੇ ਹਨ। ਪੰਜਾਬ ਦੇ ਕਿਸਾਨਾਂ ਨੂੰ ਪੀ.ਏ. ਯੂ. ਵੱਲੋਂ ਵਿਕਸਤ ਕੀਤੀਆਂ ਨਵੀਂਆਂ ਕਿਸਮਾਂ ਅਤੇ ਤਕਨੀਕਾਂ ਦੀਆਂ ਸੰਭਾਵਨਾਵਾਂ ਦਾ ਲਾਹਾ ਲੈਣਾ ਚਾਹੀਦਾ ਹੈ।

ਤੋਸ਼ ਗਰਗ: 90415-04496

ਵੇਲਾਂ ਵਾਲੀਆਂ ਸਬਜ਼ੀਆਂ ਦੀ ਕਾਸ਼ਤ ਲਈ ਤਕਨੀਕੀ ਨੁਕਤੇ

ਰੂਮਾ ਦੇਵੀ
ਸਬਜ਼ੀ ਵਿਗਿਆਨ ਵਿਭਾਗ

ਮਨੁੱਖੀ ਖੁਰਾਕ ਵਿਚ ਕੱਦੂ ਜਾਤੀ ਦੀਆਂ ਸਬਜੀਆਂ ਦਾ ਇੱਕ ਆਪਣਾ ਹੀ ਵਿਲੱਖਣ ਸਥਾਨ ਹੈ। ਖਰਬੂਜ਼ਾ, ਤਰਬੂਜ਼, ਖੀਰਾ, ਘੀਆ ਕੱਦੂ, ਹਲਵਾ ਕੱਦੂ, ਚੱਪਣ ਕੱਦੂ, ਕਾਲੀ ਤੋਰੀ, ਟੀਂਡਾ ਅਤੇ ਕਰੇਲਾ ਕੱਦੂ ਜਾਤੀ ਦੀਆਂ ਅਹਿਮ ਫਸਲ਼ਾਂ ਹਨ। ਇਨ੍ਹਾਂ ਸਬਜ਼ੀਆਂ ਦੀ ਸ਼ਫਲ ਕਾਸ਼ਤ ਲਈ ਕੁੱਝ ਖਾਸ ਤਕਨੀਕੀ ਨੁਕਤੇ ਅਪਨਾਉਣੇ ਚਾਹੀਦੇ ਹਨ ਜੋ ਹੇਠ ਦਿੱਤੇ ਗਏ ਹਨ:

ਮੌਸਮ ਅਤੇ ਜ਼ਮੀਨ: ਗਰਮ ਮੌਸਮ ਵੇਲਾਂ ਵਾਲੀਆਂ ਸਬਜ਼ੀਆਂ ਦੇ ਵਾਧੇ ਲਈ ਢੁਕਵਾਂ ਹੁੰਦਾ ਹੈ ਅਤੇ ਇਹ ਕੋਰਾ ਬਿਲਕੁਲ ਸਹਿਣ ਨਹੀਂ ਕਰ ਸਕਦੀਆਂ । 15 ਡਿਗਰੀ ਸੈਲਸੀਅਸ ਤਾਪਮਾਨ ਤੋਂ ਹੇਠਾਂ ਇਨ੍ਹਾਂ ਸ਼ਬਜੀਆਂ ਦੀ ਉੱਗਣ ਸ਼ਕਤੀ ਘੱਟ ਜਾਂਦੀ ਹੈ । ਖਰਬੂਜ਼ੇ ਅਤੇ ਤਰਬੂਜ਼ ਦੇ ਚੰਗੇ ਵਾਧੇ ਅਤੇ ਫਲਾਂ ਦੀ ਚੋਖੀ ਮਿਠਾਸ ਲਈ ਗਰਮ ਖੁਸ਼ਕ ਦਿਨ ਅਤੇ ਠੰਡੀਆਂ ਰਾਤਾਂ ਦੀ ਲੋੜ ਹੁੰਦੀ ਹੈ। ਚੰਗੇ ਨਿਕਾਸ ਵਾਲੀਆਂ ਹਲਕੀਆਂ ਜ਼ਮੀਨਾਂ ਜਿਨ੍ਹਾਂ ਵਿੱਚ ਜੈਵਿਕ ਮਾਦਾ ਭਰਪੂਰ ਹੋਏ ਵੇਲਾਂ ਵਾਲੀਆਂ ਸਬਜ਼ੀਆਂ ਦੀ ਕਾਸ਼ਤ ਲਈ ਢੁਕਵੀਆਂ ਹੁੰਦੀਆ ਹਨ। ਅਗੇਤੀ ਫ਼ਸਲ ਲੈਣ ਲਈ ਰੇਤਲੀ ਜ਼ਮੀਨ ਵਧੀਆ ਰਹਿੰਦੀ ਹੈ।

ਕਾਸ਼ਤਕਾਰੀ ਢੰਗ: ਇਨ੍ਹਾਂ ਫਸਲਾਂ ਦੀ ਬਿਜਾਈ ਦਾ ਸਹੀ ਸਮਾਂ ਫਰਵਰੀ-ਮਾਰਚ ਜਾਂ ਜੂਨ-ਜੁਲਾਈ ਹੈ ਪਰੰਤੂ ਨਿਯਮਤ ਸਪਲਾਈ ਯਕੀਨੀ ਬਨਾਉਣ ਲਈ ਬਿਜਾਈ ਫਰਵਰੀ ਦੇ ਦੂਜੇ ਪੰਦਰਵਾੜੇ ਤੋਂ ਲੈ ਕੇ ਅਗਸਤ ਦੇ ਪਹਿਲੇ ਪੰਦਰਵਾੜੇ ਤੱਕ 15 ਦਿਨ ਦੇ ਵਕਫ਼ੇ ਤੇ ਕੀਤੀ ਜਾ ਸਕਦੀ ਹੈ। ਜਦੋਂ ਬਿਜਾਈ ਮੁੱਖ ਸਮੇਂ ਤੋਂ ਅਗਾਂਹ ਜਾਂ ਪਿਛਾਂਹ ਕਰਦੇ ਹਾਂ ਤਾਂ ਫੁੱਲਾਂ ਦੇ ਪਰਾਗਣ ਤੇ ਮਾੜਾ ਅਸਰ ਪੈਂਦਾ ਹੈ ਅਤੇ ਫ਼ਲ ਨਹੀਂ ਬਣਦੇ। ਇਸ ਲਈ ਖੇਤ ਵਿੱਚ ਦੋ ਤੋਂ ਤਿੰਨ ਮਧੂ ਮੱਖੀਆਂ ਦੇ ਕੁਟੰਬਾਂ (ਪਰਿਵਾਰ) ਨੂੰ ਰੱਖਣ ਦੀ ਸਿਫਾਰਸ ਕੀਤੀ ਜਾਂਦੀ ਹੈ। ਮਧੂ ਮੱਖੀਆਂ ਦੀ ਘੱਟ ਤਾਦਾਤ ਪਰਾਗਣ ਦੀ ਪਰਕਿਰਿਆ ਤੇ ਮਾੜਾ ਅਸਰ ਪਾਉਂਦੀ ਹੈ। ਜਿਸ ਨਾਲ ਬੇਢੰਗੇ ਜਾਂ ਟੇਢੇ-ਮੇਢੇ ਫ਼ਲ ਬਣ ਸਕਦੇ ਹਨ, ਜੋ ਕਿ ਝਾੜ ਅਤੇ ਗੁਣਵੱਤਾ ਉੱਤੇ ਮਾੜਾ ਅਸਰ ਪਾਉਂਦੇ ਹਨ।

ਬੀਜ ਦੀ ਸਿੱਧੀ ਬਿਜਾਈ ਬੈਡਾਂ ਦੇ ਦੋਨੇ ਪਾਸੇ ਕਰਨੀ ਚਾਹੀਦੀ ਹੈ। ਸਾਰੀ ਸਿੰਗਲ ਸੁਪਰ ਫ਼ਾਸਫ਼ੇਟ, ਮਿਉਰੇਟ ਆਫ਼ ਪੋਟਾਸ਼ ਅਤੇ ਅੱਧੀ ਯੂਰੀਆ ਦੀ ਖਾਦ ਬੀਜ ਬੀਜਣ ਤੋਂ ਪਹਿਲਾਂ ਖੇਲ਼ਾਂ ਦੇ ਦੋਹੀਂ ਪਾਸੀਂ ਸਮਾਨ ਅੰਤਰ ਕਤਾਰਾਂ ਵਿਚ ਪਾਉਣੀ ਚਾਹੀਦੀ ਹੈ । ਬਾਕੀ ਦੀ ਅੱਧੀ ਯੂਰੀਆਂ ਫ਼ਸਲ ਉੱਗਣ ਤੋਂ ਇਕ ਮਹੀਨੇ ਬਾਅਦ ਮੁੱਢਾਂ ਦੇ ਆਲੇ-ਦੁਆਲੇ ਮਿੱਟੀ ਵਿੱਚ ਮਿਲਾ ਕੇ ਪਾਉਣੀ ਚਾਹੀਦੀ ਹੈ । ਇਨ੍ਹਾਂ ਸਬਜ਼ੀਆਂ ਦੀ ਲੁਆਈ ਪਨੀਰੀ ਰਾਹੀਂ ਵੀ ਇਸੇ ਤਰ੍ਹਾਂ ਬੈੱਡਾਂ ਦੇ ਦੋਨੋਂ ਪਾਸੇ ਲਾ ਕੇ ਤਿਆਰ ਕੀਤੀ ਜਾ ਸਕਦੀ ਹੈ।

ਪਾਣੀ: ਇਨ੍ਹਾਂ ਸਬਜ਼ੀਆਂ ਦੇ ਵਿੱਚ ਹਲਕਾ ਪਾਣੀ ਲਾਉਣਾ ਚਾਹੀਦਾ ਹੈ ਅਤੇ ਦੋ ਪਾਣੀਆਂ ਵਿਚਕਾਰ 7 ਤੋਂ 10 ਦਿਨ ਦਾ ਵਕਫ਼ਾ ਹੋਣਾ ਚਾਹੀਦਾ ਹੈ। ਗਰਮੀਆਂ ਵਿੱਚ ਫਸਲ ਨੂੰ ਸੋਕੇ ਤੋਂ ਬਚਾਉ।ਜਦੋਂ ਫ਼ਸਲ ਪੱਕਣ ਵਾਲੀ ਹੋਵੇ ਤਾਂ ਖਰਬੂਜ਼ੇ ਅਤੇ ਤਰਬੂਜ਼ ਵਿੱਚ ਦੋ ਪਾਣੀਆਂ ਦਾ ਵਕਫਾ ਵਧਾ ਦੇਣਾ ਚਾਹੀਦਾ ਹੈ । ਜਿਸ ਨਾਲ ਇਨ੍ਹਾਂ ਵਿੱਚ ਮਿਠਾਸ ਦੀ ਮਾਤਰਾ ਵੱਧ ਜਾਂਦੀ ਹੈ।

ਤੁੜਾਈ: ਖਰਬੂਜੇ ਨੂੰ ਦੂਰ-ਦੁਰਾਡੇ ਦੀਆਂ ਮੰਡੀਆਂ ਵਿੱਚ ਭੇਜਣ ਲਈ ਫ਼ਲ ਜਦੋਂ ਪੂਰੇ ਆਕਾਰ ਅਤੇ ਹਰੇ ਰੰਗ ਦੇ ਹੀ ਹੋਣ ਤਾਂ ਤੋੜ ਲਓ । ਨੇੜੇ ਦੀਆਂ ਮੰਡੀਆਂ ਲਈ ਅੱਧ ਪੱਕੀ ਹਾਲਤ ਵਿਚ ਤੋੜੋ । ਫ਼ਲ ਦੀਆਂ ਤੰਦਾਂ ਦਾ ਸੁੱਕਣਾ, ਫ਼ਲ ਦੇ ਜ਼ਮੀਨ ਤੇ ਲੱਗੇ ਹਿੱਸੇ ਦਾ ਰੰਗ ਪੀਲਾ ਹੋਣਾ ਅਤੇ ਫ਼ਲ ਨੂੰ ਥੱਪ-ਥਪਾਉਣ ਤੇ ਭੱਦੀ ਜਿਹੀ ਆਵਾਜ਼ ਦੇਣਾ ਤਰਬੂਜ ਦੇ ਪੱਕਣ ਦੀਆਂ ਨਿਸ਼ਾਨੀਆਂ ਹਨ । ਖੀਰਾ, ਘੀਆ ਕੱਦੂ, ਕਰੇਲਾ, ਚੱਪਣ ਕੱਦੂ, ਕਾਲੀ ਤੋਰੀ ਨੂੰ ਉਦੋਂ ਤੋੜਨਾ ਚਾਹੀਦਾ ਹੈ ਜਦੋਂ ਫ਼ਲ ਪੱਕਾ, ਨਰਮ ਅਤੇ ਹਰੇ ਰੰਗ ਦਾ ਹੋਵੇ। ਸਮੇ-ਸਮੇ ਤੇ ਕਈ ਤੁੜਾਈਆਂ ਲੈਣੀਆਂ ਪੈਂਦੀਆਂ ਹਨ।

ਰੂਮਾ ਦੇਵੀ: 987883-99555

ਸਾਰਣੀ 1: ਵੇਲਾਂ ਵਾਲੀਆਂ ਸਬਜ਼ੀਆਂ ਦੇ ਬੀਜ ਦੀ ਮਾਤਰਾ, ਬੂਟਿਆਂ ਵਿਚਕਾਰ ਫਾਸਲਾ ਅਤੇ ਖਾਦਾਂ

ਸਬਜ਼ੀ	ਬੀਜ ਦੀ ਮਾਤਰਾ (ਕਿ./ਏ.)	ਬੂਟਿਆਂ ਵਿਚਕਾਰ ਦੂਰੀ (ਮੀਟਰ)	ਰੂੜੀ (ਟਨ)	ਖਾਦਾਂ (ਕਿ.ਗ੍ਰਾ./ਏਕੜ)		
				ਨਾਈਟ੍ਰੋਜਨ (ਕਿਲੋ)	ਫ਼ਾਸਫ਼ੋਰਸ(ਕਿਲੋ)	ਪੋਟਾਸ਼(ਕਿਲੋ)
ਖਰਬੂਜ਼ਾ	0.4	3.0 × 0.60	10-15	50	25	25
ਖੀਰਾ	1.0	2.5 × 0.60	-	40	20	20
ਤਰਬੂਜ਼	1.5-2.0	3.0 × 0.60	8-10	25	16	15
ਘੀਆ ਕੱਦੂ	2.0	2.5 × 0.45-0.60	20-25	28	-	-
ਹਲਵਾ ਕੱਦੂ	1.0	1.5 × 0.45 3.0 × 0.60	8-10	40	-	-
ਕਰੇਲਾ	2.0	1.5 × 0.45	10-15	40	20	20
ਟੀਂਡਾ	1.5	1.5×0.45	-	40	20	20
ਕਾਲੀ ਤੋਰੀ	2.0	3×0.75	-	40	20	20
ਵੰਗਾ	1.0	2.5×0.60	-	40	20	20

ਅਮਰੂਦ ਵਿੱਚ ਫ਼ਲ ਗੁਣਵੱਤਾ ਸੁਧਾਰ ਲਈ ਵਾਤਾਵਰਣ ਪੱਖੀ ਨੁਕਤੇ

ਸੁਭਾਸ਼ ਚੰਦਰ, ਪੀ.ਕੇ.ਅਰੋੜਾ ਅਤੇ ਜਸਵਿੰਦਰ ਸਿੰਘ ਬਰਾੜ

ਖੇਤਰੀ ਖੋਜ ਕੇਂਦਰ, ਅਬਹੋਰ

ਅਮਰੂਦ ਪੰਜਾਬ ਵਿੱਚ ਫ਼ਲਾਂ ਦੇ ਕੁੱਲ ਉਤਪਾਦਨ ਦਾ ਤਕਰੀਬਨ 11 % ਯੋਗਦਾਨ ਕਰਦਾ ਹੈ। ਇਹ ਘੱਟ ਪੌਣ-ਪਾਣੀ ਅਤੇ ਹਲਕੀਆਂ, ਕਲਰਾਠੀਆਂ ਅਤੇ ਮਾੜੇ-ਨਿਕਾਸ ਵਾਲੀਆਂ ਜ਼ਮੀਨਾਂ ਵਿੱਚ ਵੀ ਉਗਾਇਆ ਜਾ ਸਕਦਾ ਹੈ। ਹੋਰ ਫ਼ਲਾਂ ਦੇ ਮੁਕਾਬਲੇ ਇਸ ਫ਼ਲ ਦੀ ਕਾਸ਼ਤ ਦਾ ਖਰਚਾ ਘੱਟ ਹੈ। ਅਮਰੂਦ ਖਣਿਜ ਪਦਾਰਥਾਂ ਅਤੇ ਪੌਸ਼ਟਿਕ ਤੱਤਾਂ ਦਾ ਇੱਕ ਚੰਗਾ ਸਰੋਤ ਹਨ। ਆਮ ਤੌਰ ‘ਤੇ, ਅਮਰੂਦ ਦੀ ਕਾਸ਼ਤ ਤੋਂ ਮੁਨਾਫਾ ਉਪਜ ਦੀ ਗੁਣਵੱਤਾ ‘ਤੇ ਨਿਰਭਰ ਕਰਦਾ ਹੈ। ਇੱਕ ਬਿਹਤਰ ਕੁਆਲਿਟੀ ਦੀ ਉਪਜ ਨੂੰ ਮਾਰਕੀਟ ਵਿੱਚ ਜਿਆਦਾ ਕੀਮਤ ਮਿਲਦੀ ਹੈ। ਇਸ ਲੇਖ ਵਿੱਚ, ਅਸੀਂ ਅਮਰੂਦ ਦੇ ਫ਼ਲਾਂ ਦੀ ਗੁਣਵੱਤਾ ਸੁਧਾਰ ਲਈ ਕੁਝ ਨੁਕਤੇ ਸਾਂਝੇ ਕੀਤੇ ਹਨ।

ਗੁਣਵੱਤਾ ਸੁਧਾਰ ਲਈ ਸਿਆਲੂ ਫਸਲ ਲੈਣਾ

ਪੰਜਾਬ ਵਿੱਚ, ਅਮਰੂਦ ਮੁੱਖ ਤੌਰ ’ਤੇ ਦੋ ਫ਼ਸਲਾਂ ਦਿੰਦਾ ਹੈ: ਬਰਸਾਤੀ ਫ਼ਸਲ (ਜੁਲਾਈ-ਅਗਸਤ) ਅਤੇ ਸਿਆਲੂ ਫਸਲ (ਨਵੰਬਰ-ਜਨਵਰੀ)। ਬਰਸਾਤੀ ਰੁੱਤ ਵਿੱਚ ਫ਼ਲਾਂ ਉੱਤੇ ਫ਼ਲ ਦੀ ਮੱਖੀ ਅਤੇ ਐਂਥਰਾਕਨੋਜ਼ ਬਿਮਾਰੀ ਦਾ ਹਮਲਾ ਜ਼ਿਆਦਾ ਹੁੰਦਾ ਹੈ। ਜਦਕਿ ਸਿਆਲੂ ਫਲਾਂ ਦਾ ਆਕਾਰ, ਗੁਣਵੱਤਾ, ਸੁਆਦ, ਸੁਗੰਧ ਆਦਿ ਚੰਗਾ ਹੁੰਦਾ ਹੈ। ਇਸ ਰੁੱਤ ਦੇ ਫ਼ਲਾਂ ਉੱਤੇ ਕੀੜੇ ਅਤੇ ਬਿਮਾਰੀਆਂ ਦਾ ਹਮਲਾ ਘੱਟ ਹੁੰਦਾ ਹੈ, ਇਸ ਕਰਕੇ ਬਾਜ਼ਾਰ ਵਿੱਚ ਕੀਮਤ ਵੀ ਵੱਧ ਮਿਲਦੀ ਹੈ। ਮਾਰਚ-ਅਪ੍ਰੈਲ ਵਿੱਚ ਬਹੁਤ ਜ਼ਿਆਦਾ ਫੁਟਾਰਾ ਹੋਣ ਕਾਰਨ, ਬਰਸਾਤੀ ਰੁੱਤ ਵਿੱਚ ਫ਼ਲ ਜ਼ਿਆਦਾ ਲੱਗਦੇ ਹਨ, ਜਿਸਦੇ ਕਾਰਨ ਸਰਦੀਆਂ ਦੀ ਫ਼ਸਲ ਘੱਟ ਆਉਂਦੀ ਹੈ। ਬਰਸਾਤੀ ਫ਼ਸਲ ਦੀ ਵੱਡੀ ਮਾਤਰੀ ਮੰਡੀ ਵਿੱਚ ਆਉਣ ਕਰਕੇ ਮੁੱਲ ਘੱਟ ਮਿਲਦਾ ਹੈ। ਸਾਲ ਵਿੱਚ ਸਿਰਫ ਸਰਦੀਆਂ ਦਾ ਫ਼ਲ ਲੈਣ ਲਈ, ਹੇਠ ਲਿਖੇ ਉਪਰਾਲੇ ਅਪਨਾਉ:

ਕਾਂਟ-ਛਾਂਟ : ਟਹਿਣੀਆਂ ਦੇ 20-30 ਸੈਂਟੀਮੀਟਰ ਉੱਪਰਲੇ ਸਿਰਿਆ ਨੂੰ 20-30 ਅਪ੍ਰੈਲ ਦੌਰਾਨ ਕੱਟਣ ਨਾਲ ਬਰਸਾਤੀ ਫ਼ਸਲ ਆਉਣ ਤੋਂ ਪੂਰੀ ਤਰ੍ਹਾਂ ਰੁਕ ਜਾਂਦੀ ਹੈ।

ਫੁੱਲਾਂ ਨੂੰ ਝਾੜਨਾ

ਬਰਸਾਤੀ ਫ਼ਸਲ ਰੋਕਥਾਮ ਲਈ, ਮਈ ਦੇ ਮਹੀਨੇ ਦੌਰਾਨ ਫੁੱਲਾਂ ਦੌਰਾਨ ਫੁੱਲਾਂ ਨੂੰ ਝਾੜ ਦੇਣਾ ਚਾਹੀਦਾ ਹੈ। ਫੁੱਲਾਂ ਨੂੰ ਝਾੜਨ ਲਈ, 10 % ਯੂਰੀਆ (10 ਕਿਲੋ ਯੂਰੀਆ/100 ਲੀਟਰ ਪਾਣੀ) ਜਾਂ 600 ਪੀਪੀਐੱਮ ਐਨਏਏ (ਨੈਫਥਲੀਨ ਐਸੀਟਿਕ ਐਸਿਡ) (60 ਗ੍ਰਾਮ ਐਨਏਏ ਨੂੰ 150-200 ਮਿਲੀਲੀਟਰ ਅਲਕੋਹਲ ਵਿੱਚ ਘੋਲ ਕੇ ਪਾਣੀ ਨਾਲ 100 ਲੀਟਰ ਦਾ ਘੋਲ ਬਣਾਉ) ਦਾ ਛਿੜਕਾਅ ਕਰੋ।

ਪਾਣੀ ਅਤੇ ਖਾਦ ਦਾ ਪ੍ਰਬੰਧ : ਪਾਣੀ ਰੋਕਣ ਨਾਲ ਵੀ ਬਰਸਾਤੀ ਫ਼ਸਲ ਦੇ ਫੁੱਲ ਝੜ ਜਾਂਦੇ ਹਨ। ਬਰਸਾਤ ਰੁੱਤ ਦੀ ਫ਼ਸਲ ਦੇ ਫੁੱਲਾਂ ਨੂੰ ਝਾੜਨ ਲਈ ਅਪ੍ਰੈਲ-ਮਈ ਮਹੀਨੇ ਦੌਰਾਨ ਪਾਣੀ ਨਹੀਂ ਦੇਣਾ ਚਾਹੀਦਾ। ਇਸ ਤੋਂ ਬਾਅਦ ਜੂਨ ਵਿੱਚ ਪਾਣੀ ਲਗਾਉ ਅਤੇ ਜੁਲਾਈ-ਅਗਸਤ ਵਿੱਚ ਰੂੜੀ ਅਤੇ ਖਾਦ ਦੀ ਸਿਫ਼ਾਰਸ਼ ਕੀਤੀ ਖੁਰਾਕ ਪਾਉ, ਇਸ ਨਾਲ ਸਿਆਲੂ ਫ਼ਸਲ ਲਈ, ਅਗਸਤ-ਸਤੰਬਰ ਦੌਰਾਨ ਵੱਧ ਤੋਂ ਵੱਧ ਫੁੱਲ ਲਗਦੇ ਹਨ।

ਬਰਸਾਤੀ ਮੌਸਮ ਦੇ ਫ਼ਲਾਂ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਲਈ ਵਾਤਾਵਰਣ ਪੱਖੀ ਨੁਕਤੇ

ਬਰਸਾਤੀ ਮੌਸਮ ਦੀ ਫ਼ਸਲ ਤੇ ਫ਼ਲ ਦੀ ਮੱਖੀ ਦਾ ਭਾਰੀ ਹਮਲਾ ਹੁੰਦਾ ਹੈ। ਫ਼ਲਾਂ ਦੀ ਮੱਖੀ ਦਾ ਪ੍ਰਬੰਧਨ ਹੇਠ ਲਿਖੇ ਨੁਕਤਿਆਂ ਨਾਲ ਕੀਤਾ ਜਾ ਸਕਦਾ ਹੈ:

ਫ਼ਲਾਂ ਨੂੰ ਲਿਫ਼ਾਫੇ ਚੜਾਉਣਾ : ਪੀ. ਏ. ਯੂ. ਨੇ ਹਾਲ ਹੀ ਵਿੱਚ ਬਰਸਾਤੀ ਮੌਸਮ ਦੇ ਫ਼ਲਾਂ ਨੂੰ ਢੱਕਣ ਲਈ ਚਿੱਟੇ ਨਾਨ-ਵੂਵਨ ਲਿਫ਼ਾਫੇ ਦੀ ਵਰਤੋਂ ਦੀ ਸਿਫਾਰਸ਼ ਕੀਤੀ ਹੈ। ਪੂਰੇ ਵੱਡੇ ਪਰ ਸਖਤ-ਹਰੇ ਬਰਸਾਤੀ ਅਮਰੂਦਾਂ ਉੱਪਰ ਜੂਨ ਦੇ ਅਖੀਰ ਜਾਂ ਜੁਲਾਈ ਦੇ ਅੱਧ ਤੱਕ ਚਿੱਟੇ ਰੰਗ ਦੇ ਨਾਨ-ਵੂਵਨ ਲਿਫ਼ਾਫ਼ੇ ਚੜਾਏ ਜਾ ਸਕਦੇ ਹਨ। ਅਜਿਹਾ ਕਰਨ ਨਾਲ ਫ਼ਲਾਂ ਨੂੰ ਮੱਖੀ ਦੇ ਹਮਲੇ ਤੋਂ ਬਚਾਇਆ ਜਾ ਸਕਦਾ ਹੈ। ਲਿਫ਼ਾਫ਼ੇ ਚੜਾਉਣ ਨਾਲ ਪੰਛੀ ਵੀ ਘੱਟ ਨੁਕਸਾਨ ਕਰਦੇ ਹਨ ਅਤੇ ਫ਼ਲਾਂ ਦੇ ਰੰਗ ਵਿੱਚ ਵੀ ਸੁਧਾਰ ਹੁੰਦਾ ਹੈ।

ਫਰੂਟ ਫਲਾਈ ਟਰੈਪ : ਫ਼ਲ ਦੀਆਂ ਮੱਖੀਆਂ ਦੀ ਰੋਕਥਾਮ ਲਈ ਜੁਲਾਈ ਦੇ ਪਹਿਲੇ ਹਫ਼ਤੇ ਪੀ ਏ ਯੂ ਫਰੂਟ ਫਲਾਈ ਟਰੈਪ (16 ਟਰੈਪ ਪ੍ਰਤੀ ਏਕੜ) ਲਗਾਉ ਅਤੇ ਲੋੜ ਪੈਣ ਤੇ ਦੁਬਾਰਾ ਲਗਾਉ।

ਹੋਰ ਨੁਕਤੇ : ਮੱਖੀ ਦੇ ਹਮਲੇ ਵਾਲੇ ਡਿੱਗੇ ਹੋਏ ਫ਼ਲਾਂ ਨੂੰ ਲਗਾਤਾਰ ਚੁੱਕ ਕੇ ਜ਼ਮੀਨ ਵਿੱਚ ਘੱਟੋ-ਘੱਟ 60 ਸੈਂਟੀਮੀਟਰ ਡੂੰਘੇ ਦੱਬ ਦੇਣਾ ਚਾਹੀਦਾ ਹੈ। ਫ਼ਸਲ ਦੀ ਤੁੜਾਈ ਦੇ ਤੁਰੰਤ ਬਾਅਦ ਬਾਗ ਦੀ 4 -6 ਸੈਂਟੀਮੀਟਰ ਤੱਕ ਕਲਟੀਵੇਟਰ ਨਾਲ ਹਲਕੀ ਵਹਾਈ ਕਰਨੀ ਚਾਹੀਦੀ ਹੈ ਤਾਂ ਜੋ ਮੱਖੀ ਦੀਆਂ ਸੁੰਡੀਆਂ ਬਾਹਰ ਆ ਕੇ ਮਰ ਜਾਣ। ਉਨ੍ਹਾਂ ਬਾਗਾਂ ਜਿੱਥੇ ਫ਼ਲ ਦੀ ਮੱਖੀ ਦਾ ਹਮਲਾ ਪਹਿਲਾਂ ਤੋਂ ਹੀ ਗੰਭੀਰ ਹੁੰਦੇ ਹੋਵੇ, ਉੱਥੇ ਬਰਸਾਤੀ ਰੁੱਤ ਦੀ ਫ਼ਸਲ ਨਹੀਂ ਲੈਣੀ ਚਾਹੀਦੀ।

ਸੁਭਾਸ਼ ਚੰਦਰ: 94683-59434

ਅਪ੍ਰੈਲ ਵਿੱਚ ਕਾਂਟ-ਛਾਂਟ ਕੀਤਾ ਹੋਇਆ ਬੂਟਾ

ਫ਼ਲਾਂ ਨੂੰ ਲਿਫ਼ਾਫ਼ੇ ਚੜਾਉਂਣਾ

ਫਰੂਟ ਫਲਾਈ ਟਰੈਪ

ਵਧੇਰੇ ਝਾੜ ਲਈ ਨਰਮੇ ਕਪਾਹ ਲਈ ਕਿਸਮਾਂ ਦੀ ਸਹੀ ਚੋਣ ਕਰੋ

ਗੋਮਤੀ ਗਰੋਵਰ, ਪਰਮਜੀਤ ਸਿੰਘ ਅਤੇ ਧਰਮਿੰਦਰ ਪਾਠਕ

ਖੇਤਰੀ ਖੋਜ ਕੇਂਦਰ, ਬਠਿੰਡਾ

ਸਾਉਣੀ 2022 ਦੇ ਦੌਰਾਨ, ਇਹ ਦੇਖਿਆ ਗਿਆ ਹੈ ਕਿ ਨਰਮੇ-ਕਪਾਹ ਦਾ ਇੱਕ ਵੱਡਾ ਖੇਤਰ ਗੈਰ-ਸਿਫਾਰਿਸ਼ ਕੀਤੇ ਹਾਈਬ੍ਰਿਡ ਦੇ ਅਧੀਨ ਸੀ। ਇਹ ਗੈਰ-ਸਿਫ਼ਾਰਸ਼ੀ ਹਾਈਬ੍ਰਿਡ ਰਸ ਚੂਸਣ ਵਾਲੇ ਕੀੜਿਆਂ ਲਈ ਬਹੁਤ ਜ਼ਿਆਦਾ ਸੰਵੇਦਨਸ਼ੀਲ ਹਨ ਅਤੇ ਪੰਜਾਬ ਵਿੱਚ ਉਗਾਉਣ ਦੇ ਯੋਗ ਨਹੀਂ ਹਨ । ਸਾਲ 2022 ਵਿੱਚ ਨਰਮੇ ਦੇ ਪੱਤਾ ਮਰੋੜ ਵਾਇਰਸ ਰੋਗ ਦੇ ਫੈਲਣ ਦਾ ਇਹ ਇੱਕ ਵੱਡਾ ਕਾਰਨ ਸੀ। ਫਸਲਾਂ ਦੀਆਂ ਕਿਸਮਾਂ ਦੀ ਚੋਣ ਕਰਦੇ ਸਮੇਂ, ਕਿਸਾਨਾਂ ਨੂੰ ਅਜਿਹੀ ਕਿਸਮ ਦੀ ਚੋਣ ਕਰਨੀ ਚਾਹੀਦੀ ਹੈ ਜੋ ਉਨ੍ਹਾਂ ਦੇ ਵਾਤਾਵਰਣ ਲਈ ਢੁਕਵੀਂ ਹੋਵੇ ਕਿਉਂਕਿ ਕਿਸਮਾਂ ਦੀ ਚੋਣ ਪਹਿਲਾ ਕਦਮ ਹੈ ਜੋ ਕਿ ਫਸਲ ਤੋਂ ਹੋਣ ਵਾਲੇ ਮੁਨਾਫ਼ੇ ਨੂੰ ਯਕੀਨੀ ਕਰੇਗਾ। ਕਿਸਾਨਾਂ ਨੂੰ ਇਹ ਵੀ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇੱਕ ਕਿਸਮ ਦੇ ਹੇਠਾਂ ਪੂਰੇ ਰਕਬੇ ਨੂੰ ਨਾ ਬੀਜਣ ਕਿਉਂਕਿ ਇਸ ਨਾਲ ਬਿਮਾਰੀਆਂ ਅਤੇ ਕੀੜਿਆਂ ਦੇ ਮਹਾਂਮਾਰੀ ਦਾ ਖ਼ਤਰਾ ਰਹਿੰਦਾ ਹੈ। ਕਿਸਾਨਾਂ ਨੂੰ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਵੱਧ ਤੋਂ ਵੱਧ ਝਾੜ ਪ੍ਰਾਪਤ ਕਰਨ ਲਈ, ਉਹ ਨਰਮੇ-ਕਪਾਹ ਦੀਆਂ ਸਿਰਫ਼ ਸਿਫ਼ਾਰਸ਼ ਕੀਤੀਆਂ ਕਿਸਮਾਂ/ਹਾਈਬ੍ਰਿਡ ਹੀ ਉਗਾਉਣ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਮੌਜੂਦਾ ਸਾਉਣੀ ਸੀਜ਼ਨ ਲਈ ਹੇਠ ਲਿਖੀਆਂ ਕਿਸਮਾਂ/ਹਾਈਬ੍ਰਿਡਾਂ ਦੀ ਕਾਸ਼ਤ ਕਰਨ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ :-

ਨਰਮੇ ਦੀ ਅੰਤਰਰਾਜੀ ਕਮੇਟੀ ਦੁਆਰਾ ਮੁਲਾਂਕਣ ਦੇ ਆਧਾਰ 'ਤੇ ਪੰਜਾਬ ਵਿੱਚ ਸਾਉਣੀ 2024 ਦੌਰਾਨ ਕਾਸ਼ਤ ਲਈ ਸਿਫ਼ਾਰਸ਼ ਕੀਤੇ ਬੀਟੀ ਨਰਮੇ ਦੇ ਹਾਈਬ੍ਰਿਡ ਦੀ ਸੂਚੀ

ਲੜੀ ਨੰਬਰ	ਹਾਈਬ੍ਰਿਡ ਦਾ ਨਾਮ	ਔਸਤਨ ਝਾੜ (ਕਿਲੋ ਪ੍ਰਤੀ ਹੈਕਟੇਅਰ)	ਲੜੀ ਨੰਬਰ	ਹਾਈਬ੍ਰਿਡ ਦਾ ਨਾਮ	ਔਸਤਨ ਝਾੜ (ਕਿਲੋ ਪ੍ਰਤੀ ਹੈਕਟੇਅਰ)
1.	ਜੀ.ਬੀ.ਸੀ.ਐਚ. 85	3529	38.	ਆਰ.ਸੀ.ਐਚ 650	2988
2.	ਐਮ.ਆਰ.ਸੀ. 7361	3474	39.	ਐਨ.ਸੀ.ਐਸ. 4455	2986
3.	ਬਾਇਓ 6451-2	3399	40.	ਏ.ਬੀ.ਸੀ.ਐਚ.4899	2953
4.	ਵੀ.ਆਈ.ਸੀ.ਐਚ. 310	3393	41.	ਕੇ.ਸੀ.ਐਚ. 172	2948
5.	ਕੇ.ਐਸ.ਸੀ.ਐਚ. 213	3382	42.	ਪੀ.ਸੀ.ਐਚ. 9604	2942
6.	ਅੰਕੁਰ ਜੱਸੀ	3362	43.	ਐਨ.ਸੀ.ਐਸ. 9024	2939
7.	ਐਮ.ਆਰ.ਸੀ. 7365	3359	44.	ਐਨ.ਸੀ.ਐਸ. 950	2913
8.	ਸੁਪਰ 971	3334	45.	ਪੀ.ਸੀ.ਐਚ. 9611	2909
9.	ਬਾਇਓ 6539-2	3259	46.	ਏ.ਸੀ.ਐਚ. 33-2	2903
10.	ਬਾਇਓ 2510-2	3257	47.	ਸੁਪਰ 965	2895
11.	ਬਾਇਓ 311-2	3247	48.	ਕੇ.ਡੀਸੀ.ਐਚ.ਐਚ 641	2890
12.	ਵੀ.ਆਈ.ਸੀ.ਐਚ. 309	3235	49.	ਪੀ.ਆਰ.ਸੀ.ਐਚ. 333	2890
13.	ਕੇ.ਡੀਸੀ.ਐਚ.ਐਚ 441	3234	50.	ਆਰ.ਸੀ.ਐਚ 314	2883
14.	ਐਨ.ਸੀ.ਐਸ. 495	3232	51.	ਬਾਇਓ 841-2	2866
15.	ਅੰਕੁਰ 3224	3228	52.	ਐਮ.ਆਰ.ਸੀ. 7301	2843
16.	ਅੰਕੁਰ 999	3223	53.	ਆਰ.ਸੀ.ਐਚ 776	2829
17.	ਐਨ.ਸੀ.ਐਸ. 9013	3216	54.	ਪੀ.ਸੀ.ਐਚ. 879	2817
18.	ਬਾਇਓ 846-2	3203	55.	ਸੋਲਰ 77	2805
19.	ਐੱਸ.ਡਬਲਯੂ.ਸੀ.ਐੱਚ 4750	3161	56.	ਪੀ.ਸੀ.ਐਚ. 877	2773
20.	ਐਮ.ਐਚ. 5302	3151	57.	ਏ.ਬੀ.ਸੀ.ਐਚ 248	2768
21.	ਕੇ.ਡੀਸੀ.ਐਚ.ਐਚ 621	3114	58.	ਅੰਕੁਰ 5642	2755
22.	ਐਨ.ਸੀ.ਐਸ. 855	3100	59.	ਏ.ਸੀ.ਐਚ. 133-2	2749
23.	ਸ਼ਕਤੀ 9	3088	60.	ਏ.ਸੀ.ਐਚ. 155-2	2714
24.	ਐਨ.ਸੀ.ਐਸ. 9002	3078	61.	ਏ.ਸੀ.ਐਚ. 777-2	2704
25.	ਪੀ.ਸੀ.ਐਚ. 225	3057	62.	ਏ.ਬੀ.ਸੀ.ਐਚ.254	2703
26.	ਏ.ਸੀ.ਐਚ. 177-2	3054	63.	ਸੁਪਰ 544	2699
27.	ਸੁਪਰ 721	3047	64.	ਏ.ਬੀ.ਸੀ.ਐਚ 243	2697
28.	ਪੀ.ਆਰ.ਸੀ.ਐਚ. 302	3046	65.	ਆਰ.ਸੀ.ਐਚ 653	2693
29.	ਕੇ.ਐਸ.ਸੀ.ਐਚ. 207	3045	66.	ਆਰ.ਸੀ.ਐਚ 773	2652
30.	ਕੇ.ਸੀ.ਐਚ. 999	3044	67.	ਸੋਲਰ 56	2619
31.	ਪੀ.ਆਰ.ਸੀ.ਐਚ. 7799	3036	68.	ਵੀ.ਆਈ.ਸੀ.ਐਚ.308	2600
32.	ਐਨ.ਸੀ.ਐਸ. 459	3031	69.	ਐੱਸ.ਡਬਲਯੂ. ਸੀ. ਐੱਚ 4735	2598
33.	ਸੁਪਰ 5	3028	70.	ਸੁਪਰ 931	2594
34.	ਅੰਕੁਰ 3228	3027	71.	ਨਾਮਕੋਟ 616	2579
35.	ਏ.ਬੀ.ਸੀ.ਐਚ.252	3016	72.	ਸੋਲਰ 65	2568
36.	ਅੰਕੁਰ 3244	3013	73.	ਐੱਸ.ਡਬਲਯੂ. ਸੀ. ਐੱਚ 4768	2558
37.	ਐਨ.ਸੀ.ਐਸ. 857	3005			

ਇਸ ਤੋਂ ਇਲਾਵਾ (ਰਘੁਵੀਰ, ਏ.ਸੀ.ਐਚ. 945-2, ਏ.ਸੀ.ਐਚ. 955-2, ਆਰ.ਸੀ.ਐਚ 938-2, ਆਰ.ਸੀ.ਐਚ 951, ਆਰ.ਸੀ.ਐਚ 846, ਆਰ.ਸੀ.ਐਚ 926, ਐਮ.ਸੀ. 5403, ਐਮ.ਸੀ. 5408, ਕੇ.ਸੀ.ਐਚ. 307, ਸੀ. 9313, ਸੀ. 352, ਕੇ.ਸੀ.ਐਚ. 9323, ਕੇ.ਸੀ.ਐਚ. 9333 ਅਤੇ ਆਰ.ਸੀ.ਐਚ 960)

ਨਰਮੇ ਦੀਆਂ ਕਿਸਮਾਂ

ਬੀ.ਟੀ.ਕਿਸਮਾਂ: ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਵੱਲੋਂ ਵਿਕਸਿਤ ਕੀਤੀਆਂ ਬੀਟੀ ਨਰਮੇ ਦੀਆਂ ਕਿਸਮਾਂ ਵੀ ਪੰਜਾਬ ਵਿੱਚ ਕਾਸ਼ਤ ਲਈ ਸਿਫ਼ਾਰਸ਼ ਹਨ।

1. ਪੀ ਏ ਯੂ ਬੀ ਟੀ 3 : ਇਹ ਕਿਸਮ ਅਮਰੀਕਨ ਅਤੇ ਚਿੱਤਕਬਰੀ ਸੁੰਡੀ ਤੋਂ ਸਹਿਣਸ਼ੀਲਤਾ ਰੱਖਦੀ ਹੈ। ਇਸ ਕਿਸਮ ਦਾ ਔਸਤਨ ਝਾੜ 10.2 ਕੁਇੰਟਲ ਪ੍ਰਤੀ ਏਕੜ ਹੈ। ਇਸ ਦੇ ਰੇਸ਼ੇ ਦੀ ਲੰਬਾਈ 26.2 ਮਿਲੀਮੀਟਰ ਅਤੇ ਇਸ ਦੇ ਰੂੰ ਦਾ ਕੱਸ 36.5 ਪ੍ਰਤੀਸ਼ਤ ਹੈ ਇਹ ਕਿਸਮ ਤੇਲੇ ਅਤੇ ਪੱਤਾ ਮਰੋੜ ਬਿਮਾਰੀ ਨੂੰ ਸਹਿਣਸ਼ੀਲਤਾ ਰੱਖਦੀ ਹੈ।

2. ਪੀ ਏ ਯੂ ਬੀ.ਟੀ. 2 : ਇਹ ਕਿਸਮ ਅਮਰੀਕਨ ਅਤੇ ਚਿੱਤਕਬਰੀ ਸੁੰਡੀ ਤੋਂ ਸਹਿਣਸ਼ੀਲਤਾ ਰੱਖਦੀ ਹੈ। ਇਸ ਕਿਸਮ ਦਾ ਔਸਤਨ ਝਾੜ 10.0 ਕੁਇੰਟਲ ਪ੍ਰਤੀ ਏਕੜ ਹੈ। ਇਸ ਦੇ ਰੇਸ਼ੇ ਦੀ ਲੰਬਾਈ 27.6 ਮਿਲੀਮੀਟਰ ਅਤੇ ਇਸ ਦੇ ਰੂੰ ਦਾ ਕੱਸ 34.4 ਪ੍ਰਤੀਸ਼ਤ ਹੈ ਇਹ ਕਿਸਮ ਤੇਲੇ ਅਤੇ ਪੱਤਾ ਮਰੋੜ ਬਿਮਾਰੀ ਨੂੰ ਸਹਿਣਸੀਲਤਾ ਰੱਖਦੀ ਹੈ।

ਨਰਮੇ ਦੀਆਂ ਦੋਗਲੀਆਂ ਬੀ ਟੀ ਕਿਸਮਾਂ: ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਹਰ ਸਾਲ ਝਾੜ, ਕੀੜੇ ਮਕੌੜਿਆਂ ਦੇ ਹਮਲੇ ਅਤੇ ਬਿਮਾਰੀਆਂ ਲਈ ਨਿੱਜੀ ਕੰਪਨੀਆਂ ਦੁਆਰਾ ਤਿਆਰ/ਪ੍ਰਯੋਜਿਤ ਬੀਟੀ ਨਰਮੇ ਹਾਈਬ੍ਰਿਡ ਦਾ ਮੁਲਾਂਕਣ ਕਰਦੀ ਹੈ। ਇਸ ਮੁਲਾਂਕਣ ਦੇ ਆਧਾਰ ਤੇ, ਸਾਉਣੀ 2024 ਦੌਰਾਨ ਪੰਜਾਬ ਵਿੱਚ ਕਾਸ਼ਤ ਲਈ ਵੱਖ-ਵੱਖ ਨਿੱਜੀ ਕੰਪਨੀਆਂ ਦੇ ਹੇਠ ਲਿਖੇ ਬੀਟੀ ਨਰਮੇ ਦੀ ਦੋਗਲੀਆਂ ਕਿਸਮਾਂ ਦੀ ਸਿਫ਼ਾਰਸ਼ ਕੀਤੀ ਜਾ ਰਹੀ ਹੈ।

ਨਰਮੇਂ ਦੀਆਂ ਗੈਰ ਬੀ.ਟੀ. ਕਿਸਮਾਂ:

1. ਐਫ. 2228 : ਇਹ ਕਿਸਮ ਲਗਭਗ 180 ਦਿਨਾਂ ਵਿੱਚ ਪੱਕ ਕੇ 7.4 ਕੁਇੰਟਲ ਪ੍ਰਤੀ ਏਕੜ ਦਾ ਝਾੜ ਦਿੰਦੀ ਹੈ। ਇਸ ਦੇ ਰੇਸ਼ੇ ਦੀ ਲੰਬਾਈ 29.0 ਮਿਲੀਮੀਟਰ ਅਤੇ ਰੂੰ ਦਾ ਕੱਸ 34.4 ਪ੍ਰਤੀਸ਼ਤ ਹੁੰਦਾ ਹੈ। ਇਸ ਦੇ ਟੀਂਡੇ ਮੋਟੇ (3.8 ਗ੍ਰਾਮ) ਅਤੇ ਵਧੀਆਂ ਖਿੜਾਅ ਵਾਲੇ ਹਨ।

2. ਐਲ.ਐਚ. 2108: ਇਹ ਕਿਸਮ 165-170 ਦਿਨਾਂ ਵਿੱਚ ਪੱਕ ਕੇ 8.4 ਕੁਇੰਟਲ ਪ੍ਰਤੀ ਏਕੜ ਦਾ ਝਾੜ ਦਿੰਦੀ ਹੈ। ਇਸ ਦੇ ਰੇਸ਼ੇ ਦੀ ਲੰਬਾਈ 27.9 ਮਿਲੀਮੀਟਰ ਅਤੇ ਰੂੰ ਦਾ ਕਸ 34.8 ਪ੍ਰਤੀਸ਼ਤ ਹੁੰਦਾ ਹੈ।

ਦੇਸੀ ਕਪਾਹ ਦੀਆਂ ਕਿਸਮਾਂ

ਸਦੀਆਂ ਤੋਂ ਪੰਜਾਬ ਵਿਚ ਛੋਟੇ ਰੇਸ਼ੇ ਵਾਲੀ ਦੇਸੀ ਕਪਾਹ ਉਗਾਈ ਜਾਂਦੀ ਰਹੀ ਹੈ। ਜਿਸ ਤੋਂ ਉਸ ਦੀਆਂ ਘਰੇਲੂ ਲੋੜਾਂ ਦੀ ਪੂਰਤੀ ਕੀਤੀ ਜਾਂਦੀ ਸੀ ਪਰ ਪਿਛਲੇ 8-10 ਸਾਲ ਤੋਂ ਪੰਜਾਬ ਵਿਚ ਦੇਸੀ ਕਪਾਹ ਥੱਲੇ ਰਕਬਾ ਘੱਟ ਰਿਹਾ ਹੈ।

ਦੇਸੀ ਕਪਾਹ ਦੀਆਂ ਕਿਸਮਾਂ ਨੂੰ ਪੱਤਾ ਮਰੋੜ ਰੋਗ ਨਹੀਂ ਲੱਗਦਾ ਅਤੇ ਰਸ ਚੂਸਣ ਵਾਲੇ ਕੀੜੇ ਖਾਸ ਕਰਕੇ ਚਿੱਟੀ ਮੱਖੀ ਦੇ ਹਮਲੇ ਤੋਂ ਸਹਿਣਸ਼ੀਲਤਾ ਰੱਖਦੀ ਹੈ। ਇਸ ਤੋਂ ਇਲਾਵਾ ਦੇਸੀ ਕਪਾਹ ਨੂੰ ਹਲਕੀਆਂ ਜ਼ਮੀਨਾਂ ਅਤੇ ਘੱਟ ਪਾਣੀ ਦੇ ਹਾਲਤਾਂ ਵਿਚ ਉਗਾਅ ਕੇ ਵੀ ਵਧੀਆ ਝਾੜ ਲਿਆ ਜਾ ਸਕਦਾ ਹੈ। ਪਿਛਲੇ ਇੱਕ ਦੋ ਸਾਲ ਤੋਂ ਘੱਟ ਉਤਪਾਦਨ ਹੋਣ ਕਰਕੇ ਇਸ ਦਾ ਮੰਡੀ ਵਿਚ ਭਾਅ ਵੀ ਨਰਮੇ ਤੋਂ ਵੱਧ ਮਿਲਦਾ ਹੈ ਇਸ ਲਈ ਕਿਸਾਨ ਘੱਟ ਖਰਚਾ ਅਤੇ ਥੋੜ੍ਹੀ ਮਿਹਨਤ ਕਰਕੇ ਵੀ ਇਸ ਫ਼ਸਲ ਤੋਂ ਵੱਧ ਮੁਨਾਫਾ ਲੈ ਸਕਦੇ ਹਨ।

1. ਐਲ ਡੀ 1019: ਇਹ ਨਾ ਡਿੱਗਣ ਵਾਲੀ ਨਵੀ ਕਿਸਮ ਹੈ ਜਿਸ ਨੂੰ ਦੂਜੀਆਂ ਕਿਸਮਾਂ ਦੇ ਪੰਜ ਤੋਂ ਛੇ ਚੁਗਾਈਆਂ ਦੇ ਮੁਕਾਬਲੇ ਸਿਰਫ ਦੋ ਜਾਂ ਤਿੰਨ ਚੁਗਾਈਆਂ ਦੀ ਲੋੜ ਪੈਂਦੀ ਹੈ। ਇਸ ਕਿਸਮ ਦਾ ਔਸਤਨ ਝਾੜ 8.6 ਕੁਇੰਟਲ ਪ੍ਰਤੀ ਏਕੜ ਹੈ। ਇਹ ਕਿਸਮ ਤੇਲੇ, ਚਿੱਟੀ ਮੱਖੀ, ਸੋਕਾ ਰੋਗ ਅਤੇ ਪੱਤਾ ਮਰੋੜ ਰੋਗ ਦਾ ਟਾਕਰਾ ਕਰਨ ਦੀ ਸਮੱਰਥਾ ਰੱਖਦੀ ਹੈ।

2. ਐਲ ਡੀ 949: ਇਸ ਕਿਸਮ ਦੀ ਕਪਾਹ ਦਾ ਔਸਤਨ ਝਾੜ 9.9 ਕੁਇੰਟਲ ਪ੍ਰਤੀ ਏਕੜ ਹੈ ਅਤੇ ਰੂੰ ਦਾ ਕੱਸ 40.1 ਪ੍ਰਤੀਸ਼ਤ ਹੈ। ਇਸ ਦੇ ਰੇਸ਼ੇ ਛੋਟੇ (20.7 ਮਿਲੀਮੀਟਰ) ਅਤੇ ਖੁਰਦਰੇ ਹਨ। ਇਸ ਦੀ ਰੂੰ ਸਰਜੀਕਲ ਮੰਤਵ ਲਈ ਢੁਕਵੀਂ ਹੈ। ਇਹ ਕਿਸਮ ਤੇਲੇ, ਚਿੱਟੀ ਮੱਖੀ, ਸੋਕਾ ਰੋਗ ਅਤੇ ਬੈਕਟੀਰੀਅਲ ਬਲਾਈਟ ਦਾ ਟਾਕਰਾ ਕਰਨ ਦੀ ਵਧੇਰੇ ਸਮਰੱਥਾ ਰੱਖਦੀ ਹੈ।

3. ਐਫ ਡੀ ਕੇ 124 : ਇਸ ਕਿਸਮ ਦਾ ਔਸਤਨ ਝਾੜ 9.28 ਕੁਇੰਟਲ ਪ੍ਰਤੀ ਏਕੜ ਹੈ। ਇਸ ਦੇ ਰੇਸ਼ੇ ਦੀ ਔਸਤ ਲੰਬਾਈ 21.0 ਮਿਲੀਮੀਟਰ ਅਤੇ ਰੂੰ ਦਾ ਕੱਸ 36.4 ਪ੍ਰਤੀਸ਼ਤ ਹੈ। ਇਹ ਕਿਸਮ ਤੇਲੇ ਅਤੇ ਚਿੱਟੀ ਮੱਖੀ ਦੇ ਹਮਲੇ ਦਾ ਟਾਕਰਾ ਕਰਨ ਦੀ ਸਮਰੱਥਾ ਰੱਖਦੀ ਹੈ।

ਗੋਮਤੀ ਗਰੋਵਰ:94171-11601

ਨਰਮੇ ਵਿੱਚ ਗੁਲਾਬੀ ਸੁੰਡੀ ਦਾ ਸਰਵਪੱਖੀ ਕੀਟ ਪ੍ਰਬੰਧ

ਵਿਜੈ ਕੁਮਾਰ, ਅਮਨਦੀਪ ਕੌਰ ਅਤੇ ਜਸਰੀਤ ਕੌਰ

ਕੀਟ ਵਿਗਿਆਨ ਵਿਭਾਗ

ਗੁਲਾਬੀ ਸੁੰਡੀ ਦਾ ਜੀਵਨ ਚੱਕਰ, ਨੁਕਸਾਨ ਦੇ ਲੱਛਣਾਂ ਅਤੇ ਕੈਰੀਓਵਰ ਬਾਰੇ ਗਿਆਨ ਇਸ ਦੇ ਟਿਕਾਊ ਪ੍ਰਬੰਧਨ ਲਈ ਇੱਕ ਮੱਹਤਵਪੂਰਨ ਲੋੜ ਹੈ।ਇਸ ਲੇਖ ਵਿੱਚ ਗੁਲਾਬੀ ਸੁੰਡੀ ਦਾ ਜੀਵਨ ਚੱਕਰ, ਨੁਕਸਾਨ ਚਿੰਨ੍ਹ ਅਤੇ ਬੀ ਟੀ ਨਰਮੇ ਵਿਚ ਗੁਲਾਬੀ ਸੁੰਡੀ ਦੀ ਬੇਮੌਸਮੀ ਅਤੇ ਮੌਸਮੀ ਰੋਕਥਾਮ ਸੰਬੰਧੀ ਜ਼ਰੂਰੀ ਨੁਕਤੇ ਦੱਸੇ ਗਏ ਹਨ।

ਗੁਲਾਬੀ ਸੁੰਡੀ

ਜੀਵਨ ਚੱਕਰ: ਆਂਡੇ ਸ਼ੁਰੂ ਵਿੱਚ ਚਿੱਟੇ ਤੇ ਬਾਅਦ ਵਿੱਚ ਸੰਤਰੀ ਰੰਗ ਦੇ ਹੋ ਜਾਂਦੇ ਹਨ। ਆਂਡਿਆਂ ਵਿੱਚੋਂ 3-4 ਦਿਨਾਂ ਤੋਂ ਬਾਅਦ ਸੁੰਡੀ ਨਿਕਲ ਆਉਂਦੀ ਹੈ।ਨਵ-ਜੰਮ ਸੁੰਡੀਆਂ ਚਿੱਟੇ ਰੰਗ ਦੀਆਂ ਅਤੇ ਉਹਨਾਂ ਦੇ ਸਿਰ ਕਾਲੇ ਰੰਗ ਦੇ ਹੁੰਦੇ ਹਨ। ਪੂਰੀ ਪਲ ਜਾਣ ਤੇ ਸੁੰਡੀ 10 ਤੋਂ 12 ਮਿਲੀਮੀਟਰ ਹੋ ਜਾਂਦੀ ਹੈ ਅਤੇ ਪੇਟ ਦੇ ਹਰ ਉੱਪਰਲੇ ਭਾਗ ਉੱਤੇ ਗੁਲਾਬੀ ਰੰਗ ਦੀ ਗੂੜੀ ਪੱਟੀ ਦਿਖਾਈ ਦਿੰਦੀ ਹੈ। ਸ਼ੁਰੂਆਤੀ ਹਾਲਤ ਵਿੱਚ ਸੁੰਡੀ ਫੁੱਲ ਖਾਂਦੀ ਹੈ ਬਾਅਦ ਵਿੱਚ ਟੀਂਡਿਆਂ ਵਿੱਚ ਵੜ ਕੇ ਅੰਦਰੋਂ ਬੀਜ ਖਾਂਦੀ ਹੈ। ਸੁੰਡੀ 10 ਤੋਂ 14 ਦਿਨ ਤੱਕ ਟੀਂਡਿਆਂ ਵੱਚ ਪਲਦੀ ਹੈ। ਇਸ ਕੀੜੇ ਦਾ ਕੋਆ ਦੀ ਅਵਸਥਾ 7 ਤੋਂ 10 ਦਿਨ ਦੀ ਹੁੰਦੀ ਹੈ।ਇਸ ਕੀੜੇ ਦੇ ਪਤੰਗੇ ਗੂੜੇ ਖਾਕੀ ਰੰਗ ਦੇ ਹੁੰਦੇ ਹਨ ਅਤੇ ਪਿਛਲੇ ਖੰਭ ਦੀਆਂ ਕੰਨੀਆਂ ਉੱਪਰ ਲੰਮੇ-ਲੰਮੇ ਵਾਲਾਂ ਦੀ ਝਾਲਰ ਬਣੀ ਨਜ਼ਰ ਆਉਂਦੀ ਹੈ।

ਨੁਕਸਾਨ ਦੇ ਚਿੰਨ੍ਹ: ਜੰਮਣ ਤੋਂ ਦੋ ਦਿਨਾਂ ਦੇ ਅੰਦਰ ਛੋਟੀ ਸੁੰਡੀ ਫੁੱਲਾਂ ਜਾਂ ਛੋਟੇ ਟੀਂਡਿਆਂ ਵਿੱਚ ਵੜ ਜਾਂਦੀ ਹੈ। ਸੁੰਡੀ ਜ਼ਿਆਦਾਤਰ ਬਣ ਰਹੇ ਬੀਜ ਨੂੰ ਖਾਣਾ ਪਸੰਦ ਕਰਦੀ ਹੈ ਅਤੇ ਪਿਊਪੇ ਦੀ ਅਵਸਥਾ ਬੀਜ ਜਾਂ ਟੀਂਡੇ ਵਿੱਚ ਗੁਜ਼ਾਰਦੀ ਹੈ। ਬਾਅਦ ਵਿੱਚ ਹਮਲੇ ਵਾਲੇ ਟੀਂਡਿਆਂ ਦੀ ਰੂੰ ਨੂੰ ਉੱਲੀ ਲੱਗ ਜਾਂਦੀ ਹੈ। ਸੁੰਡੀ ਫੁੱਲ ਡੋਡੀਆਂ, ਫੁੱਲਾਂ ਅਤੇ ਟੀਂਡਿਆਂ ਦਾ ਨੁਕਸਾਨ ਕਰਦੀ ਹੈ। ਹਮਲੇ ਵਾਲੇ ਫੁੱਲ ਭੰਬੀਰੀਆਂ ਬਣ ਜਾਂਦੇ ਹਨ, ਜਿਨ੍ਹਾਂ ਵਿੱਚ ਪ੍ਰਾਗਣ ਨਾਲ ਲਥਪਥ ਗੁਲਾਬੀ ਸੁੰਡੀਆਂ ਪਈਆਂ ਨਜ਼ਰ ਆਉਂਦੀਆਂ ਹਨ। ਛੋਟੇ ਟੀਂਡੇ ਤੇ ਡੋਡੀਆਂ ਕਈ ਵਾਰੀ ਹਮਲੇ ਕਾਰਨ ਝੜ ਵੀ ਜਾਂਦੇ ਹਨ। ਸੁੰਡੀਆਂ ਟੀਂਡੇ ਦੇ ਵਿੱਚ ਬਣ ਰਹੇ ਬੀਜਾਂ ਨੂੰ ਖਾਂਦੀਆਂ ਹਨ,ਜਿਸ ਕਰਕੇ ਟੀਂਡੇ ਵਿੱਚ ਬਣ ਰਹੀ ਰੂੰ ਵੀ ਖਰਾਬ ਹੋ ਜਾਂਦੀ ਹੈ। ਹਮਲੇ ਵਾਲੇ ਟੀਂਡੇ ਗਲ ਜਾਂਦੇ ਹਨ ਤੇ ਰੂੰ ਵੀ ਦਾਗੀ ਹੋ ਜਾਂਦੀ ਹੈ। ਹਮਲੇ ਵਾਲੇ ਟੀਂਡੇ ਪੂਰੀ ਤਰ੍ਹਾਂ ਖਿੜਦੇ ਵੀ ਨਹੀਂ। ਸਰਦੀ ਦੇ ਮੌਸਮ ਵਿੱਚ ਗੁਲਾਬੀ ਸੁੰਡੀ ਦੋ ਬੀਜਾਂ ਨੂੰ ਜੋੜ ਕੇ ਉਨ੍ਹਾਂ ਵਿੱਚ ਸੁਸਤੀ ਦੀ ਹਾਲਤ ਵਿੱਚ ਪਈ ਰਹਿੰਦੀ ਹੈ। ਜੁਲਾਈ ਤੋਂ ਅਕਤੂਬਰ ਤੱਕ ਇਹ ਕੀੜਾ ਨਰਮੇ/ ਕਪਾਹ ਦਾ ਜ਼ਿਆਦਾ ਨੁਕਸਾਨ ਕਰਦਾ ਹੈ।

ਅੰਡਾ

ਸੁੰਡੀ

ਕੋਆ

ਬਾਲਗ

ਗੁਲਾਬੀ ਸੁੰਡੀ ਦਾ ਫੈਲਾਅ: ਗੁਲਾਬੀ ਸੁੰਡੀ ਦੇ ਹਮਲੇ ਨੂੰ ਅਗਲੇ ਸਾਲ ਠੱਲ੍ਹ ਪਾਉਣ ਲਈ ਇਸ ਦੀ ਨਾਜ਼ੁਕ ਕੜੀ ਨੂੰ ਤੋੜਨਾ ਚਾਹੀਦਾ ਹੈ।ਪੁਰਾਣੀ ਛਿਟੀਆਂ ਵਿੱਚ ਪਏ ਅੱਧ ਖੁੱਲ੍ਹੇ ਟੀਂਡਿਆਂ ਵਿੱਚ ਇਹ ਸੁੰਡੀ ਰਹਿੰਦੀ ਹੈ। ਤੇਲ ਅਤੇ ਰੂੰ ਮਿੱਲ੍ਹਾਂ ਵਿੱਚ ਪਏ ਨਰਮੇ ਵਿੱਚ ਅਤੇ ਵੇਲਾਈ ਸਮੇਂ ਦੀ ਸਾਰੀ ਬੱਚ-ਖੁਚ ਵਿੱਚ ਵੀ ਇਹ ਸੁੰਡੀ

ਭੰਬੀਰੀ ਫੁੱਲ (ਰੋਜ਼ੇਟੇਡ)

ਫੁੱਲਾਂ ਵਿੱਚ ਨੁਕਸਾਨ

ਹਰੇ ਟੀਂਡੇ ਵਿੱਚ ਨੁਕਸਾਨ

ਖਿੜੇ ਟੀਂਡਿਆਂ ਵਿਚ ਨੁਕਸਾਨ

ਪਨਪਦੀ ਹੈ । ਜਿਹੜਾ ਬੀਜ ਤੇਲ ਮਿੱਲ੍ਹਾਂ ਵਿੱਚ ਪੀੜਿਆ ਨਾ ਗਿਆ ਹੋਵੇ ਅਤੇ ਤੇਲ ਮਿੱਲ੍ਹਾਂ/ਰੂੰ ਮਿੱਲ੍ਹਾਂ ਵਿੱਚ ਪਈ ਬੀਜਾਂ ਦੇ ਭੰਡਾਰ ਵਿੱਚ ਵੀ ਇਹ ਸੁੰਡੀ ਪਨਪਦੀ ਹੈ। ਜੋ ਕਿ ਮੌਸਮ ਨਾਲ ਪਿਊਪਾ ਬਣ ਕੇ ਪਤੰਗੇ ਦੇ ਰੂਪ ਵਿੱਚ ਬਾਹਰ ਆਉਂਦੀ ਹੈ ਅਤੇ ਨਵੇਂ ਖੁੱਲ੍ਹੇ ਫੁੱਲਾਂ ਜਾਂ ਛੋਟੇ ਬਣੇ ਟੀਂਡਿਆਂ ਵਿੱਚ ਅੰਡੇ ਦੇ ਦਿੰਦੀ ਹੈ।

ਸਰਵਪੱਖੀ ਰੋਕਥਾਮ: ਇਸ ਕੀੜੇ ਦਾ ਜੀਵਨ ਚੱਕਰ ਅਤੇ ਫੈਲਾਅ ਦੇ ਢੰਗਾਂ ਨੂੰ ਮੱਦੇਨਜ਼ਰ ਰੱਖਦੇ ਹੋਏ, ਪਿੰਡ ਪੱਧਰ ਤੇ ਇਕੱਠੇ ਹੋ ਕੇ ਇਸ ਦੀ ਰੋਕਥਾਮ ਕਰਨੀ ਚਾਹੀਦੀ ਹੈ। ਇਸ ਦੀ ਸੁਚੱਜੀ ਰੋਕਥਾਮ ਲਈ ਹੇਠਾਂ ਦੱਸੀ ਵਿਉਂਤਬੰਦੀ ਅਪਨਾਉਣ ਦੀ ਲੋੜ ਹੈ।

ਬੇ ਮੌਸਮੀ ਰੋਕਥਾਮ

1. ਖੇਤਾਂ ਵਿੱਚ ਗੁਲਾਬੀ ਸੁੰਡੀ ਦੇ ਫੈਲਾਅ ਨੂੰ ਰੋਕਣ ਲਈ ਛਿਟੀਆਂ ਦੀ ਸਾਂਭ ਸੰਭਾਲ

- ਆਖਰੀ ਚੁਣਾਈ ਤੋਂ ਬਾਅਦ ਪਸ਼ੂਆਂ ਨੂੰ ਫ਼ਸਲ ਦਾ ਬੱਚ-ਖੁਚ, ਪੱਤੇ ਅਤੇ ਅਣਖਿੜੇ ਟੀਂਡੇ ਖਾਣ ਲਈ ਕਪਾਹ ਦੇ ਖੇਤਾਂ ਵਿੱਚ ਛੱਡ ਦਿਓ। ਛਿਟੀਆਂ ਦੇ ਢੇਰ ਲਾਉਣ ਤੋਂ ਪਹਿਲਾਂ ਕੱਟੀਆਂ ਹੋਈਆਂ ਛਿਟੀਆਂ ਨੂੰ ਜ਼ਮੀਨ ਤੇ ਮਾਰ ਮਾਰ ਕੇ ਅਣਖਿੜੇ ਟੀਂਡੇ ਅਤੇ ਸਿੱਕਰੀਆਂ ਨੂੰ ਝਾੜ ਦਿਓ ਜਾਂ ਤੋੜ ਲਓ ।ਇਸ ਤਰ੍ਹਾਂ ਇਕੱਠੀਆਂ ਹੋਈਆਂ ਸਿੱਕਰੀਆਂ ਅਤੇ ਟੀਂਡਿਆਂ ਦੇ ਢੇਰ ਨੂੰ ਜਲਦੀ ਨਸ਼ਟ ਕਰ ਦਿਓ।
- ਆਖਰੀ ਚੁਗਾਈ ਤੋਂ ਬਾਅਦ ਗੁਲਾਬੀ ਸੁੰਡੀ ਦੇ ਹਮਲੇ ਵਾਲੇ ਨਰਮੇ ਦੇ ਖੇਤਾਂ ਵਿੱਚ ਬਚੀਆਂ ਛਿਟੀਆਂ ਨੂੰ ਸ਼ਰੈਡਰ ਦੁਆਰਾ ਖੇਤਾਂ ਵਿੱਚ ਵਾਹ ਦਿਓ ਤਾਂ ਜੋ ਗੁਲਾਬੀ ਸੁੰਡੀ ਨੂੰ ਠੱਲ੍ਹ ਪਾਈ ਜਾ ਸਕੇ ।
- ਕਪਾਹ ਦੀਆਂ ਛਿਟੀਆਂ ਇੱਕਠੀਆਂ ਕਰਕੇ ਛਾਵੇਂ ਜ਼ਮੀਨ ਦੇ ਸਮਾਨੰਤਰ ਰੱਖਣ ਨਾਲ ਸੁਸਤ ਹਾਲਤ ਵਿੱਚ ਟੀਂਡੇ ਦੀ ਗੁਲਾਬੀ ਸੁੰਡੀ ਗਰਮੀਆਂ ਵਿੱਚ ਘੱਟ ਮਰਦੀ ਹੈ। ਛਿਟੀਆਂ ਨੂੰ ਵੱਢ ਕੇ ਖੇਤ ਵਿੱਚ ਰੱਖਣ ਨਾਲ ਇਹ ਕੀੜੇ ਬਹੁਤ ਛੇਤੀ ਫੈਲਦੇ ਹਨ। ਨਰਮੇ ਦੀਆਂ ਛਿਟੀਆਂ ਦੇ ਢੇਰ ਖੇਤ ਵਿੱਚ ਨਾ ਲਗਾਓ, ਸਗੋਂ ਪਿੰਡ ਵਿੱਚ ਲਗਾਓ। ਛਿਟੀਆਂ ਦੀਆਂ ਭਰੀਆਂ ਦੇ ਢੇਰ ਖੜ੍ਹਵੇਂ ਅਤੇ ਰੁੱਖ/ ਦਰੱਖਤ ਆਦਿ ਦੀ ਛਾਂ ਤੋਂ ਪਰ੍ਹੇ ਧੁੱਪ ਵਿੱਚ ਲਗਾਓ।
- ਹਮਲੇ ਵਾਲੇ ਖੇਤਾਂ ਦੀਆਂ ਛਿੱਟੀਆਂ ਨੂੰ ਨਵੀਂ ਜਗ੍ਹਾ ਤੇ ਨਾ ਲਿਜਾਓ
- ਨਰਮੇ ਦੀਆਂ ਛਿਟੀਆਂ ਨੂੰ ਫਰਵਰੀ ਤੱਕ ਬਾਲ ਲੈਣਾ ਚਾਹੀਦਾ ਹੈ ਜਾਂ ਖਤਮ ਕਰ ਦੇਣਾ ਚਾਹੀਦਾ ਹੈ
- ਹੋ ਸਕੇ ਤਾਂ ਛਿਟੀਆਂ ਨੂੰ ਮੱਛਰਦਾਨੀ (ਬਰੀਕ ਜਾਲੀ) ਨਾਲ ਢੱਕ ਕੇ ਰੱਖੋ ਤਾਂ ਜੋ ਸਿੱਕਰੀਆ ਵਿੱਚੋਂ ਨਿੱਕਲਣ ਵਾਲੇ ਬਾਲਗ ਭਮੱਕੜ ਬਾਹਰ ਨਾ ਆ ਸਕਣ।

2. ਨਰਮਾ ਪੱਟੀ ਵਿੱਚ ਪੈਂਦੀਆਂ ਮਿੱਲ੍ਹਾਂ ਤੋਂ ਗੁਲਾਬੀ ਸੁੰਡੀ ਦੇ ਫੈਲਾਅ ਦੀ ਰੋਕਥਾਮ

- ਰੂੰ ਮਿੱਲ੍ਹਾਂ ਵਿੱਚ ਪਏ ਨਰਮੇ ਨੂੰ ਖੁੱਲ੍ਹੇ ਵਿੱਚ ਨਾ ਰੱਖੋ ਸਗੋਂ ਇਸ ਨੂੰ ਪੋਲੀਥੀਨ ਸ਼ੀਟ ਨਾਲ ਢੱਕ ਦਿਓ।
- ਮਾਰਚ ਦੇ ਅਖੀਰ ਤੱਕ ਨਰਮੇ ਨੂੰ ਵੇਲ ਲੈਣਾ ਚਾਹੀਦਾ ਹੈ ਅਤੇ ਵੇਲਾਈ ਸਮੇਂ

ਦੀ ਸਾਰੀ ਬੱਚ-ਖੁਚ ਨਸ਼ਟ ਕਰ ਦਿਓ।

- ਜਿਹੜਾ ਬੀਜ ਤੇਲ ਮਿੱਲ੍ਹਾਂ ਵਿੱਚ ਪੀੜਿਆ ਨਾ ਗਿਆ ਹੋਵੇ ਉਸ ਨੂੰ ਸੈਲਫਾਸ/ਫਾਸਟੋਕਸਨ/ਡੈਲੀਸ਼ੀਆ ਦੀ ਤਿੰਨ ਗ੍ਰਾਮ ਦੀ ਗੋਲੀ ਨਾਲ ਪ੍ਰਤੀ ਘਣ ਮੀਟਰ ਦੇ ਹਿਸਾਬ ਨਾਲ 48 ਘੰਟੇ ਲਈ ਜਾਂ ਦੋ ਗਲੀਆਂ 24 ਘੰਟੇ ਲਈ ਧੂਣੀ ਦਿਓ।
- ਤੇਲ ਮਿੱਲ੍ਹਾਂ ਨੂੰ ਬਿਨਾਂ ਧੂਣੀ ਵਾਲੇ ਬੀਜ ਰੱਖਣੇ ਤੇ ਨਾ ਹੀ ਵੇਚਣੇ ਚਾਹੀਦੇ ਹਨ।
- ਤੇਲ ਮਿੱਲ੍ਹਾਂ ਨੂੰ ਬੀਜ ਵੇਚਣ ਤੋਂ ਪਹਿਲਾਂ ਤੇਜ਼ਾਬ ਰਾਹੀਂ ਲੂੰ ਰਹਿਤ ਕਰ ਲੈਣਾ ਚਾਹੀਦੇ ਹਨ।



- ਅਪ੍ਰੈਲ-ਮਈ ਦੇ ਮਹੀਨੇ ਜੇਕਰ ਤੇਲ ਮਿੱਲ੍ਹਾਂ/ਰੂੰ ਮਿੱਲ੍ਹਾਂ ਵਿੱਚ ਬੀਜਾਂ ਦਾ ਭੰਡਾਰ ਰੱਖਿਆ ਹੋਏ ਤਾਂ ਇਸ ਨੂੰ ਹਮੇਸ਼ਾ ਢੱਕ ਕੇ ਰੱਖੋ ਕਿਉਂਕਿ ਇਨ੍ਹਾਂ ਵਿੱਚੋਂ ਗੁਲਾਬੀ ਸੁੰਡੀ ਦੇ ਪਤੰਗੇ ਨਿਕਲ ਕੇ ਨੇੜੇ ਬੀਜੇ ਗਏ ਨਰਮੇ ਤੇ ਵਧੇਰੇ ਹਮਲਾ ਕਰਦੇ ਹਨ।
- ਗੁਲਾਬੀ ਸੁੰਡੀ ਦੇ ਹਮਲੇ ਵਾਲੇ ਖੇਤਾਂ ਵਿੱਚੋਂ ਚੁੱਗੇ ਹੋਏ ਨਰਮੇ ਨੂੰ ਹਮਲੇ ਰਹਿਤ ਖੇਤਰ ਵਿੱਚ ਪੈਂਦੀਆਂ ਮਿੱਲ੍ਹਾਂ ਵਿੱਚ ਨਾ ਲਿਜਾਓ
- ਰੂੰ ਮਿੱਲ੍ਹਾਂ ਅਤੇ ਤੇਲ ਮਿੱਲ੍ਹਾਂ ਦੇ ਨੇੜੇ ਫਿਰੋਮੋਨ ਟਰੈਪ ਜ਼ਰੂਰ ਲਗਾਓ ਤਾਂ ਜੋ ਗੁਲਾਬੀ ਸੁੰਡੀ ਦੇ ਹਮਲੇ ਦਾ ਜਲਦੀ ਪਤਾ ਲੱਗ ਸਕੇ।
- ਪਿੰਡ ਪੱਧਰ ਤੇ ਮੁਹਿੰਮ ਚਲਾਉਣੀ ਚਾਹੀਦੀ ਹੈ ਤਾਂ ਜੋ ਅਗਲੇ ਸੀਜ਼ਨ ਗੁਲਾਬੀ ਸੁੰਡੀ ਦਾ ਹਮਲਾ ਘੱਟ ਜਾਵੇ

ਮੌਸਮੀ ਰੋਕਥਾਮ

3. ਕਾਸ਼ਤਕਾਰੀ ਢੰਗਾਂ ਰਾਹੀਂ ਰੋਕਥਾਮ

- ਨਰਮੇ ਦੀਆਂ ਘੱਟ ਸਮਾਂ ਲੈਣ ਵਾਲੀਆਂ ਤੇ ਅਗੇਤੀਆਂ ਖਿੜਨ ਵਾਲੀਆਂ ਸਿਫਾਰਸ਼ ਕੀਤੀਆਂ ਕਿਸਮਾਂ ਹੀ ਬੀਜੋ।
- ਬਿਜਾਈ ਹਰ ਹਾਲਤ ਵਿੱਚ 15 ਮਈ ਤੱਕ ਕਰ ਦਿਓ ਤਾਂ ਕੀ ਲੇਟ ਬਿਜਾਈ ਵਾਲੀ ਫਸਲਾਂ ਤੇ ਹਮਲਾ ਵੱਧ ਹੁੰਦਾ ਹੈ।
- ਰਿਫੂਜੀਆ (ਬੀ ਟੀ ਰਹਿਤ) ਬੀਟੀ ਨਰਮੇ ਦੇ ਆਲੇ ਦੁਆਲੇ ਜ਼ਰੂਰ ਬੀਜਣਾ ਚਾਹੀਦਾ ਹੈ ਜਿਸ ਕਾਰਨ ਗੁਲਾਬੀ ਸੁੰਡੀ ਵਿੱਚ ਬੀਟੀ ਜੀਨ ਪ੍ਰਤੀਰੋਧਕਤਾ ਨਹੀਂ ਹੁੰਦੀ।
- ਗੁਲਾਬੀ ਸੁੰਡੀ ਦੇ ਹਮਲੇ ਨੂੰ ਅਗਲੇ ਸਾਲ ਠੱਲ੍ਹ ਪਾਉਣ ਲਈ ਜਿੱਥੇ ਤੱਕ ਹੋ ਸਕੇ ਫ਼ਸਲ ਦੀ ਚੁਗਾਈ ਜਲਦੀ ਕਰ ਲਓ । ਇਸ ਤਰ੍ਹਾਂ ਕਰਨ ਲਈ ਅਖੀਰਲਾ ਪਾਣੀ ਸਤੰਬਰ ਦੇ ਅੰਤ ਵਿੱਚ ਲਾ ਦਿਓ।
- ਨਰਮੇ ਦੀ ਖੜ੍ਹੀ ਫ਼ਸਲ ਵਿੱਚ ਕਣਕ ਨਹੀਂ ਬੀਜਣੀ ਚਾਹੀਦੀ।ਜਿਨ੍ਹਾਂ ਖੇਤਾਂ ਵਿੱਚ ਕਣਕ ਦੀ ਬਿਜਾਈ ਨਰਮੇ ਦੀ ਖੜ੍ਹੀ ਫ਼ਸ.ਲ ਦੇ ਨਾਲ ਹੀ ਕੀਤੀ ਜਾਂਦੀ ਹੈ ਉਨ੍ਹਾਂ ਖੇਤਾਂ ਵਿੱਚੋਂ ਨਰਮੇ ਦੀਆਂ ਛਿਟੀਆਂ ਤੁਰੰਤ ਪੁੱਟ ਲੈਣੀਆਂ ਚਾਹੀਦੀਆਂ ਹਨ ।

4. ਗੁਲਾਬੀ ਸੁੰਡੀ ਦੀਂ ਫਰੋਮੋਨ ਤਕਨੀਕ ਰਾਹੀਂ ਰੋਕਥਾਮ

ਗੁਲਾਬੀ ਸੁੰਡੀ ਦੇ ਫੀਰਾਮੋਨ ਗੋਸੀਪਲਉਰ 4% (7, 11 ਹੈਕਸਾਡੇਕਾਡਾਈਨਇਲ) ਤੇ ਪੇਸਟਨੁਮਾ ਆਧਰਿਤ ਉਤਪਾਦ ਕਰੈਮਿਟ ਪੀ ਬੀ ਡਬਲਯੂ/ਨੈਟਮੇਟ ਪੀ ਬੀ ਡਬਲਯੂ ਨੂੰ ਤਿੰਨ ਵਾਰ 125 ਗ੍ਰਾਮ ਪ੍ਰਤੀ ਏਕੜ ਪ੍ਰਤੀ ਡੋਜ਼ ਦੀ ਵਰਤੋ ਕਰੋ। ਨਰਮੇ ਦੀ ਫ਼ਸਲ ਤੇ ਪਹਿਲੀ ਵਾਰ ਫੁੱਲ-ਡੋਡੀ ਦੀ ਆਮਦ ਤੇ (ਬਿਜਾਈ ਤੋਂ 45-55 ਦਿਨ ਦੇ ਵਕਫ਼ੇ ਤੇ)ਇੱਕ ਏਕੜ ਵਿੱਚ 400 ਬੂਟਿਆਂ ਤੇ ਇਕਸਾਰ ਲਗਾਇਆ ਜਾਵੇ। ਦੂਜੀ ਅਤੇ ਤੀਜੀ ਡੋਜ਼ ਨੂੰ ਇੱਕ-ਇੱਕ ਮਹੀਨੇ ਦੇ ਵਕਫ਼ੇ ਤੇ ਦੁਹਰਾਇਆ ਜਾਵੇ। ਲਗਾਉਣ ਦੀ ਵਿਧੀ ਅਨੁਸਾਰ ਮਟਰ ਦੇ ਦਾਣੇ ਜਿੰਨਾ ਪੇਸਟਨੁਮਾ ਫੀਰਾਮੋਨ ਨੂੰ ਬੂਟੇ ਦੇ ਸਿਖਰ ਤੋਂ ਪੰਜਵੀਂ/ਛੇਂਵੇਂ ਪੱਤੇ ਅਤੇ ਤਣੇ ਦੇ ਜੋੜ ਤੇ ਲਗਾਇਆ ਜਾਵੇ ।ਇਸ ਤਕਨੀਕ ਦਾ ਸਰਵੋਤਮ ਲਾਭ ਲੈਣ ਲਈ ਸਹੀ ਸਮੇਂ ਅਤੇ ਵੱਡੇ ਪੱਧਰ ਤੇ ਲਗਾਉਣਾ ਜ਼ਰੂਰੀ ਹੈ। ਜੇਕਰ ਲਗਾਉਣ ਤੋਂ 4-5 ਘੰਟਿਆਂ ਅੰਦਰ ਮੀਂਹ ਪੈ ਜਾਂਦਾ ਹੈ ਤਾਂ ਇਸਦੀ ਵਰਤੋਂ ਦੁਹਰਾਓ।

5. ਗੁਲਾਬੀ ਸੁੰਡੀ ਦਾ ਸਰਵੇਖਣ

- ਗੁਲਾਬੀ ਸੁੰਡੀ ਦੇ ਸਰਵੇਖਣ ਲਈ ਸਿਟਕਾ/ਡੈਲਟਾ ਟਰੈਪ ਮਿੱਲ੍ਹਾਂ ਦੇ ਆਲੇ ਦੁਆਲੇ ਅਤੇ ਨਰਮੇ ਦੇ ਖੇਤਾਂ ਵਿੱਚ ਲਗਾਓ। ਟਰੈਪ ਫ਼ਸਲ ਤੋਂ 15 ਸੈਂਟੀਮੀਟਰ ਉੱਚਾ ਰੱਖੋ। ਲਿਓਰ ਨੂੰ 15 ਦਿਨਾਂ ਬਾਅਦ ਬਦਲੋ ਅਤੇ ਇੱਕ ਟ੍ਰੈਪ ਪ੍ਰਤੀ ਏਕੜ ਵਰਤੋ।

6. ਗੁਲਾਬੀ ਸੁੰਡੀ ਦੇ ਆਰਿਥਕ ਨੁਕਸਾਨ ਦੀ ਜਾਂਚ ਕਰਨ ਦੇ ਤਰੀਕੇ

- ਜਦੋਂ ਨਰਮੇ ਨੂੰ ਫੁੱਲ ਡੋਡੀ ਲੱਗਣੀ ਸ਼ੁਰੂ ਹੋ ਜਾਵੇ ਤਾਂ ਹਫਤੇ ਦੇ ਵਕਫੇ ਤੇ ਭੰਬੀਰੀ ਬਣੇ ਫੁੱਲਾਂ ਦਾ ਸਰਵੇਖਣ ਕਰੋ
- ਖੇਤ ਵਿੱਚੋਂ ਅਲੱਗ ਅਲੱਗ ਜਗ੍ਹਾ ਤੋਂ 100 ਫੁੱਲਾਂ ਦੀ ਜਾਂਚ ਕਰੋ ਇਨ੍ਹਾਂ ਵਿੱਚੋਂ ਉੱਪਰ ਦਿਖਾਏ ਗਏ ਗੁਲਾਬਨੁਮਾ ਫੁੱਲ ਅਤੇ ਸੁੰਡੀ ਦੁਆਰਾ ਨੁਕਸਾਨ ਕੀਤੇ ਗਏ 5 ਫੁੱਲ ਮਿਲਦੇ ਹਨ ਤਾਂ ਗੁਲਾਬੀ ਸੁੰਡੀ ਦੀ ਰੋਕਥਾਮ ਲਈ ਸਪਰੇਅ ਕਰੋ
- ਖੇਤ ਵਿੱਚੋਂ ਅਲੱਗ ਅਲੱਗ ਪੌਦਿਆਂ ਵਿੱਚੋਂ 20 ਹਰੇ ਟੀਂਡੇ ਤੋੜ ਕੇ ਟੀਂਡੇ ਵਿੱਚ ਵੜੀ ਗੁਲਾਬੀ ਸੁੰਡੀ ਨੂੰ ਗਿਣੋ, ਜੇਕਰ ਇਸ ਵਿੱਚੋਂ 1 ਜਾਂ ਇੱਕ ਤੋਂ ਜ਼ਿਆਦਾ ਸੁੰਡੀਆਂ ਮਿਲਦੀਆਂ ਹਨ ਤਾਂ ਇਸ ਸੁੰਡੀ ਦੀ ਰੋਕਥਾਮ ਲਈ ਸਪਰੇਅ ਕਰੋ ।

ਰਸਾਇਣਕ ਰੋਕਥਾਮ

- ਨਰਮੇ ਦੀ 60 ਤੋਂ 120 ਦਿਨ ਦੀ ਫਸਲ ਉੱਪਰ ਗੁਲਾਬੀ ਸੁੰਡੀ ਦਾ ਫੁੱਲਾਂ ਜਾਂ ਟਿੰਡਿਆਂ ਤੇ ਹਮਲਾ 5 ਪ੍ਰਤੀਸ਼ਤ ਤਕ ਪਹੁੰਚ ਜਾਵੇ ਤਾਂ ਇਸ ਦੀ ਰੋਕਥਾਮ ਲਈ 100 ਗ੍ਰਾਮ ਪਰੋਕਲੇਮ 5 ਐਸ ਜੀ (ਐਮਾਮੈਕਟੀਨ ਬੈਨਜ਼ੋਏਟ) ਜਾਂ 500 ਮਿਲੀਲਿਟਰ ਕਿਊਰਾਕਰਾਨ 50 ਈ ਸੀ (ਪ੍ਰਫ਼ੀਨੋਂਫੋਸ) ਜਾਂ 200 ਮਿਲੀਲਿਟਰ ਅਵਾਂਟ 14.5 ਐਸ ਸੀ (ਇੰਡੋਕਸਾਕਾਰਬ) ਜਾਂ 250 ਗ੍ਰਾਮ ਲਾਰਿਵਨ 75 ਡਬਲਯੂ ਪੀ (ਥਾਇਓਡੀਕਾਰਬ) ਜਾਂ 800 ਮਿਲੀਲਿਟਰ ਫੋਸਮਾਇਟ 50 ਈ ਸੀ (ਇਥੀਓਨ) ਪ੍ਰਤੀ ਏਕੜ ਦਾ ਛਿੜਕਾਅ ਕਰੋ
- ਨਰਮੇ ਦੀ 120 ਤੋਂ 150 ਦਿਨ ਦੀ ਫਸਲ ਉੱਪਰ ਗੁਲਾਬੀ ਸੁੰਡੀ ਦੀ ਰੋਕਥਾਮ ਲਈ 300 ਮਿਲੀਲਿਟਰ ਡੈਨੀਟੋਲ/ਮੀਓਥ੍ਰਿਨ 10 ਈ ਸੀ (ਫੈਨਪ੍ਰੋਪੈਥ੍ਰਿਨ) ਜਾਂ 160 ਮਿਲੀਲਿਟਰ ਡੈਸਿਸ 2.8 ਈ ਸੀ (ਡੈਲਟਾਮੈਥਿਰਨ) ਜਾਂ 200 ਮਿਲੀਲਿਟਰ ਸਾਈਪਰਮੈਥਿਰਨ 10 ਈ ਸੀ ਜਾਂ 100 ਮਿਲੀਲਿਟਰ ਫੈਨਵਲਰੇਟ 20 ਈ ਸੀ ਜਾਂ 300 ਮਿਲੀਲਿਟਰ ਬੁਲਡੋਕ 0.25 ਐਸ ਸੀ (ਬੀਟਾ ਸਾਈਫਲੂਥਰੀਨ) ਦਾ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ।

ਵਿਜੇ ਕੁਮਾਰ: 97794-51214

ਸੋਮੈਟਿਕ ਸੈੱਲ ਕਾਉਂਟ ਅਤੇ ਦੁੱਧ ਦੀ ਗੁਣਵੱਤਾ 'ਤੇ ਇਸਦਾ ਪ੍ਰਭਾਵ

ਸਤਬੀਰ ਸਿੰਘ ਅਤੇ ਅਪਰਣਾ

ਕ੍ਰਿਸ਼ੀ ਵਿਗਿਆਨ ਕੇਂਦਰ, ਰੋਪੜ

ਜੈਨੇਟਿਕ ਚੋਣ, ਖੁਰਾਕ ਅਤੇ ਚੁਆਈ ਦੀਆਂ ਨਵੀਨਤਮ ਤਕਨੀਕਾਂ ਨੇ ਪਸ਼ੂਆਂ ਦੇ ਦੁੱਧ ਉਤਪਾਦਨ ਵਿੱਚ ਚੋਖਾ ਇਜ਼ਾਫਾ ਕੀਤਾ ਹੈ। ਇਸ ਵਧੇਰੇ ਉਤਪਾਦਨ, ਆਲੇ-ਦੁਆਲੇ ਦੇ ਵਾਤਾਵਰਨ ਅਤੇ ਹੱਥਾਂ ਜਾਂ ਮਸ਼ੀਨਾਂ ਨਾਲ ਦੁੱਧ ਕੱਢਣ ਕਾਰਨ ਲੇਵੇ 'ਤੇ ਗੈਰ-ਕੁਦਰਤੀ ਤਣਾਅ ਪੈਂਦਾ ਹੈ ਜਿਸ ਨਾਲ ਇਨ੍ਹਾਂ ਜਾਨਵਰਾਂ ਵਿੱਚ ਲੇਵੇ ਦੇ ਇਨਫੈਕਸ਼ਨ ਦੀ ਸੰਭਾਵਨਾ ਵਧ ਜਾਂਦੀ ਹੈ।

ਮੈਮਰੀ ਗਲੈਂਡ/ਲੇਵੇ ਦੀ ਕੁਦਰਤੀ ਸੁਰੱਖਿਆ ਵਿਧੀ: ਮੈਮਰੀ ਗਲੈਂਡ/ਲੇਵੇ ਵਿੱਚ ਕੁਦਰਤੀ ਤੌਰ ਤੇ ਹੀ ਅੰਦਰੂਨੀ ਸੁਰੱਖਿਆ ਵਿਧੀ ਹੁੰਦੀ ਹੈ ਜੋ ਲੇਵੇ ਵਿੱਚ ਜਰਾਸੀਮ ਦੇ ਵਿਕਾਸ ਨੂੰ ਰੋਕਣ ਵਿੱਚ ਮਦਦ ਕਰਦੀ ਹੈ। ਜਰਾਸੀਮ ਆਮ ਤੌਰ 'ਤੇ ਦੁੱਧ ਚੁਆਈ ਦੇ ਸਮੇਂ ਤੋਂ ਪਹਿਲਾਂ, ਚੁਆਈ ਦੌਰਾਨ ਅਤੇ ਬਾਅਦ ਵਿੱਚ ਟੀਟ ਕਨਾਲ ਰਾਹੀਂ ਲੇਵੇ ਵਿੱਚ ਦਾਖਲ ਹੁੰਦੇ ਹਨ। ਜਦੋਂ ਪਸ਼ੂ ਦੁੱਧ ਤੋਂ ਹਟਿਆ ਹੋਵੇ ਜਾਂ ਸਵੇਰ ਅਤੇ ਸ਼ਾਮ ਦੀ ਚੁਆਈ ਦੇ ਵਿਚਕਾਰ ਦਾ ਸਮਾਂ ਹੋਵੇ, ਟੀਟ ਕੈਨਾਲ ਵਿੱਚ ਕੁਦਰਤੀ ਤੌਰ ਤੇ ਕੇਰਾਟਿਨ ਪਲੱਗ ਬਣ ਜਾਂਦਾ ਹੈ ਅਤੇ ਥਣ ਸੀਲ ਹੋ ਜਾਂਦਾ ਹੈ ਇਹ ਪਲੱਗ ਥਣ ਦੇ ਅੰਦਰ ਸਟ੍ਰੈਟੀਫਾਇਡ ਸਕੁਆਮਸ ਐਪੀਥੈਲੀਅਲ ਸੈੱਲ (ਸਰੀਰਕ ਤੰਤੂਆਂ ਦੀ ਕਿਸਮ) ਤੋਂ ਬਣਦਾ ਹੈ। ਇਹ ਹਮਲਾ ਕਰਨ ਵਾਲੇ ਸੂਖਮ ਜੀਵਾਂ/ ਜਰਾਸੀਮ ਦੇ ਵਿਰੁੱਧ ਇੱਕ ਪ੍ਰਭਾਵੀ ਭੌਤਿਕ ਰੁਕਾਵਟ ਬਣ ਜਾਂਦਾ ਹੈ। ਜੇਕਰ ਪਲੱਗ ਨੂੰ ਕੋਈ ਸਥਾਈ ਜਾਂ ਅਸਥਾਈ ਨੁਕਸਾਨ ਹੋ ਜਾਵੇ ਤਾਂ ਟੀਟ ਕਨਾਲ ਵਿੱਚ ਜਰਾਸੀਮ ਦਾ ਪ੍ਰਵੇਸ਼ ਅਤੇ ਵਿਕਾਸ ਵਧ ਸਕਦਾ ਹੈ । ਇਸ ਤਰ੍ਹਾਂ ਲੇਵੇ ਦੇ ਇਨਫੈਕਸ਼ਨ ਦੀ ਸੰਭਾਵਨਾ ਵਧ ਜਾਂਦੀ ਹੈ।

ਦੁੱਧ ਦੇ ਸੋਮੈਟਿਕ ਸੈੱਲ ਦਾ ਮਤਲਬ ਹੈ ਸਰੀਰ ਦੇ ਉਹ ਤੰਤੂ ਜਾਂ ਸੈਲ ਜੋ ਕੁਦਰਤੀ ਤੌਰ ਤੇ ਹੀ ਦੁੱਧ ਵਿੱਚ ਥੋੜੀ ਮਾਤਰਾ ਵਿੱਚ ਮੌਜੂਦ ਹੁੰਦੇ ਹਨ। ਇਹਨਾਂ ਵਿੱਚ ਲਿਊਕੋਸਾਈਟਸ ਸ਼ਾਮਲ ਹਨ ਜੋ ਸਰੀਰ ਦੀ ਇਨਫੈਕਸ਼ਨ ਤੋਂ ਸੁਰੱਖਿਆ ਪ੍ਰਣਾਲੀ ਦੇ ਹਿੱਸੇ ਵਜੋਂ ਕੰਮ ਕਰਦੇ ਹਨ ਅਤੇ ਬੀਮਾਰੀ ਨਾਲ ਲੜਨ ਵਿੱਚ ਮਦਦ ਕਰਦੇ ਹਨ, ਇਹ ਸੈਲ ਬੈਕਟੀਰੀਆ ਦੀ ਇਨਫੈਕਸ਼ਨ/ ਲਾਗ ਹੋਣ ਤੋਂ ਬਾਅਦ ਵੱਧ ਜਾਂਦੇ ਹਨ।

ਦੁੱਧ ਵਿੱਚ ਦੂਜੀ ਕਿਸਮ ਦੇ ਸੈੱਲ ਲੇਵੇ ਦੇ ਅੰਦਰੂਨੀ ਤੰਤੂ (ਐਪੀਥੈਲੀਅਲ ਸੈੱਲ) ਹੁੰਦੇ ਹਨ। ਇਹਨਾਂ ਦਾ ਮੁੱਖ ਕੰਮ ਖਰਾਬ ਤੰਤੂਆਂ ਦੀ ਮੁਰੰਮਤ ਵਿੱਚ ਸਹਾਇਤਾ ਕਰਨਾ ਹੈ।ਦੁੱਧ ਵਿੱਚ ਆਉਣ ਵਾਲੇ ਅਜਿਹੇ ਸੈੱਲਾਂ ਦੀ ਮੌਜੂਦਗੀ ਇੱਕ ਆਮ ਸਰੀਰਕ ਵਰਤਾਰਾ ਹੈ ਅਤੇ ਲੇਵੇ ਦੀ ਅੰਦਰੂਨੀ ਬਣਤਰ ਲਈ ਜ਼ਰੂਰੀ ਵੀ ਹੈ।

ਸੋਮੈਟਿਕ ਸੈੱਲ ਕਾਊਂਟ ਕੀ ਹੈ

ਦੁੱਧ ਵਿੱਚ ਮੌਜੂਦ ਪ੍ਰਤੀ ਮਿਲੀਲੀਟਰ ਸੋਮੈਟਿਕ ਸੈੱਲਾਂ ਦੀ ਗਣਿਤੀ ਨੂੰ ਸੋਮੈਟਿਕ ਸੈੱਲ ਕਾਊਂਟ ਕਿਹਾ ਜਾਂਦਾ ਹੈ ਅਤੇ ਇਹ ਦੁੱਧ ਦੀ ਗੁਣਵੱਤਾ, ਲੇਵੇ ਦੀ ਸਿਹਤ, ਮੈਸਟਾਈਟਸ ਅਤੇ ਦੁੱਧ ਦੇ ਉਤਪਾਦਨ ਦੀਆਂ ਸਵੱਛ ਸਥਿਤੀਆਂ ਦਾ ਮੁਲਾਂਕਣ ਕਰਨ ਲਈ ਇੱਕ ਮਾਪਦੰਡ ਹੈ। ਅੱਜਕੱਲ੍ਹ ਵਿਕਸਤ ਦੇਸ਼ ਡੇਅਰੀ ਪਸ਼ੂਆਂ ਦੇ ਲੇਵੇ ਵਿੱਚ ਮੈਸਟਾਈਟਸ ਦਾ ਅੰਦਾਜ਼ ਲਾਉਣ ਲਈ ਦੁੱਧ ਦੇ ਸੋਮੈਟਿਕ ਸੈੱਲ ਕਾਊਂਟਸ (ਐਸ ਸੀ ਸੀ) ਗਣਨਾ ਦੀ ਵਰਤੋਂ ਕਰ ਰਹੇ ਹਨ। ਵਿਕਸਤ ਦੇਸ਼ਾਂ ਤੋਂ ਇਲਾਵਾ ਭਾਰਤ ਵਿੱਚ ਦੁੱਧ ਇਕੱਤਰ ਕਰਨ ਵਾਲੀਆਂ ਕੁਝ ਏਜੰਸੀਆਂ ਨੇ ਵੀ ਗੁਣਵੱਤਾ ਨਿਯੰਤਰਣ ਲਈ ਫੈਟ ਅਤੇ ਐੱਸ ਐੱਨ ਐੱਫ ਤੋਂ ਇਲਾਵਾ ਇਸ ਮਾਪਦੰਡ ਦੀ ਵਰਤੋਂ ਸ਼ੁਰੂ ਕਰ ਦਿੱਤੀ ਹੈ।

ਸੋਮੈਟਿਕ ਸੈੱਲ ਕਾਊਂਟ ਦੀ ਮਹੱਤਤਾ

ਕੋਈ ਵੀ ਅੰਦਰੂਨੀ ਲਾਗ (ਮੈਸਟਾਇਟਸ) ਦੁੱਧ ਵਿੱਚ ਇਹਨਾਂ ਸੈੱਲਾਂ ਦੀ ਗਿਣਤੀ ਵਧਾ ਦਿੰਦੀ ਹੈ ਅਤੇ ਪੈਦਾ ਹੋਏ ਦੁੱਧ ਦੀ ਮਾੜੀ ਸਥਿਤੀ ਨੂੰ ਦਰਸਾਉਂਦੀ ਹੈ। ਜਦੋਂ ਸੋਮੈਟਿਕ ਸੈੱਲ ਕਾਊਂਟ ਦੀ ਮਾਤਰਾ ਲਗਭਗ 1 ਲੱਖ ਹੈ, ਇਹ ਦਰਸਾਉਂਦਾ ਹੈ ਕਿ ਜਾਨਵਰ ਇਨਫੇਕਸ਼ਨ ਨਾਲ ਪ੍ਰਭਾਵਿਤ ਨਹੀਂ ਹੈ। 200,000 ਸੋਮੈਟਿਕ ਸੈੱਲ ਕਾਊਂਟ / ਮਿਲੀਲੀਟਰ ਤੋਂ ਵੱਧ ਦੁੱਧ ਵਾਲੀਆਂ ਗਾਵਾਂ ਅਤੇ ਮੱਝਾਂ ਦੇ ਘੱਟੋ-ਘੱਟ ਇੱਕ ਕੁਆਟਰ/ਥਣ ਵਿੱਚ ਇਨਫੈਕਸ਼ਨ ਹੋਣ ਦੀ ਸੰਭਾਵਨਾ ਦਰਸਾਉਂਦਾ ਹੈ। ਜਿਵੇਂ ਜਿਵੇਂ ਸੈੱਲਾਂ ਦੀ ਗਿਣਤੀ ਵਧਦੀ ਜਾਂਦੀ ਹੈ, ਇਹ ਸਿੱਧੇ ਤੌਰ 'ਤੇ ਲਾਗ ਦੀ ਗੰਭੀਰਤਾ ਅਤੇ ਸੰਕਰਮਿਤ ਕੁਆਰਟਰਾਂ ਦੀ ਵਧੀ ਗਿਣਤੀ ਦਰਸਾਉਂਦਾ ਹੈ।

ਦੁੱਧ ਸੋਮੈਟਿਕ ਸੈੱਲ ਕਾਊਂਟ ਵਿੱਚ ਵਾਧਾ ਦੁੱਧ ਦੀ ਪੈਦਾਵਾਰ ਵਿੱਚ ਕਮੀ ਨਾਲ ਵੀ ਜੁੜਿਆ ਹੋਇਆ ਹੈ। ਦੁੱਧ ਦੀ ਪੈਦਾਵਾਰ ਵਿੱਚ ਇਹ ਕਮੀ ਮੈਸਟਾਈਟਸ ਦੇ ਲੱਛਣ ਦਿਸਣ ਤੋਂ ਘੱਟੋ-ਘੱਟ ਇੱਕ ਹਫ਼ਤੇ ਪਹਿਲਾਂ ਦੇਖੀ ਜਾ ਸਕਦੀ ਹੈ। ਇਸ ਤੋਂ ਇਲਾਵਾ ਇੱਕ ਵਾਰ ਸੰਕਰਮਿਤ ਹੋਣ ਵਾਲੀਆਂ ਗਾਵਾਂ ਕਈ ਵਾਰ ਆਪਣੇ ਮੈਸਟਾਈਟਸ ਤੋਂ ਪਹਿਲਾਂ ਦੇ ਦੁੱਧ ਦੀ ਪੈਦਾਵਾਰ ਦੇ ਪੱਧਰ 'ਤੇ ਵਾਪਸ ਨਹੀਂ ਆ ਸਕਦੀਆਂ। ਦੁੱਧ ਸੋਮੈਟਿਕ ਸੈੱਲ ਕਾਊਂਟ ਵਿੱਚ ਵਾਧੇ ਦੇ ਨਾਲ ਦੁੱਧ ਦੀ ਪੈਦਾਵਾਰ ਵਿੱਚ ਕਮੀ ਮੁੱਖ ਤੌਰ 'ਤੇ ਦੁੱਧ ਪੈਦਾ ਕਰਨ ਵਾਲੇ ਐਪੀਥੈਲਿਅਲ ਸੈੱਲਾਂ ਨੂੰ ਸਰੀਰਕ ਨੁਕਸਾਨ ਦੇ ਕਾਰਨ ਹੁੰਦੀ ਹੈ।

ਇਸ ਤੋਂ ਇਲਾਵਾ, ਉੱਚ ਐਸ.ਸੀ.ਸੀ. ਨਾਲ ਸਰੀਰ ਦੀ ਊਰਜਾ ਇਨਫੈਕਸ਼ਨ ਨਾਲ ਲੜਨ ਵਾਲੇ ਪਾਸੇ ਹੋ ਜਾਂਦੀ ਹੈ ਅਤੇ ਜਾਨਵਰ ਦਰਦ ਕਾਰਨ ਵੀ ਘੱਟ ਉਤਪਾਦਨ ਦਿੰਦਾ ਹੈ।

ਸੋਮੈਟਿਕ ਸੈੱਲ ਕਾਊਂਟ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕ

ੳ) ਉਤਪਾਦਕਤਾ ਦਾ ਪ੍ਰਭਾਵ

ਅ) ਦੁੱਧ ਚੁੰਘਾਉਣ ਦੇ ਵੱਖ-ਵੱਖ ਪੜਾਵਾਂ ਦਾ ਪ੍ਰਭਾਵ

ੲ) ਉਮਰ ਦਾ ਪ੍ਰਭਾਵ

ਸ) ਮੌਸਮ

ਹ) ਦੁੱਧ ਸਾਂਭਣ ਦਾ ਤਰੀਕਾ

ਕ) ਦੁੱਧ ਸੁੱਕਣ ਦਾ ਸਮਾਂ

ਸਤਬੀਰ ਸਿੰਘ: 99882-27872

ਮਿੱਟੀ ਅਤੇ ਸਿੰਚਾਈ ਵਾਲੇ ਪਾਣੀ ਦੀ ਪਰਖ ਜ਼ਰੂਰ ਕਰਵਾਓ

ਕੁਲਦੀਪ ਸਿੰਘ, ਅਮਰਦੀਪ ਸਿੰਘ ਤੂਰ ਅਤੇ ਧਨਵਿੰਦਰ ਸਿੰਘ

ਭੂਮੀ ਵਿਗਿਆਨ ਵਿਭਾਗ

ਮਿੱਟੀ ਪਰਖ ਤੋਂ ਕਰਵਾਉਣ ਤੇ ਸਾਨੂੰ ਭੂਮੀ ਵਿੱਚ ਉਪਲਬਧ ਜੀਵਕ ਕਾਰਬਨ ਅਤੇ ਉਪਲੱਬਧ ਤੱਤਾਂ ਦੇ ਨਾਲ-ਨਾਲ ਭੂਮੀ ਦੇ ਤੇਜ਼ਾਬੀਪਣ/ਖਾਰੇਪਣ ਅਤੇ ਲੂਣਾਂ ਦੀ ਮਾਤਰਾ ਬਾਰੇ ਵੀ ਪਤਾ ਲਗਦਾ ਹੈ । ਮਿੱਟੀ ਪਰਖ ਬਾਅਦ ਖੁਰਾਕੀ ਤੱਤਾਂ ਦੇ ਆਧਾਰ ਤੇ ਭੂਮੀ ਨੂੰ ਘੱਟ, ਦਰਮਿਆਨੀ ਅਤੇ ਜ਼ਿਆਦਾ ਸ਼੍ਰੇਣੀਆਂ ਵਿਚ ਵੰਡਿਆ ਜਾਂਦਾ ਹੈ । ਫਸਲ ਅਤੇ ਫਸਲੀ ਚੱਕਰ ਦੇ ਅਧਾਰ ਤੇ ਹਰ ਸ਼੍ਰੇਣੀ ਲਈ ਖਾਦਾਂ ਦੀਆਂ ਸਿਫਾਰਸ਼ਾਂ ਕੀਤੀਆਂ ਜਾਂਦੀਆਂ ਹਨ।

ਨਾਈਟ੍ਰੋਜਨ:- ਭੂਮੀ ਵਿਚ ਉਪਲੱਬਧ ਨਾਈਟ੍ਰੋਜਨ ਤੱਤ ਦਾ ਪਤਾ ਲਗਾਉਣ ਲਈ ਜੀਵਕ ਮਾਦਾ ਦੀ ਪਰਖ ਕੀਤੀ ਜਾਂਦੀ ਹੈ। ਭੂਮੀ ਵਿਗਿਆਨ ਵਿਭਾਗ ਦੀ ਮਿੱਟੀ ਪਰਖ ਪ੍ਰਯੋਗਸ਼ਾਲਾ ਵਿਚ ਸਾਲ 2023-24 ਵਿਚ ਆਏ ਨਮੂਨਿਆਂ ਵਿਚੋਂ ਕ੍ਰਮਵਾਰ 31, 55 ਅਤੇ 14 ਪ੍ਰਤੀਸ਼ਤ ਨਮੂਨੇ ਜੀਵਕ ਕਾਰਬਨ ਦੀ ਘੱਟ, ਦਰਮਿਆਨੀ ਅਤੇ ਜ਼ਿਆਦਾ ਸ਼੍ਰੇਣੀ ਵਿਚ ਪਾਏ ਗਏ।

ਫਾਸਫੋਰਸ:- ਸਾਲ 2023-24 ਵਿੱਚ ਵਿਸਲੇਸ਼ਣ ਕੀਤੇ ਗਏ ਮਿੱਟੀ ਦੇ ਨਮੂਨਿਆਂ ਵਿਚੋਂ ਕ੍ਰਮਵਾਰ 20,19, ਅਤੇ 61 ਪ੍ਰਤੀਸ਼ਤ ਨਮੂਨੇ ਫਾਸਫੋਰਸ ਤੱਤ ਲਈ ਘੱਟ, ਦਰਮਿਆਨੇ ਅਤੇ ਜਿਆਦਾ ਸ਼੍ਰੇਣੀਆਂ ਵਿਚ ਆਏ। ਜੇ ਭੂਮੀ ਵਿਚ ਉਪਲਬਧ ਫਾਸਫੋਰਸ ਤੱਤ 'ਘੱਟ' ਸ਼੍ਰੇਣੀ ਵਿਚ ਹੋਵੇ ਤਾਂ ਇਸਦੀ ਖਾਦ ਸਿਫਾਰਿਸ਼ ਕੀਤੀ ਮਾਤਰਾ ਨਾਲੋਂ 25 ਪ੍ਰਤੀਸ਼ਤ ਵਧਾ ਦਿਓ ਅਤੇ ਜੇ ਇਹ 'ਵੱਧ' ਸ਼੍ਰੇਣੀ ਵਿੱਚ ਹੋਵੇ ਤਾਂ ਇਸਦੀ ਮਾਤਰਾ 25 ਪ੍ਰਤੀਸ਼ਤ ਘਟਾ ਦਿਓ। ਜੇ ਭੂਮੀ ਫਾਸਫੋਰਸ ਤੱਤ ਲਈ 'ਬਹੁਤ ਜ਼ਿਆਦਾ' ਸ਼੍ਰੇਣੀ ਵਿਚ ਆਉਂਦੀ ਹੋਵੇ ਤਾਂ ਫਾਸਫੋਰਸ ਤੱਤ ਵਾਲੀਆਂ ਖਾਦਾਂ ਦੀ ਵਰਤੋਂ 2-3 ਸਾਲਾਂ ਲਈ ਨਾ ਕੀਤੀ ਜਾਵੇ ਅਤੇ ਉਸ ਤੋਂ ਬਾਅਦ ਦੁਬਾਰਾ ਮਿੱਟੀ ਪਰਖ ਕਰਵਾ ਕੇ ਭੂਮੀ ਵਿਚ ਫਾਸਫੋਰਸ ਦੀ ਉਪਲਬਧਤਾ ਅਨਸਾਰ ਖਾਦਾਂ ਪਾਓ।

ਪੋਟਾਸ਼ੀਅਮ:- ਪੋਟਾਸ਼ੀਅਮ ਦੀ ਵਰਤੋਂ ਸਿਰਫ ਉਹਨਾਂ ਭੂਮੀ ਵਿਚ ਕੀਤੀ ਜਾਵੇ ਜਿਥੇ ਇਸ ਦੀ ਘਾਟ ਹੋਵੇ। ਆਮ ਤੌਰ 'ਤੇ ਕਿਸਾਨ ਵੀਰ ਪੋਟਾਸ਼ ਦੀ ਵਰਤੋਂ ਨਹੀਂ ਕਰਦੇ ਪਰ ਇਹ ਬਹੁਤ ਜ਼ਰੂਰੀ ਹੈ ਕਿ ਮਿੱਟੀ ਪਰਖ ਕਰਵਾ ਕੇ ਪੋਟਾਸ਼ ਦੀ ਘਾਟ ਦਾ ਪਤਾ ਲਗਾ ਲਿਆ ਜਾਵੇ ਤਾਂ ਜੋ ਫਸਲਾਂ ਦਾ ਝਾੜ ਪ੍ਰਭਾਵਿਤ ਨਾ ਹੋਵੇ। ਪੰਜਾਬ ਵਿਚ ਆਮ ਤੌਰ 'ਤੇ ਪੋਟਾਸ਼ ਤੱਤ ਦੀ ਘਾਟ ਗੁਰਦਾਸਪੁਰ, ਹੁਸ਼ਿਆਰਪੁਰ, ਨਵਾਂਸ਼ਹਿਰ, ਜਲੰਧਰ ਤੇ ਰੋਪੜ ਜ਼ਿਲਿਆਂ ਵਿਚ ਦੇਖਣ ਨੂੰ ਮਿਲ਼ਦੀ ਹੈ।

ਛੋਟੇ ਤੱਤ: ਵੱਡੇ ਤੱਤਾਂ ਦੇ ਨਾਲ-ਨਾਲ ਛੋਟੇ ਤੱਤਾਂ ਦੀ ਘਾਟ ਵੀ ਪੰਜਾਬ ਦੀ ਭੂਮੀ ਵਿੱਚ ਮਿਲਦੀ ਹੈ।ਆਮ ਤੌਰ 'ਤੇ ਫਸਲਾਂ ਉੱਪਰ ਜ਼ਿੰਕ, ਮੈਂਗਨੀਜ਼ ਅਤੇ ਲੋਹੇ ਦੀ ਘਾਟ ਦੀਆਂ ਨਿਸ਼ਾਨੀਆਂ ਮਿਲ ਜਾਂਦੀਆਂ ਹਨ, ਇਸ ਲਈ ਵੱਡੇ ਤੱਤਾਂ ਦੇ ਨਾਲ-ਨਾਲ ਛੋਟੇ ਤੱਤਾਂ ਦੀ ਪਰਖ ਵੀ ਜ਼ਰੂਰ ਕਰਵਾ ਲੈਣੀ ਚਾਹੀਦੀ ਹੈ। ਮਿੱਟੀ ਦੀ ਪਰਖ ਅਨੁਸਾਰ ਜੇਕਰ ਜ਼ਿੰਕ-0.6, ਲੋਹਾ-4.5, ਮੈਂਗਨੀਜ਼-3.5 ਅਤੇ ਤਾਂਬਾ- 0.2 ਕਿਲੋਗ੍ਰਾਮ/ਏਕੜ ਤੋਂ ਘੱਟ ਹੈ ਤਾਂ ਫਸਲ ਉਪਰ ਇਹਨਾਂ ਤੱਤਾਂ ਦੀ ਘਾਟ ਕਰਕੇ ਝਾੜ ਘਟੇਗਾ।

ਮਿੱਟੀ ਦਾ ਨਮੂਨਾ ਲੈਣਾ:-

ਫਸਲਾਂ ਲਈ ਖਾਦਾਂ ਦੀ ਸਿਫਾਰਸ਼ ਲਈ: ਧਰਤੀ ਦੀ ਸਤਹਿ ਤੋਂ ਘਾਹ-ਫੂਸ ਹਟਾਉਣ ਤੋਂ ਬਾਅਦ ਖੁਰਪੇ ਜਾਂ ਕਹੀ ਨਾਲ ਅੰਗਰੇਜ਼ੀ ਦੇ ਅੱਖਰ 'ੜ' ਵਾਂਗ ਛੇ ਇੰਚ ਡੂੰਘਾ ਟੱਕ ਲਗਾਓ ਇਸ ਟੱਕ ਦੇ ਇੱਕ ਪਾਸਿਓਂ ਲਗਭਗ ਇਕ ਇੰਚ ਮੋਟੀ ਤਹਿ ਉਤਾਰ ਲਓ। ਜੇ ਖੇਤ ਇਕੋ ਜਿਹਾ ਹੋਵੇ ਤਾਂ ਇੱਕ ਖੇਤ ਵਿਚੋਂ 7 ਤੋਂ 8 ਥਾਵਾਂ ਤੋਂ ਇਸ ਤਰਾਂ ਮਿੱਟੀ ਦਾ ਨਮੂਨਾ ਲਓ। ਇਸ ਮਿੱਟੀ ਨੂੰ ਸਾਫ ਬਾਲਟੀ, ਤਸਲੇ ਜਾਂ ਕੱਪੜੇ 'ਤੇ ਚੰਗੀ ਤਰਾਂ ਮਿਲਾ ਲਓ। ਇਸ ਵਿੱਚੋਂ ਲਗਭਗ ਅੱਧਾ ਕਿੱਲੋ ਮਿੱਟੀ ਲੈ ਕੇ ਸਾਫ ਕੱਪੜੇ ਦੀ ਥੈਲੀ ਵਿੱਚ ਪਾ ਲਓ ਅਤੇ ਖੇਤ ਨੰਬਰ, ਕਿਸਾਨ ਦਾ ਨਾਮ, ਪਤਾ ਅਤੇ ਮਿਤੀ ਦਰਜ ਕਰ ਦਿਓ।

ਕੱਲਰ ਸੁਧਾਰ ਲਈ: ਇਹ ਨਮੂਨਾ ਲੈਣ ਲਈ ਖੇਤ ਵਿੱਚ ਤਿੰਨ ਫੁੱਟ ਡੂੰਘਾ ਟੋਆ ਪੁੱਟ ਲਓ ਜਿਸਦਾ ਇੱਕ ਪਾਸਾ ਸਿੱਧਾ ਖੜਾ ਹੋਵੇ ਤੇ ਦੂਜਾ ਪਾਸਾ ਤਿਰਛਾ ਹੋਵੇ। ਸਿੱਧੇ ਖੜੇ ਪਾਸਿਓਂ ਖੁਰਪੇ ਨਾਲ 0-1/2 , 1/2-1, 1-2 ਅਤੇ 2-3 ਫੁੱਟ ਪਰਤਾਂ ਵਿਚੋਂ ਇੱਕ ਇੰਚ ਮੋਟੀ ਮਿੱਟੀ ਦੀ ਤਹਿ ਅਲੱਗ ਲਓ । ਇਹਨਾਂ ਮਿੱਟੀ ਦੇ ਨਮੂਨਿਆਂ ਨੂੰ ਅਲੱਗ-ਅਲੱਗ ਸਾਫ ਕੱਪੜੇ ਦੀਆਂ ਥੈਲੀਆਂ ਵਿੱਚ ਪਾ ਕੇ ਖੇਤ ਨੰਬਰ, ਡੂੰਘਾਈ, ਕਿਸਾਨ ਦਾ ਨਾਮ, ਪਤਾ ਅਤੇ ਮਿਤੀ ਆਦਿ ਦਰਜ ਕਰ ਦਿਉ।

ਬਾਗ ਲਗਾਉਣ ਲਈ: ਇਹ ਨਮੂਨਾ ਲੈਣ ਲਈ ਖੇਤ ਵਿਚ ਛੇ ਫੁੱਟ ਡੂੰਘਾ ਟੋਆ ਪੱਟ ਲਓ ਜਿਸਦਾ ਇੱਕ ਪਾਸਾ ਸਿੱਧਾ ਖੜਾ ਹੋਵੇ ਅਤੇ ਦੂਜਾ ਤਿਰਛਾ ਹੋਵੇ। ਸਿੱਧੇ ਖੜੇ ਪਾਸਿਉਂ ਖੁਰਪੇ ਨਾਲ 0-1/2 , 1/2-1, 1-2, 2-3, 3-4, 4-5 ਅਤੇ 5-6 ਫੁੱਟ ਪਰਤਾਂ ਵਿਚੋਂ ਇੱਕਸਾਰ ਇੱਕ ਇੰਚ ਮੋਟੀ ਮਿੱਟੀ ਦੀ ਤਹਿ ਅਲੱਗ-ਅਲੱਗ ਲਓ। ਇਹਨਾਂ ਮਿੱਟੀ ਦੇ ਨਮੂਨਿਆਂ ਨੂੰ ਅਲੱਗ-ਅਲੱਗ ਸਾਫ ਕੱਪੜੇ ਦੀਆਂ ਥੈਲੀਆਂ ਵਿਚ ਪਾ ਕੇ ਖੇਤ ਨੰਬਰ, ਡੂੰਘਾਈ, ਕਿਸਾਨ ਦਾ ਨਾਮ, ਪਤਾ ਅਤੇ ਮਿਤੀ ਆਦਿ ਦਰਜ ਕਰ ਦਿਓ। ਜੇ ਕੋਈ ਰੋੜਾਂ ਦੀ ਤਹਿ ਹੋਵੇ ਤਾਂ ਉਸਦਾ ਅਲੱਗ ਨਮੂਨਾ ਲਓ ਅਤੇ ਉਸ ਤਹਿ ਦੀ ਡੂੰਘਾਈ ਅਤੇ ਮੋਟਾਈ ਦਰਜ ਕਰ ਦਿਓ। ਜੇ ਮਿੱਟੀ ਦੇ ਨਮੂਨੇ ਗਿੱਲੇ ਹੋਣ ਤਾਂ ਕੱਪੜੇ ਦੀਆਂ ਥੈਲੀਆਂ ਵਿਚ ਪਾਉਣ ਤੋਂ ਪਹਿਲਾਂ ਛਾਵੇਂ ਸੁਕਾ ਲਓ।

ਪਾਣੀ ਦੀ ਗੁਣਵੱਤਾ : ਪੰਜਾਬ ਵਿੱਚ ਧਰਤੀ ਹੇਠਲੇ ਤਕਰੀਬਨ 42% ਪਾਣੀ ਮਾੜੇ ਹਨ। ਇਹਨਾਂ ਦੀ ਵਰਤੋਂ ਫਸਲਾਂ ਅਤੇ ਭੂਮੀ ਦੀ ਸਿਹਤ ਲਈ ਨੁਕਸਾਨਦਾਇਕ ਹੋ ਸਕਦਾ ਹੈ ਪਰ ਜੇਕਰ ਪਾਣੀ ਪਰਖ ਕਰਵਾ ਲਈਏ ਤਾਂ ਕੁੱਝ ਹਦ ਤੱਕ ਸਿੰਚਾਈ

ਸਾਰਣੀ -1: ਮਿੱਟੀ ਪਰਖ ਲਈ ਖਾਰੀ ਅੰਗ ਅਤੇ ਲੂਣੇ ਤੱਤਾਂ ਦੀ ਨਿਰਧਾਰਤ ਹੱਦ

ਖਾਰੀ ਅੰਗ			ਲੂਣੇ ਤੱਤ (ਮਿਲੀਮਹੋਸ/ਸੈਂਟੀਮੀਟਰ)		
ਨਿਰਧਾਰਤ ਹੱਦਾਂ	ਸ਼੍ਰੇਣੀ	ਸਿਫਾਰਸ਼	ਨਿਰਧਾਰਤ ਹੱਦਾਂ	ਸ਼੍ਰੇਣੀ	ਸਿਫਾਰਸ਼
6.5- 8.7	ਠੀਕ	-	$\leq$ 0.8	ਠੀਕ	-
8.8-9.3	ਖਾਰਾ	ਰੂੜੀ/ ਹਰੀ ਖਾਦ ਆਦਿ ਦੀ ਵਰਤੋਂ ਕਰੋ	> 0.8	ਚਿੱਟਾ ਕੱਲਰ	ਚੰਗੇ/ਨਹਿਰੀ ਪਾਣੀ ਦੀ ਵਰਤੋਂ ਕਰਕੇ ਠੀਕ ਕਰੋ
> 9.3	ਕੱਲਰ ਵਾਲਾ	ਸ਼ਿਫਾਰਸ਼ ਅਨੁਸਾਰ ਜਿਪਸਮ ਦੀ ਵਰਤੋਂ ਕਰੋ			

ਸਾਰਣੀ -2:ਮਿੱਟੀ ਪਰਖ ਲਈ ਤੱਤਾਂ ਦੀਆਂ ਨਿਰਧਾਰਤ ਹੱਦਾਂ

ਜੀਵਕ ਮਾਦਾ (ਪ੍ਰਤੀਸ਼ਤ)	ਉਪਲਬੱਧ ਤੱਤ (ਕਿਲੋ/ਏਕੜ)		ਸ਼੍ਰੇਣੀ
	ਫਾਸਫੋਰਸ	ਪੋਟਾਸ਼	
<0.4	<5	<55	ਘੱਟ
0.4-0.75	5-9	-	ਦਰਮਿਆਨਾ
>0.75	9-20	?55	ਜ਼ਿਆਦਾ
-	>20	-	ਬਹੁਤ ਜ਼ਿਆਦਾ

ਲਈ ਵਰਤਿਆ ਜਾ ਸਕਦਾ ਹੈ। ਆਮ ਤੌਰ 'ਤੇ ਮਾੜੇ ਪਾਣੀਆਂ ਵਿੱਚ ਲੂਣਾਂ ਦੀ ਮਾਤਰਾ ਜ਼ਿਆਦਾ ਹੁੰਦੀ ਹੈ ਜਾਂ ਸੋਡੀਅਮ ਵਾਲੇ ਲੂਣ ਜ਼ਿਆਦਾ ਹੁੰਦੇ ਹਨ ਜਾਂ ਦੋਵੇਂ ਹੀ ਜ਼ਿਆਦਾ ਹੋ ਸਕਦੇ ਹਨ, ਤੇ ਇਹਨਾਂ ਦੇ ਅਧਾਰ ਤੇ ਇਹਨਾਂ ਪਾਣੀਆਂ ਨੂੰ ਲੂਣੇ, ਸੋਡੇ ਵਾਲੇ ਜਾਂ ਲੂਣੇ-ਸੋਢੇ ਵਾਲੇ ਪਾਣੀ ਕਿਹਾ ਜਾਂਦਾ ਹੈ। ਪੰਜਾਬ ਦੇ ਭੂਮੀ ਪਾਣੀਆਂ ਦੀ ਸਮੱਸਿਆ ਜ਼ਿਆਦਾ ਲੂਣ ਹੋਣਾ ਨਹੀਂ ਬਲਕਿ ਸੋਡੀਅਮ ਵਾਲੇ ਲੂਣ ਜ਼ਿਆਦਾ ਹੋਣਾ ਹੈ। ਇਹਨਾਂ ਪਾਣੀਆਂ ਦੀ ਸੁਚੱਜੀ ਵਰਤੋਂ ਲਈ ਪਾਣੀ ਦੀ ਗੁਣਵੱਤਾ ਦੀ ਜਾਂਚ ਕਰਨੀ ਬਹੁਤ ਜ਼ਰੂਰੀ ਹੈ।

ਪਾਣੀ ਦਾ ਨਮੂਨਾ ਕਿਵੇਂ ਲਈਏ?: ਪਾਣੀ ਦਾ ਨਮੂਨਾ ਲੈਣ ਤੋਂ ਪਹਿਲਾਂ ਟਿਊਬਵੈਲ 15-30 ਮਿੰਟ ਲਈ ਚਲਾਉ। ਇੱਕ ਖਾਲੀ ਬੋਤਲ ਲੈ ਕੇ ਉਸਨੂੰ ਟਿਊਬਵੈਲ ਦੇ ਪਾਣੀ ਨਾਲ 2-3 ਵਾਰ ਚੰਗੀ ਤਰਾਂ ਧੋ ਲਓ। ਬੋਤਲ ਸਾਫ ਕਰਨ ਲਈ ਕਿਸੇ ਵੀ ਸਾਬਣ ਜਾਂ ਸਰਫ ਦਾ ਪ੍ਰਯੋਗ ਨਾ ਕਰੋ। ਲਗਭਗ ਅੱਧਾ ਲਿਟਰ ਪਾਣੀ ਲੈ ਕੇ ਬੋਤਲ ਦਾ ਢੱਕਣ ਚੰਗੀ ਤਰਾਂ ਬੰਦ ਕਰ ਦਿਓ ਤੇ ਬੋਤਲ 'ਤੇ ਇੱਕ ਕਾਗਜ਼ ਚਿਪਕਾ ਕੇ ਹੇਠ ਲਿਖੀ ਜਾਣਕਾਰੀ ਲਿਖ ਦਿਓ:

1. ਕਿਸਾਨ ਦਾ ਨਾਮ ਤੇ ਪਤਾ
2. ਟਿਊਬਵੈਲ ਦੀ ਡੂੰਘਾਈ
3. ਭੂਮੀ ਦੀ ਕਿਸਮ ਜਿਸਦੀ ਸਿੰਚਾਈ ਕਰਨੀ ਹੈ
4. ਭੂਮੀ ਪਾਣੀ ਦੇ ਪੱਧਰ ਦੀ ਡੂੰਘਾਈ
5. ਕਿਹੜੀਆਂ ਫਸਲਾਂ ਉਗਾਈਆਂ ਜਾਣੀਆਂ ਹਨ

ਸਿੰਚਾਈ ਵਾਲੇ ਪਾਣੀ ਦੀ ਗੁਣਵੱਤਾ ਲਈ ਮਾਪਦੰਡ: ਸਿੰਚਾਈ ਲਈ ਪਾਣੀ ਦੀ ਗੁਣਵੱਤਾ ਕਈ ਕਾਰਨਾਂ ਕਰਕੇ ਪ੍ਰਭਾਵਿਤ ਹੋ ਸਕਦੀ ਹੈ। ਪੰਜਾਬ ਵਿੱਚ ਮਿੱਟੀ ਪਰਖ ਪ੍ਰਯੋਗਸ਼ਾਲਾਵਾਂ ਵਿੱਚ ਪਾਣੀ ਦੇ ਮੁੱਖ ਤੌਰ ਤੇ ਦੋ ਮਾਪਦੰਡਾਂ 'ਤੇ ਪਰਖ ਕੀਤੀ ਜਾਂਦੀ ਹੈ:

1. ਕੁੱਲ ਘੁਲਣਸ਼ੀਲ ਲੂਣ (ਬਿਜਲਈ ਚਾਲਕਤਾ ਈ.ਸੀ. ਮਾਈਕ੍ਰੋਮਹੋਸ ਪ੍ਰਤੀ ਸੈਂਟੀਮੀਟਰ ਰਾਹੀਂ ਦਰਸਾਇਆ)
2. ਰੈਜ਼ੀਡੂਅਲ ਸੋਡੀਅਮ ਕਾਰਬੋਨੇਟ ਜਾਂ ਆਰ.ਐੱਸ.ਸੀ. (ਮਿਲੀਇਕੁਵੀਲੈਂਟ ਪ੍ਰਤੀ ਲਿਟਰ ਰਾਹੀਂ ਦਰਸਾਇਆ)

ਇਹਨਾਂ ਮਾਪਦੰਡਾਂ ਦੇ ਅਧਾਰ ਤੇ ਸਿੰਚਾਈ ਵਾਲੇ ਪਾਣੀ ਦੀਆਂ ਹੱਦਾਂ ਨਿਰਧਾਰਤ ਕੀਤੀਆਂ ਗਈਆ ਹਨ। ਜੇ ਪਾਣੀ ਦੀ ਆਰ.ਐੱਸ.ਸੀ. 7.5 ਮਿਲੀਇਕੁਵੀਲੈਂਟ ਪ੍ਰਤੀ ਲਿਟਰ ਤੋਂ ਜ਼ਿਆਦਾ ਹੋਵੇ ਤਾਂ ਇਹ ਸਿੰਚਾਈ ਲਈ ਸਹੀ ਨਹੀਂ ਹੁੰਦਾ ਪਰ ਜੇ ਪਾਣੀ ਦੀ ਬਿਜਲਈ ਚਾਲਕਤਾ ਘੱਟ ਹੋਵੇ ਤਾਂ ਜ਼ਿਆਦਾ ਆਰ.ਐਸ.ਸੀ. ਵਾਲਾ ਪਾਣੀ ਵੀ ਜਿਪਸਮ ਪਾ ਕੇ ਵਰਤਿਆ ਜਾ ਸਕਦਾ ਹੈ।

ਪਾਣੀ ਦੀ ਪਰਖ ਦੇ ਅਧਾਰ 'ਤੇ ਸਿੰਚਾਈ ਵਾਲੇ ਪਾਣੀ ਨੂੰ 1 ਤੋਂ 4 ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ:

- **ਸ਼੍ਰੇਣੀ 1 –** ਜੇ ਪਾਣੀ ਦੀ ਈ.ਸੀ. 2000 ਮਾਈਕ੍ਰੋਮਹੋਸ/ ਸੈਂਟੀਮੀਟਰ ਤੋਂ ਥਲੇ ਹੋਵੇ ਅਤੇ ਆਰ.ਐੱਸ.ਸੀ. 2.5 ਮਿਲੀਇਕੁਵੀਲੈਂਟ ਪ੍ਰਤੀ ਲਿਟਰ ਤੋਂ ਥਲੇ ਹੋਵੇ ਤਾਂ ਇਹ ਪਾਣੀ ਸਫਲਤਾ ਨਾਲ ਹਰ ਮੌਕੇ ਵਰਤਿਆ ਜਾ ਸਕਦਾ ਹੈ।
- **ਸ਼੍ਰੇਣੀ 2**

(i) ਜੇ ਪਾਣੀ ਦੀ ਈ.ਸੀ. 2000-4000 ਮਾਈਕ੍ਰੋਮਹੋਸ/ ਸੈਂਟੀਮੀਟਰ ਦੇ ਵਿੱਚ ਹੋਵੇ ਅਤੇ ਆਰ.ਐੱਸ.ਸੀ. 2.5-5.0 ਮਿਲੀਇਕੁਵੀਲੈਂਟ ਪ੍ਰਤੀ ਲਿਟਰ ਦੇ ਵਿੱਚ ਹੋਵੇ ਤਾਂ ਇਸ ਪਾਣੀ ਨੂੰ ਨਹਿਰੀ ਪਾਣੀ ਵਿੱਚ ਮਿਲਾ ਕੇ ਜਾਂ ਨਹਿਰੀ ਪਾਣੀ ਨਾਲ ਵਾਰੀ-ਵਾਰੀ ਸਿੰਚਾਈ ਲਈ ਵਰਤਿਆ ਜਾ ਸਕਦਾ ਹੈ। ਇਸ ਪਾਣੀ ਨਾਲ ਜਿਪਸਮ ਨਹੀਂ ਵਰਤ ਸਕਦੇ।

(ii) ਜੇ ਪਾਣੀ ਦੀ ਆਰ.ਐੱਸ.ਸੀ. 2.5-5.0 ਮਿਲੀਇਕੁਵੀਲੈਂਟ ਪ੍ਰਤੀ ਲਿਟਰ ਦੇ ਵਿੱਚ ਹੋਵੇ ਅਤੇ ਈ.ਸੀ. 2000 ਮਾਈਕ੍ਰੋਮਹੋਸ/ ਸੈਂਟੀਮੀਟਰ ਤੋਂ ਥੱਲੇ ਹੋਵੇ ਤਾਂ ਜਿਪਸਮ ਦੀ ਸਿਫਾਰਸ਼ ਕੀਤੀ ਮਾਤਰਾ ਦੀ ਵਰਤੋਂ ਕਰਨੀ ਚਾਹੀਦੀ ਹੈ।

- **ਸ਼੍ਰੇਣੀ 3 –** ਜੇ ਪਾਣੀ ਦੀ ਆਰ.ਐਸ.ਸੀ. 5.0 -7.5 ਮਿੱਲੀ ਇਕਉਲੈਂਟ ਪ੍ਰਤੀ ਲਿਟਰ ਦੇ ਵਿੱਚ ਹੋਵੇ ਅਤੇ ਈ.ਸੀ. 2000 ਮਾਈਕ੍ਰੋਮਹੋਸ/ ਸੈਂਟੀਮੀਟਰ ਤੋਂ ਥਲੇ ਹੋਵੇ ਤਾਂ ਜਿਪਸਮ ਦੀ ਸਿਫਾਰਸ਼ ਕੀਤੀ ਮਾਤਰਾ ਦੀ ਵਰਤੋਂ ਕਰਨੀ ਚਾਹੀਦੀ ਹੈ।
- **ਸ਼੍ਰੇਣੀ 4 –** ਜੇ ਪਾਣੀ ਦੀ ਈ.ਸੀ. 4000 ਮਾਈਕ੍ਰੋਮਹੋਸ/ ਸੈਂਟੀਮੀਟਰ ਤੋਂ ਜ਼ਿਆਦਾ ਅਤੇ ਆਰ.ਐੱਸ.ਸੀ. 7.5 ਮਿਲੀਇਕੁਵੀਲੈਂਟ ਪ੍ਰਤੀ ਲਿਟਰ ਤੋਂ ਜ਼ਿਆਦਾ ਹੋਵੇ ਤਾਂ ਇਹ ਪਾਣੀ ਸਿੰਚਾਈ ਲਈ ਵਰਤੋਂ ਯੋਗ ਨਹੀਂ ਹੁੰਦਾ।

ਨਮੂਨੇ ਪਰਖਣ ਲਈ ਦਰਾਂ:- ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਮਿੱਟੀ ਤੇ ਪਾਣੀ ਦੇ ਨਮੂਨੇ ਪਰਖਣ ਲਈ ਕਿਸਾਨਾਂ ਵਾਸਤੇ ਹੇਠ ਲਿਖੇ ਅਨੁਸਾਰ ਦਰਾਂ ਨਿਰਧਾਰਤ ਕੀਤੀਆਂ ਗਈਆਂ ਹਨ:

1.ਫਸਲਾਂ ਵਿਚ ਖਾਦਾਂ ਦੀ ਵਰਤੋਂ ਲਈ ਮਿੱਟੀ ਪਰਖ :50 ਰੁਪਏ ਪ੍ਰਤੀ ਨਮੂਨਾ
2.ਕੱਲਰ ਸੁਧਾਰ ਲਈ ਮਿੱਟੀ ਪਰਖ :50 ਰੁਪਏ ਪ੍ਰਤੀ 4 ਨਮੂਨਿਆਂ ਦਾ ਸੈੱਟ
3.ਬਾਗ ਲਗਾਉਣ ਲਈ ਮਿੱਟੀ ਪਰਖ: 100 ਰੁਪਏ ਪ੍ਰਤੀ 7 ਨਮੂਨਿਆਂ ਦਾ ਸੈੱਟ
4.ਲਘੂ ਤੱਤਾਂ (ਜਿੰਕ, ਲੋਹਾ, ਮੈਂਗਨੀਜ਼ ਅਤੇ ਤਾਂਬਾ) ਲਈ ਮਿੱਟੀ ਪਰਖ : 50 ਰੁਪਏ ਪ੍ਰਤੀ ਨਮੂਨਾ
5. ਸਿੰਚਾਈ ਲਈ ਪਾਣੀ ਦੀ ਪਰਖ: 50 ਰੁਪਏ ਪ੍ਰਤੀ ਨਮੂਨਾ

ਮਿੱਟੀ ਪਰਖ ਦੁਬਾਰਾ ਕਦੋਂ ਕਰਵਾਈਏ?

ਮਿੱਟੀ ਪਰਖ ਹਰ 3 ਸਾਲਾਂ ਵਿਚ ਇਕ ਵਾਰ ਜ਼ਰੂਰ ਕਰਵਾ ਲੈਣੀ ਚਾਹੀਦੀ ਹੈ। ਹਲਕੀਆਂ ਰੇਤਲੀਆਂ ਭੂਮੀ ਵਿਚ ਇਹ ਇਸ ਤੋਂ ਵੀ ਛੇਤੀ ਕਰਵਾ ਲੈਣੀ ਚਾਹੀਦੀ ਹੈ। ਮਿੱਟੀ ਪਰਖ ਸਾਲ ਵਿਚ ਕਿਸੇ ਸਮੇਂ ਵੀ ਕਰਵਾਈ ਜਾ ਸਕਦੀ ਹੈ ਤੇ ਇਸ ਲਈ ਬਿਜਾਈ ਦਾ ਸਮਾਂ ਉਡੀਕਣ ਦੀ ਲੋੜ ਨਹੀਂ।

ਮਿੱਟੀ ਅਤੇ ਪਾਣੀ ਦੀ ਪਰਖ ਰਿਪੋਰਟ ਕਿਵੇਂ ਪ੍ਰਾਪਤ ਕਰੀਏ?

ਸੁਝਾਈਆਂ ਗਈਆਂ ਸਿਫ਼ਾਰਸ਼ਾਂ ਦੇ ਨਾਲ ਰਿਪੋਰਟਾਂ ਦੀਆਂ ਕਾਪੀਆਂ ਡਾਕਖਾਨੇ ਰਾਹੀਂ ਭੇਜ ਦਿੱਤੀਆਂ ਜਾਂਦੀਆਂ ਹਨ। ਕਿਸਾਨ ਵੈੱਬ ਸਾਈਟ www.pausoil.in 'ਤੇ ਕਲਿੱਕ ਕਰਕੇ ਆਪਣੇ ਸਮਾਰਟ ਫੋਨਾਂ 'ਤੇ ਪਰਖ ਦੇ ਨਤੀਜਿਆਂ ਦਾ ਮੁਲਾਂਕਣ ਵੀ ਕਰ ਸਕਦੇ ਹਨ। ਆਨਲਾਈਨ ਰਿਪੋਰਟ ਦੇਖਣ ਲਈ ਮਿੱਟੀ ਪਰਖ, ਸੂਖਮ ਪੌਸ਼ਟਿਕ ਤੱਤਾਂ ਲਈ ਪਰਖ ਅਤੇ ਪਾਣੀ ਦੀ ਜਾਂਚ ਲਈ ਕਿਸਾਨ ਨੂੰ ਉਪਰੋਕਤ ਪੋਰਟਲ 'ਤੇ ਆਪਣਾ ਰਸੀਦ ਨੰਬਰ ਪਾਉਣਾ ਹੋਵੇਗਾ।

ਕੁਲਦੀਪ ਸਿੰਘ: 81465-50714

ਜ਼ਿਲ੍ਹਾ ਹੁਸ਼ਿਆਰਪੁਰ ਦਾ ਸਫਲ ਗੁੜ ਉਤਪਾਦਕ

ਚਰਨਜੀਤ ਕੌਰ, ਰਾਕੇਸ਼ ਕੁਮਾਰ ਸ਼ਰਮਾ ਅਤੇ ਇੰਦਿਰਾ ਦੇਵੀ
ਫਾਰਮ ਸਲਾਹਕਾਰ ਸੇਵਾ ਕੇਂਦਰ ਹੁਸ਼ਿਆਰਪੁਰ (ਗੰਗੀਆਂ)

ਸ. ਗੁਰਪ੍ਰੀਤ ਸਿੰਘ ਜੀ 41 ਸਾਲ ਦੇ ਪੜ੍ਹੇ ਲਿਖੇ ਗ੍ਰੈਜੂਏਟ ਕਿਸਾਨ ਹਨ, ਜਿਹਨਾਂ ਨੂੰ ਇਹ ਕਿੱਤਾ ਆਪਣੇ ਪੁਰਖਾਂ ਤੋਂ ਮਿਲਿਆ ਹੈ। ਉਹਨਾਂ ਦੇ ਦਾਦੇ-ਪੜਦਾਦੇ ਇਸ ਕਿੱਤੇ ਨੂੰ ਘਰੇਲੂ ਪੱਧਰ ਤੇ ਰਵਾਇਤੀ ਢੰਗ ਨਾਲ ਕਰ ਰਹੇ ਸਨ, ਪਰ ਉਹਨਾਂ ਨੇ ਇਸ ਨੂੰ ਆਧੁਨਿਕ ਰੂਪ ਦੇ ਕੇ ਵੱਡੇ ਪੱਧਰ ਤੇ ਲਾਭਦਾਇਕ ਕਿੱਤੇ ਵਿੱਚ ਬਦਲ ਦਿੱਤਾ। ਸੰਨ 2015 ਵਿੱਚ ਉਹਨਾਂ ਨੇ ਕਮਾਦ ਦੇ ਪ੍ਰੋਸੈਸਿੰਗ ਲਈ ਇੱਕ ਭਾਫ਼ ਵਾਲੇ ਬਾਇਲਰ ਤੋਂ ਸ਼ੁਰੂਆਤ ਕੀਤੀ ਅਤੇ 2018 ਤੱਕ ਇਸੇ ਤਰ੍ਹਾਂ ਕੰਮ ਜਾਰੀ ਰਿਹਾ। ਉਸ ਸਮੇਂ ਦੌਰਾਨ ਉਹਨਾਂ ਦੇ ਯੂਨਿਟ ਦਾ ਗੁੜ ਉਤਪਾਦਨ ਲਗਭਗ 2.5 ਤੋਂ 3.0 ਕੁਇੰਟਲ ਪ੍ਰਤੀ ਦਿਨ ਸੀ। ਇਸ ਸਮੇਂ ਗੁੜ ਉਤਪਾਦਨ ਲਈ ਉਹਨਾਂ ਨੇ ਆਪਣੇ 25 ਏਕੜ ਖੇਤ ਵਿੱਚ ਉਗਾਏ ਗੰਨੇ ਦੀ ਵਰਤੋ ਕੀਤੀ। ਸੰਨ 2018 ਵਿੱਚ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਦੀ ਮਦਦ ਨਾਲ ਤਿੰਨ ਪੈਨ ਸਿਸਟਮ ਲਗਾਇਆ ਅਤੇ ਹੁਣ ਉਹ 100 ਏਕੜ (ਜਿਸ ਵਿੱਚ 25 ਏਕੜ ਆਪਣਾ ਅਤੇ 75 ਏਕੜ ਕਮਾਦ ਹੋਰਨਾਂ ਤੋਂ ਖਰਿਦਿਆ ਹੋਇਆ) ਕਮਾਦ ਦੀ ਪ੍ਰੋਸੈਸਿੰਗ ਕਰਦੇ ਹਨ। ਉਹ ਪ੍ਰੋਸੈਸਿੰਗ ਦਾ ਕੰਮ ਨਵੰਬਰ ਦੇ ਪਹਿਲੇ ਹਫ਼ਤੇ ਤੋਂ ਸ਼ੁਰੂ ਕਰਦੇ ਹਨ ਤੇ ਅਪ੍ਰੈਲ ਦੇ ਅਖੀਰ ਤੱਕ ਕੰਮ ਚੱਲਦਾ ਰਹਿੰਦਾ ਹੈ। ਇਸ ਦੌਰਾਨ ਉਹ ਪ੍ਰਤੀ ਦਿਨ ਲਗਭਗ 20-25 ਕੁਇੰਟਲ ਗੁੜ ਅਤੇ ਸ਼ੱਕਰ ਬਣਾਉਦੇ ਹਨ। ਯੂਨਿਟ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਉਹਨਾਂ ਨੇ ਆਪਣੇ ਨੇੜਲੇ ਪਿੰਡਾਂ ਦੇ 35 ਵਿਅਕਤੀਆਂ ਨੂੰ ਰੁਜ਼ਗਾਰ ਦਿੱਤਾ ਹੈ। ਉਹ ਸਾਲ 2021 ਤੋਂ ਫਾਰਮ ਸਲਾਹਕਾਰ ਕੇਂਦਰ, ਗੰਗੀਆਂ ਨਾਲ ਨਿਯਮਤ ਸੰਪਰਕ ਵਿੱਚ ਹਨ।

ਸ. ਗੁਰਪ੍ਰੀਤ ਸਿੰਘ ਜੀ ਦੂਜੇ ਕਿਸਾਨਾਂ ਨਾਲੋਂ ਇਸ ਲਈ ਮੋਹਰੀ ਹਨ, ਕਿਉਂਕਿ ਉਹ ਨਾ ਸਿਰਫ ਸਾਦਾ ਗੁੜ ਤੇ ਸ਼ੱਕਰ ਤਿਆਰ ਕਰਦੇ ਹਨ ਬਲਕਿ ਸਾਦੇ ਗੁੜ ਵਿੱਚ ਵੱਖ-ਵੱਖ ਪਦਾਰਥ ਜਿਵੇਂ ਕਿ ਚਾਕਲੇਟ, ਅਲਸੀ, ਹਲਦੀ, ਨਾਰੀਅਲ,ਮੂੰਗਫਲੀ, ਕਾਲੀ ਮਿਰਚ, ਇਲਾਇਚੀ, ਤਿਲ ਆਦਿ ਪਾ ਕੇ ਕੁੱਲ ਬਾਰ੍ਹਾਂ ਤਰ੍ਹਾਂ ਦੇ ਉਤਪਾਦ ਤਿਆਰ ਕਰਦੇ ਹਨ । ਇਹਨਾਂ ਉਤਪਾਦਾਂ ਤੋਂ ਇਲਾਵਾ ਉਹ ਗੰਨੇ ਦਾ ਰਸ ਕੱਢਣ ਤੋਂ ਬਾਅਦ ਗੰਨੇ ਦੇ ਰਹਿੰਦ-ਖੂੰਹਦ ਦੀ ਵਰਤੋਂ ਖਾਦ, ਪਸ਼ੂਆਂ ਦੇ ਚਾਰੇ, ਬਾਲਣ ਆਦਿ ਵਜੋਂ ਕਰਦੇ ਹਨ ਜੋਕਿ ਮੁਨਾਫੇ ਵਿੱਚ ਹੋਰ ਵਾਧਾ ਕਰਦੇ ਹਨ। ਉਹਨਾਂ ਦੀ ਸਫਲਤਾ ਦਾ ਮੁੱਖ ਕਾਰਨ ਇਹ ਹੈ ਕਿ ਉਹ ਸੰਯੁਕਤ ਪਰਿਵਾਰ ਵਿੱਚ ਰਹਿੰਦੇ ਹਨ ਅਤੇ ਉਹਨਾਂ ਦੇ ਪਰਿਵਾਰ ਦਾ ਹਰ ਜੀ ਇਸ ਕਿੱਤੇ ਨੂੰ ਕਾਮਯਾਬ ਕਰਨ ਵਿੱਚ ਵੱਡਮੁੱਲਾ ਯੋਗਦਾਨ ਦੇ ਰਿਹਾ ਹੈ। ਉਹਨਾਂ ਨੂੰ ਨੈਸ਼ਨਲ ਕੋਆਪ੍ਰੇਟਿਵ ਐਕਸਪੋਰਟਸ ਲਿਮਿਟੇਡ (ਐਨ ਸੀ ਈ ਐਲ) ਤੋਂ ਮੈਂਬਰਸ਼ਿਪ ਸਰਟੀਫਿਕੇਟ ਵੀ ਪ੍ਰਾਪਤ ਹੈ। ਇਸ ਸਾਲ ਤੋਂ ਉਹਨਾਂ ਨੇ ਜੈਵਿਕ ਖੇਤੀ ਵੱਲ ਰੁਖ ਕਰਨ ਦੇ ਮਨੋਰਥ ਨਾਲ 7 ਏਕੜ ਰਕਬੇ ਵਿੱਚ ਜੈਵਿਕ ਗੰਨਾ ਉਗਾਉਣਾ ਸ਼ੁਰੂ ਕੀਤਾ ਹੈ।

ਚਰਨਜੀਤ ਕੌਰ:94172-87920

ਜੈਵਿਕ ਖੇਤੀ ਕਰਨ ਵਾਲਾ ਕਿਸਾਨ

ਅਜੈਬ ਸਿੰਘ ਅਤੇ ਮਨਿੰਦਰ ਸਿੰਘ ਬੌਂਸ
ਕ੍ਰਿਸ਼ੀ ਵਿਗਿਆਨ ਕੇਂਦਰ, ਹੁਸ਼ਿਆਰਪੁਰ

ਸ. ਸੁਰਜੀਤ ਸਿੰਘ ਬਿੰਬ 15 ਏਕੜ ਰਕਬੇ ਤੇ ਜੈਵਿਕ ਖੇਤੀ ਕਰਦੇ ਹਨ ਇਹਨਾਂ ਵਿੱਚੋਂ 8 ਏਕੜ ਰਕਬੇ ਤੇ ਕਮਾਦ ਦੀ ਫਸਲ ਖਾਲ਼ੀਆਂ ਵਿੱਚ ਬਿਜਾਈ ਕਰਦੇ ਹਨ ਅਤੇ 4 ਫੁੱਟ ਬੈੱਡਾਂ ਤੇ ਕਮਾਦ ਦੇ ਨਾਲ ਆਲੂ, ਮਟਰ, ਹਲਦੀ, ਗਾਜਰ, ਲਸਣ, ਪਿਆਜ, ਰਾਜਮਾਂਹ, ਮੂੰਗੀ, ਮਾਂਹ, ਛੋਲੇ, ਆਦਿ, ਫ਼ਸਲਾਂ ਦੀ ਸਫਲ ਕਾਸ਼ਤ ਕਰਦੇ ਹਨ। ਆਲੂ, ਮਟਰ, ਹਲਦੀ, ਗਾਜਰ, ਲਸਣ, ਪਿਆਜ ਦੀ ਰਹਿੰਦ-ਖੂੰਹਦ ਨੂੰ ਬੈਡਾਂ ਤੇ ਮਿੱਟੀ ਵਿੱਚ ਮਿਲਾ ਲੈਂਦੇ ਹਨ, ਜਿਸ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਬਰਕਰਾਰ ਰਹਿੰਦੀ ਹੈ ਅਤੇ ਖੇਤ ਵਿਚਲੇ ਖੁਰਾਕੀ ਤੱਤਾਂ ਦੀ ਪੂਰਤੀ ਵੀ ਹੁੰਦੀ ਹੈ।ਸੀਜ਼ਨ ਦੌਰਾਨ ਇਹ ਕਿਸਾਨ ਰੋਜ਼ਾਨਾ 1.50 ਕੁਇੰਟਲ ਗੁੜ-ਸ਼ੱਕਰ ਤਿਆਰ ਕਰਦੇ ਹਨ, ਜੋ ਕਿ ਸਾਰੇ ਦਾ ਸਾਰਾ ਵਿਕ ਜਾਂਦਾ ਹੈ। ਸ. ਸੁਰਜੀਤ ਸਿੰਘ ਨੇ ਪਿਛਲੇ ਸਾਲ 140 ਕੁਇੰਟਲ ਗੁੜ ਸ਼ੱਕਰ ਬਣਾਇਆ ਅਤੇ ਸਾਰੇ ਦਾ ਸਾਰਾ ਹੀ ਗੁੜ-ਸ਼ੱਕਰ ਵਿਕ ਗਿਆ। ਸ. ਸੁਰਜੀਤ ਸਿੰਘ 4 ਏਕੜ ਰਕਬੇ ਤੇ ਕਣਕ ਦੀ ਸਫਲ ਕਾਸ਼ਤ ਕਰਦੇ ਹਨ। ਕਣਕ ਦੀ ਕਾਸ਼ਤ ਲਈ ਕਣਕ ਦੇ ਦੇਸੀ ਕਿਸਮਾਂ ਦੀ ਵਰਤੋਂ ਕਰਦੇ ਹਨ।ਕਣਕ ਦੇ ਦੇਸੀ ਕਿਸਮਾਂ ਦਾ ਆਟਾ ਇਹ ਕਿਸਾਨ, ਗਾਹਕਾਂ ਨੂੰ ਵੇਚ ਕੇ ਵਧੀਆ ਕਮਾਈ ਕਰ ਰਿਹਾ ਹੈ। ਸ. ਸੁਰਜੀਤ ਸਿੰਘ, ਖੇਤਾਂ ਦੇ ਆਲੇ ਦੁਆਲੇ ਸੂਰਜੀ ਰੌਸ਼ਨੀ ਨਾਲ ਚੱਲਣ ਵਾਲੇ ਟਰੈਪਾਂ ਦੀ ਵਰਤੋਂ ਕਰਦੇ ਹਨ ਅਤੇ ਇਹ ਟਰੈਪ ਇਸ ਤਰ੍ਹਾਂ ਦੀ ਕਿਰਨਾਂ ਛੱਡਦੇ ਹਨ, ਜਿਸ ਨਾਲ ਕੀਟ ਪਤੰਗੇ ਇਸ ਟਰੈਪ ਵੱਲ ਖਿੱਚੇ ਚੱਲੇ ਆਉਂਦੇ ਹਨ ਅਤੇ ਇਸ ਟਰੈਪ ਦੇ ਥੱਲੇ ਪਲੇਟ ਵਿੱਚ ਪਾਣੀ ਵਿੱਚ ਡੀਜ਼ਲ ਪਾਇਆ ਹੁੰਦੇ ਹੈ, ਜਿਸ ਵਿੱਚ ਕੀਟ ਪਤੰਗੇ ਡਿੱਗ ਕੇ ਮਰ ਜਾਂਦੇ ਹਨ।ਇਸ ਕਿਸਾਨ ਨੇ 1 ਕਨਾਲ ਦਾ ਪੌਲੀ ਹਾਊਸ ਵੀ ਲਗਾਇਆ ਹੈ।ਫਸਲਾਂ ਦੀ ਖੁਰਾਕੀ ਤੱਤਾਂ ਦੀ ਪੂਰਤੀ ਲਈ ਇਹ ਕਿਸਾਨ ਗੰਡੋਇਆਂ ਦੀ ਖਾਦ ਦੀ ਵਰਤੋਂ ਕਰਦਾ ਹੈ। ਸ. ਸੁਰਜੀਤ ਸਿੰਘ ਸਵੈ-ਮੰਡੀਕਰਨ ਵਿੱਚ ਵਿਸ਼ਵਾਸ ਰੱਖਦੇ ਹਨ ਅਤੇ ਆਪਣੇ ਖੇਤਾਂ ਤੋਂ ਤਿਆਰ ਕੀਤੀ ਹਲਦੀ, ਗੁੜ, ਦਾਲਾਂ, ਆਟਾ, ਚਾਵਲ ਦੀ ਸਵੈ-ਮੰਡੀਕਰਨ ਕਰਦੇ ਹਨ ਅਤੇ ਕੁਝ ਖਪਤਕਾਰ ਸ. ਸੁਰਜੀਤ ਸਿੰਘ ਦੇ ਫਾਰਮ ਤੋਂ ਆਪ ਹੀ ਵੱਖ-ਵੱਖ ਉਤਪਾਦ ਖਰੀਦ ਕਰ ਲੈਂਦੇ ਹਨ।ਸ. ਸੁਰਜੀਤ ਸਿੰਘ ਦਾ ਬੇਟਾ ਸ. ਪਰਮਵੀਰ ਸਿੰਘ, ਜੋ ਕਿ ਮੈਰਚੈਂਟ ਨੇਵੀ ਵਿੱਚ ਕੰਮ ਕਰਦੇ ਹਨ, ਵੀ ਉਨ੍ਹਾਂ ਦੀ ਖੇਤੀ ਵਿੱਚ ਬਹੁਤ ਮਦਦ ਕਰਦੇ ਹਨ।ਸ. ਸੁਰਜੀਤ ਸਿੰਘ, ਖੇਤੀਬਾੜੀ ਸਬੰਧੀ ਤਜਰਬਿਆਂ ਨੂੰ ਦੂਸਰਿਆਂ ਕਿਸਾਨਾਂ ਨਾਲ ਵੀ ਸਾਂਝਾ ਕਰਦੇ ਹਨ ਅਤੇ ਨਵੀਨਤਮ ਖੇਤੀ ਤਕਨੀਕਾਂ ਦੀ ਜਾਣਕਾਰੀ ਵਾਸਤੇ ਜ਼ਿਲ੍ਹਾ ਪੱਧਰੀ ਅਤੇ ਰਾਜ ਪੱਧਰੀ ਕਿਸਾਨ ਮੇਲਿਆਂ ਵਿੱਚ ਸ਼ਿਰਕਤ ਕਰਦੇ ਹਨ।

ਅਜੈਬ ਸਿੰਘ: 88476-27524

ਸੁਆਦਲੇ ਅਤੇ ਪੌਸ਼ਟਿਕ ਸਲਾਦ

ਮਨੀਸ਼ਾ ਭਾਟੀਆ

ਕ੍ਰਿਸ਼ੀ ਵਿਗਿਆਨ ਕੇਂਦਰ, ਫਤਿਹਗੜ ਸਾਹਿਬ

ਥ੍ਰੀ ਬੀਨਜ਼ ਸਲਾਦ

ਸਮਾਨ

ਰਾਜਮਾਂਹ	50 ਗ੍ਰਾਮ
ਚਿੱਟੇ ਛੋਲੇ	50 ਗ੍ਰਾਮ
ਫਰਾਂਸਬੀਨ ਫ਼ਲੀਆਂ	50 ਗ੍ਰਾਮ
ਪਿਆਜ਼	50 ਗ੍ਰਾਮ
ਸ਼ਿਮਲਾ ਮਿਰਚ	50 ਗ੍ਰਾਮ
ਨਿੰਬੂ	2
ਸਿਰਕਾ	2 ਛੋਟੇ ਚਮਚ
ਅਜਵਾਇਣ	½ ਛੋਟਾ ਚਮਚ
ਲੂਣ/ਮਿਰਚ ਪਾਉਡਰ	ਸਵਾਦ ਅਨੁਸਾਰ
ਤੇਲ	2 ਚੋਟੇ ਚਮਚ

ਤਰੀਕਾ:

- ਰਾਜਮਾਂਹ ਅਤੇ ਚਿੱਟੇ ਛੋਲਿਆਂ ਨੂੰ ਰਾਤ ਨੂੰ ਅੱਲਗ-ਅੱਲਗ ਭਿਉਂ ਦਿਉ ਤੇ ਸਵੇਰੇ ਅੱਡ-ਅੱਡ ਉਬਾਲ ਲਉ।
- ਫਰਾਂਸਬੀਨ ਫਲੀਆਂ ਨੂੰ ਛੋਟੇ ਟੁਕੜਿਆਂ ਵਿਚ ਕੱਟ ਲਵੋ ਅਤੇ ਨਮਕ ਵਾਲੇ ਪਾਣੀ ਵਿਚ ਨਰਮ ਹੋਣ ਤਕ ਪਕਾਉ।
- ਪਿਆਜ਼ ਅਤੇ ਸ਼ਿਮਲਾ ਮਿਰਚ ਨੂੰ ਗੋਲ ਅਕਾਰ ਵਿਚ ਕੱਟ ਲਵੋ।
- ਸ਼ਿਮਲਾ ਮਿਰਚ ਨੂੰ ਪੰਜ ਮਿੰਟ ਲਈ ਗਰਮ ਪਾਣੀ ਵਿਚ ਭਿਉਂ ਦਿਉ ਅਤੇ ਪਿਆਜ਼ ਨੂੰ 15-20 ਮਿੰਟ ਲਈ ਸਿਰਕੇ ਵਿਚ ਭਿਉਂ ਦਿਉ।
- ਸਾਰੀਆਂ ਸਬਜ਼ੀਆਂ, ਰਾਜਮਾਂਹ ਅਤੇ ਚਿੱਟੇ ਛੋਲਿਆਂ ਨੂੰ ਚੰਗੀ ਤਰ੍ਹਾਂ ਮਿਲਾ ਦਿਉ ਅਤੇ ਉੱਪਰ ਨਿੰਬੂ ਛਿੜਕ ਦਿਉ।
- ਅਖ਼ੀਰ ਵਿਚ ਲੂਣ ਅਤੇ ਮਿਰਚ ਸਵਾਦ ਅਨੁਸਾਰ ਪਾ ਦਿਉ।
- ਥੋੜ੍ਹੇ ਜਿਹੇ ਤੇਲ ਵਿਚ ਅਜਵਾਇਣ ਨੂੰ ਇਕ ਮਿੰਟ ਲਈ ਤਲ ਲਵੋ ਅਤੇ ਉਪਰ ਤਿਆਰ ਕੀਤੀਆਂ ਸਬਜ਼ੀਆਂ, ਰਾਜਮਾਂਹ ਅਤੇ ਛੋਲਿਆਂ ਉੱਪਰ ਪਾ ਦਿਉ ਅਤੇ ਚੰਗੀ ਤਰਾਂ ਮਿਲਾ ਦਿਉ। ਸਲਾਦ ਨੂੰ ਠੰਡਾ ਪਰੋਸੋ।

ਪੁੰਗਰੀ ਦਾਲ ਦਾ ਸਲਾਦ

ਸਮਾਨ

ਸਾਬਤ ਮੂੰਗੀ ਦੀ ਦਾਲ	250 ਗ੍ਰਾਮ
ਆਲੂ	250 ਗ੍ਰਾਮ
ਪਿਆਜ਼	100 ਗ੍ਰਾਮ
ਖੀਰਾ	250 ਗ੍ਰਾਮ
ਟਮਾਟਰ	250 ਗ੍ਰਾਮ
ਨਿੰਬੂ	4
ਲੂਣ/ਕਾਲੀ ਮਿਰਚ ਪਾਉਡਰ /ਚਾਟ ਮਸਾਲਾ	ਸਵਾਦ ਅਨੁਸਾਰ
ਧਨੀਏ ਦੇ ਪੱਤੇ	½ ਗੁੱਛੀ

ਤਰੀਕਾ:

- ਦਾਲ ਨੂੰ ਚੰਗੀ ਤਰਾਂ ਸਾਫ਼ ਕਰ ਕੇ, ਪਾਣੀ ਨਾਲ ਦੋ ਵਾਰ ਧੋ ਕੇ 8 ਘੰਟੇ ਲਈ ਭਿਉਂ ਦਿਉ।
- ਫਿਰ ਮਲਮਲ ਦੇ ਕੱਪੜੇ ਵਿਚ ਬੰਨ ਕੇ ਨਿੱਘੀ ਥਾਂ ਤੇ ਰੱਖ ਦਿਉ। ਗਰਮੀਆਂ ਵਿਚ 12 ਘੰਟੇ ਅਤੇ ਸਰਦੀਆਂ ਵਿਚ 24 ਘੰਟਿਆਂ ਵਿਚ ਦਾਲ ਪੁੰਗਰ ਜਾਵੇਗੀ।
- ਦਾਲ ਨੂੰ 2 ਮਿੰਟ ਲਈ ਪ੍ਰੈਸ਼ਰ ਕੁੱਕਰ ਜਾਂ ਮਾਈਕਰੋਵੇਵ ਵਿੱਚ ਭਾਫ਼ ਦਿਉ। ਆਲੂਆਂ ਨੂੰ ਉਬਾਲ ਲਵੋ, ਛਿਲਕਾ ਲਾਹ ਕੇ ਛੋਟੇ-ਛੋਟੇ ਟੁਕੜਿਆਂ ਵਿਚ ਕੱਟ ਲਵੋ।
- ਪੁੰਗਰੀ ਦਾਲ, ਆਲੂ, ਕੱਟੀਆਂ ਸਬਜ਼ੀਆਂ ਨੂੰ ਰਲਾ ਲਵੋ ਅਤੇ ਲੂਣ, ਕਾਲੀ ਮਿਰਚ, ਚਾਟ ਮਸਾਲਾ ਸਵਾਦ ਅਨੁਸਾਰ ਪਾ ਕੇ ਚੰਗੀ ਤਰ੍ਹਾਂ ਰਲਾਉ।
- ਨਿੰਬੂ ਦਾ ਰਸ ਪਾ ਕੇ ਹਲਕਾ ਜਿਹਾ ਫਿਰ ਰਲਾਉ ਅਤੇ ਤਾਜ਼ੇ ਧਨੀਏ ਦੇ ਪੱਤਿਆਂ ਨੂੰ ਬਰੀਕ ਕੱਟ ਕੇ ਉਪਰ ਸਜਾ ਦਿਉ।
- ਸਲਾਦ ਨੂੰ ਠੰਡਾ ਪਰੋਸੋ।

ਮਨੀਸ਼ਾ ਭਾਟੀਆ: 98768-33933

ਮਈ ਮਹੀਨੇ ਦੇ ਖੇਤੀ ਰੁਝੇਵੇਂ

ਝੋਨਾ: ਝੋਨੇ ਦੀਆਂ ਸਿਫ਼ਾਰਸ਼ ਕੀਤੀਆਂ ਕਿਸਮਾਂ ਹੀ ਬੀਜੋ।ਪੀ ਆਰ 121, ਪੀ ਆਰ 122, ਪੀ ਆਰ 131, ਪੀ ਆਰ 128, ਪੀ ਆਰ 129, ਪੀ ਆਰ 114 ਅਤੇ ਪੀ ਆਰ 113, ਮਈ 20 ਤੋਂ 25, ਪੀ ਆਰ 127, ਪੀ ਆਰ 130 ਅਤੇ ਐਚ ਕੇ ਆਰ 47 ਮਈ ਦੇ ਅਖੀਰਲੇ ਹਫਤੇ ਅਤੇ ਪੀ ਆਰ 126 ਕਿਸਮ ਦੀ ਪਨੀਰੀ ਦੀ ਬਿਜਾਈ 25 ਮਈ ਤੋਂ 20 ਜੂਨ ਤੱਕ ਕਰ ਸਕਦੇ ਹਾਂ। ਪਨੀਰੀ ਦੀ ਬਿਜਾਈ ਲਈ ਖੇਤ ਵਿੱਚ 12-15 ਟਨ ਗਲੀ ਸੜੀ ਰੂੜੀ ਦੀ ਖਾਦ ਪਾ ਕੇ ਚੰਗੀ ਤਰ੍ਹਾਂ ਰਲਾਉਣ ਉਪਰੰਤ ਪਾਣੀ ਲਾਉ ਤਾਂ ਕਿ ਨਦੀਨ ਉੱਗ ਪੈਣ। ਨਦੀਨਾਂ ਨੂੰ ਮਾਰਨ ਲਈ ਇੱਕ ਵਾਰ ਫਿਰ ਖੇਤ ਨੂੰ ਵਾਹੋ। ਖੇਤ ਨੂੰ ਭਰਵਾਂ ਪਾਣੀ ਦਿਉ ਅਤੇ ਕੱਦੂ ਕਰੋ। ਕੱਦੂ ਕਰਨ ਸਮੇਂ 26 ਕਿਲੋ ਯੂਰੀਆ, 60 ਕਿਲੋ ਸਿੰਗਲ ਸੁਪਰਫਾਸਫੇਟ ਅਤੇ 40 ਕਿਲੋ ਜ਼ਿੰਕ ਸਲਫੇਟ (ਹੈਪਟਾਹਾਈਡਰੇਟ) ਜਾਂ 25 ਕਿਲੋ ਜ਼ਿੰਕ ਸਲਫੇਟ (ਮੋਨੋਹਾਈਡਰੇਟ) ਪ੍ਰਤੀ ਏਕੜ ਦੇ ਹਿਸਾਬ ਪਾ ਦਿਉ। ਖੇਤ ਵਿਚ ਕਿਆਰੇ ਸੌਖ ਦੇ ਹਿਸਾਬ ਅਨੁਸਾਰ ਤਿਆਰ ਕਰੋ।ਜੜ੍ਹ-ਗੰਢ ਨੀਮਾਟੋਡ ਦੇ ਹਮਲੇ ਤੋਂ ਬਚਾਅ ਲਈ ਸਰੋਂ ਦੀ ਖਲ 40 ਗ੍ਰਾਮ ਪ੍ਰਤੀ ਵਰਗ ਮੀਟਰ ਦੇ ਹਿਸਾਬ ਨਾਲ ਪਨੀਰੀ ਬੀਜਣ ਤੋਂ 10 ਦਿਨ ਪਹਿਲਾਂ ਖੇਤ ਦੀ ਰਾਉਣੀ ਉਪਰੰਤ ਆਖਰੀ ਵਾਹੀ ਵੇਲੇ ਪਾਓ। ਬੀਜ ਰਾਹੀਂ ਲੱਗਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਲਈ ਬਿਜਾਈ ਤੋਂ ਪਹਿਲਾਂ 3 ਗ੍ਰਾਮ ਸਪਰਿੰਟ ਪ੍ਰਤੀ ਕਿੱਲੋ ਦੇ ਹਿਸਾਬ ਨਾਲ 10-12 ਮਿ.ਲਿ. ਪਾਣੀ ਵਿੱਚ ਘੋਲ ਕੇ ਸੋਧ ਲਉ।ਸੋਧਿਆ ਹੋਇਆ ਇੱਕ ਕਿਲੋ ਬੀਜ ਪ੍ਰਤੀ 20 ਵਰਗ ਮੀਟਰ ਦੇ ਹਿਸਾਬ ਛਿੱਟਾ ਦਿਓ। ਲਗਾਤਾਰ ਪਾਣੀ ਦੇ ਕੇ ਜ਼ਮੀਨ ਗਿੱਲੀ ਰੱਖੋ। ਬੀਜਣ ਤੋਂ 15 ਦਿਨਾਂ ਬਾਅਦ 26 ਕਿਲੋ ਯੂਰੀਆ ਪ੍ਰਤੀ ਏਕੜ ਹੋਰ ਪਾਉ। ਝੋਨੇ ਦੀ ਪਨੀਰੀ ਵਿੱਚੋਂ ਨਦੀਨਾਂ ਨੂੰ ਚੰਗੀ ਤਰ੍ਹਾਂ ਖ਼ਤਮ ਕਰਨ ਲਈ 1200 ਮਿਲੀਲਿਟਰ ਬੂਟਾਕਲੋਰ 50 ਤਾਕਤ ਨੂੰ ਬਿਜਾਈ ਤੋਂ 7 ਦਿਨਾਂ ਬਾਅਦ ਜਾਂ 500 ਮਿਲੀਲਿਟਰ ਸੋਫਿਟ 37.5 ਈ ਸੀ (ਪ੍ਰੈਟੀਲਾਕਲੋਰ + ਸੇਫਨਰ ਮਿਲੀਆਂ ਹੋਈਆਂ) ਨੂੰ ਬਿਜਾਈ ਤੋਂ 3 ਦਿਨਾਂ ਬਾਅਦ ਵਰਤੋ। ਕਿਸੇ ਇੱਕ ਨਦੀਨ ਨਾਸ਼ਕ ਦੀ ਵਰਤੋਂ 60 ਕਿਲੋ ਰੇਤ ਵਿੱਚ ਮਿਲਾ ਕੇ ਕਰੋ । ਇਸੇ ਤਰਾਂ ਨਰਸਰੀ ਬੀਜਣ ਤੋਂ 15-20 ਦਿਨਾਂ ਬਾਅਦ ਨੋਮਿਨੀ ਗੋਲਡ 10 ਐਸ ਸੀ 100 ਮਿਲੀਲਿਟਰ ਪ੍ਰਤੀ ਏਕੜ ਨੂੰ 150 ਲਿਟਰ ਪਾਣੀ ਵਿੱਚ ਘੋਲ ਕੇ ਸਪਰੇ ਕਰਨ ਨਾਲ ਵੀ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ।

ਬੀਜ ਉੱਗਣ ਦੀ ਪਹਿਲੀ ਅਵਸਥਾ ਤੇ ਦਸ ਦਿਨ ਤੱਕ ਹਲਕਾ ਪਾਣੀ ਦੇਣਾ ਚਾਹੀਦਾ ਹੈ। ਬਾਅਦ ਵਿੱਚ ਲਗਾਤਾਰ ਪਾਣੀ ਦੇਂਦੇ ਰਹੋ। ਪਾਣੀ ਦੀ ਘਾਟ ਕਾਰਨ ਹਲਕੀਆਂ (ਰੇਤਲੀਆਂ) ਜ਼ਮੀਨਾਂ ਵਿੱਚ ਲੋਹੇ ਦੀ ਘਾਟ ਆਉਂਦੀ ਹੈ। ਜੇਕਰ ਪਨੀਰੀ ਦੇ ਨਵੇਂ ਨਿਕਲਣ ਵਾਲੇ ਪੱਤੇ ਪੀਲੇ ਦਿਖਣ ਤਾਂ 0.5-1 ਪ੍ਰਤੀਸ਼ਤ ਫੈਰਸ ਸਲਫੇਟ (0.5-1 ਕਿਲੋ ਫੈਰਸ ਸਲਫੇਟ 100 ਲਿਟਰ ਪਾਣੀ) ਦੇ ਘੋਲ ਦੇ ਤਿੰਨ ਛਿੜਕਾਅ ਹਫ਼ਤੇ- ਹਫ਼ਤੇ ਦੇ ਵਕਫ਼ੇ ਤੇ ਕਰੋ। ਜੇਕਰ ਪੱਤੇ ਜੰਗਾਲੇ ਹੋ ਜਾਣ ਤਾਂ 0.5 ਪ੍ਰਤੀਸ਼ਤ ਜ਼ਿੰਕ ਸਲਫੇਟ (21%) ਜਾਂ 0.3% ਜ਼ਿੰਕ ਸਲਫੇਟ (33%) ਦੇ ਘੋਲ ਦਾ ਛਿੜਕਾਅ ਕਰੋ।

ਨਰਮਾ ਤੇ ਕਪਾਹ: ਇਸ ਮਹੀਨੇ ਦੇ ਪਹਿਲੇ ਪੰਦਰਵਾੜੇ ਵਿੱਚ ਬਿਜਾਈ ਹਰ ਹਾਲਤ ਵਿੱਚ ਖਤਮ ਕਰ ਲਓ। ਨਰਮਾ ਨਿੰਬੂ ਜਾਤੀ ਦੇ ਬਾਗਾਂ ਨੇੜੇ ਨਾ ਬੀਜੋ। ਲਾਗੇ ਭਿੰਡੀ, ਮੂੰਗੀ, ਢੈਂਚਾ, ਅਰਿੰਡ, ਅਰਹਰ ਆਦਿ ਦੀ ਫ਼ਸਲ ਵੀ ਨਾ ਲਗਾਉ। ਖੇਤ ਸਾਫ਼ ਰੱਖੋ। ਕੰਘੀ ਬੂਟੀ ਅਤੇ ਪੀਲੀ ਬੂਟੀ ਨੂੰ ਵੱਟਾਂ ਬੰਨਿਆਂ ਤੋਂ ਖ਼ਤਮ ਕਰ ਦਿਉ ਕਿਉਂਕਿ ਪੱਤਾ ਮਰੋੜ ਵਾਇਰਸ ਨਰਮੇ ਤੇ ਹਮਲਾ ਕਰਨ ਤੋਂ ਪਹਿਲਾਂ ਇਥੇ ਹੀ ਪਲਦਾ ਹੈ। ਚਿੱਟੀ ਮੱਖੀ ਦੇ ਫੈਲਾਅ ਨੂੰ ਰੋਕਣ ਲਈ ਬਿਜਾਈ ਤੋਂ ਪਹਿਲਾਂ ਖਾਲੀ ਥਾਂਵਾਂ, ਸੜਕਾਂ ਦੇ ਕਿਨਾਰਿਆਂ, ਖਾਲਿਆਂ ਦੀਆਂ ਵੱਟਾਂ ਅਤੇ ਬੇਕਾਰ ਪਈ ਭੂਮੀ ਵਿੱਚੋਂ ਚਿੱਟੀ ਮੱਖੀ ਦੇ ਬਦਲਵੇਂ ਨਦੀਨ ਜਿਵੇਂ ਕਿ ਕੰਘੀ ਬੂਟੀ, ਪੀਲੀ ਬੂਟੀ, ਪੁੱਠ ਕੰਡਾ, ਧਤੂਰਾ, ਭੰਗ ਆਦਿ ਨੂੰ ਨਸ਼ਟ ਕਰ ਦਿਉ। ਨਰਮੇ ਤੋਂ ਇਲਾਵਾ ਚਿੱਟੀ ਮੱਖੀ ਦਾ ਹਮਲਾ ਹੋਰ ਫਸਲਾਂ ਜਿਵੇਂ ਕਿ ਬੈਂਗਣ, ਆਲੂ, ਟਮਾਟਰ, ਮਿਰਚਾ, ਮੂੰਗੀ ਆਦਿ ਤੇ ਵੀ ਪਾਇਆ ਜਾਂਦਾ ਹੈ। ਇਸ ਲਈ ਇਹਨਾਂ ਫਸਲਾਂ ਦਾ ਲਗਾਤਾਰ ਸਰਵੇਖਣ ਕਰੋ ਅਤੇ ਲੋੜ ਮੁਤਾਬਿਕ ਇਸ ਦੀ ਰੋਕਥਾਮ ਕਰੋ। ਇਸ ਮਹੀਨੇ ਨਰਮੇ ਦੀ ਫਸਲ ਤੇ ਵੀ ਚਿੱਟੀ ਮੱਖੀ ਦਾ ਲਗਾਤਾਰ ਸਰਵੇਖਣ ਕਰਦੇ ਰਹੋ। ਜਿੱਥੇ ਕਿਤੇ ਇਟਸਿੱਟ ਨਦੀਨ ਪਹਿਲੀ ਸਿੰਚਾਈ ਜਾਂ ਬਰਸਾਤ ਮਗਰੋਂ ਉੱਗਦੇ ਹਨ ਤਾਂ ਸਟੌਂਪ 30 ਤਾਕਤ ਇਕ ਲਿਟਰ ਪ੍ਰਤੀ ਏਕੜ ਦੇ ਹਿਸਾਬ ਛਿੜਕੋ। ਛਿੜਕਾਅ ਇੱਕਸਾਰ ਹੋਣਾ ਚਾਹੀਦਾ ਹੈ ਅਤੇ ਦਵਾਈ 200 ਲਿਟਰ ਪਾਣੀ ਵਿੱਚ ਘੋਲਣੀ ਚਾਹੀਦੀ ਹੈ। ਸਟੌਂਪ ਨਦੀਨ ਨਾਸ਼ਕ ਉੱਗੇ ਹੋਏ ਨਦੀਨਾਂ ਨੂੰ ਨਹੀਂ ਮਾਰਦੀ ਇਸ ਲਈ ਉੱਗੇ ਹੋਏ ਇਟਸਿੱਟ ਦੇ ਬੂਟੇ ਨਦੀਨ ਨਾਸ਼ਕ ਦਾ ਛਿੜਕਾਅ ਕਰਨ ਤੋਂ ਪਹਿਲਾਂ ਖੇਤ ਵਿੱਚੋਂ ਕੱਢ ਦਿਉ।ਨਰਮੇ/ਕਪਾਹ ਦੀ ਫ਼ਸਲ ਵਿੱਚ ਪਹਿਲੇ ਪਾਣੀ ਤੋਂ ਬਾਅਦ ਖੇਤ ਵੱਤਰ ਆਉਣ ਤੇ 500 ਮਿਲੀਲਿਟਰ ਪ੍ਰਤੀ ਏਕੜ ਹਿਟਵੀਡ ਮੈਕਸ 10 ਪ੍ਰਤੀਸ਼ਤ (ਪਾਇਰੀਥਾਇਓਬੈਕ ਸੋਡੀਅਮ 6% + ਕੁਇਜ਼ਾਲੋਫਾਪ ਇਥਾਇਲ 4%) ਦਾ ਛਿੜਕਾਅ ਕਰਨ ਤੇ ਘਾਹ ਅਤੇ ਚੌੜੇ ਪੱਤੇ ਵਾਲੇ ਮੌਸਮੀ ਨਦੀਨਾਂ ਦੀ ਚੰਗੀ ਰੋਕਥਾਮ ਕੀਤੀ ਜਾ ਸਕਦੀ ਹੈ। ਇਹ ਨਦੀਨਨਾਸ਼ਕ ਲਪੇਟਾ ਵੇਲ (ਗੁਆਰਾ ਵੇਲ) ਦੀ ਵੀ 2 ਤੋਂ 5 ਪੱਤਿਆ ਦੀ ਅਵਸਥਾ ਤੇ ਚੰਗਾ ਰੋਕਥਾਮ ਕਰਦੀ ਹੈ। ਨਰਮਾ/ਕਪਾਹ ਬੀਜਣ ਤੋਂ 45 ਦਿਨ ਬਾਅਦ ਨਦੀਨਾਂ ਦੇ ਨਾਸ਼ ਲਈ ਇਕ ਗੋਡੀ ਜ਼ਰੂਰ ਕਰੋ।

ਮੱਕੀ: ਮਈ ਮਹੀਨੇ ਦੇ ਅਖੀਰ ਵਿੱਚ ਮੱਕੀ ਦੀ ਕਾਸ਼ਤ ਸ਼ੁਰੂ ਕਰੋ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫ਼ਾਰਸ਼ ਕਿਸਮਾਂ ਹੀ ਬੀਜੋ।ਖੇਲਾਂ ਵਿੱਚ ਮੱਕੀ ਦੀ ਕਾਸ਼ਤ ਵੀ ਕੀਤੀ ਜਾ ਸਕਦੀ ਹੈ।ਮੱਕੀ ਦੀ ਬਿਜਾਈ 67.5 ਸੈਂਟੀਮੀਟਰ ਬੈੱਡ ਦੇ ਵਿਚਕਾਰ 3-5 ਸੈਂਟੀਮੀਟਰ ਡੂੰਘਾਈ ਤੇ ਕਰੋ ਅਤੇ ਬੂਟੇ ਤੋਂ ਬੂਟੇ ਦਾ ਫ਼ਾਸਲਾ 18 ਸੈਂਟੀਮੀਟਰ ਰੱਖੋ ਜਾਂ 60 ਸੈਂਟੀਮੀਟਰ ਦੀ ਵਿੱਥ ਤੇ ਵੱਟਾਂ ਦੇ ਪਾਸੇ ਤੇ 6-7 ਸੈਂਟੀਮੀਟਰ ਦੀ ਉਚਾਈ ਤੇ ਬਿਜਾਈ ਕਰੋ ਅਤੇ ਬੂਟੇ ਤੋਂ ਬੂਟੇ ਦਾ ਫ਼ਾਸਲਾ 20 ਸੈਂਟੀਮੀਟਰ ਰੱਖੋ। ਬੈੱਡ ਬਨਾਉਣ ਲਈ ਕਣਕ ਵਾਲੇ ਬੈੱਡ ਪਲਾਂਟਰ ਦੀ ਵਰਤੋਂ ਕੀਤੀ ਜਾ ਸਕਦੀ ਹੈ।ਬੈੱਡ ਜਾਂ ਵੱਟਾਂ ਤੇ ਮੱਕੀ ਦੀ ਬਿਜਾਈ ਕਰਨ ਨਾਲ ਮੱਕੀ ਦੇ ਉਗਣ ਸਮੇਂ ਜ਼ਿਆਦਾ ਬਾਰਿਸ਼ ਨਾਲ ਖੜ੍ਹੇ ਪਾਣੀ ਦੇ ਨੁਕਸਾਨ ਤੋਂ ਬੱਚਤ ਹੋ ਜਾਂਦੀ ਹੈ।ਇੰਝ ਮੱਕੀ ਡਿੱਗੇਗੀ ਵੀ ਨਹੀਂ ਤੇ ਝਾੜ ਵੀ ਚੋਖਾ ਮਿਲੇਗਾ। ਖਾਦਾਂ ਮਿੱਟੀ ਪਰਖ਼ ਦੇ ਆਧਾਰ ਤੇ ਪਾਉ। ਹਾਈਬਰਿੱਡ ਪੀ ਐਮ ਐਚ-1, ਪੰਜਾਬ ਸਵੀਟ ਕੌਰਨ-1 ਅਤੇ ਪ੍ਰਭਾਤ ਨੂੰ ਬਿਜਾਈ ਸਮੇਂ 35 ਕਿਲੋ ਯੂਰੀਆ (ਇੱਕ ਤਿਹਾਈ), 150

ਕਿਲੋ ਸਿੰਗਲ ਸੁਪਰਫਾਸਫੇਟ ਅਤੇ 20 ਕਿਲੋ ਮਿਊਰੇਟ ਆਫ ਪੋਟਾਸ਼ ਅਤੇ ਪੀ ਐਮ ਐਚ-2, ਕੇਸਰੀ ਅਤੇ ਪਰਲ ਪਾਪਕਾਰਨ ਨੂੰ 25 ਕਿਲੋ ਯੂਰੀਆ (ਇੱਕ-ਤਿਹਾਈ), 75 ਕਿਲੋ ਸਿੰਗਲ ਸੁਪਰਫ਼ਾਸਫ਼ੇਟ ਅਤੇ 20 ਕਿਲੋ ਮਿਊਰੇਟ ਆਫ ਪੋਟਾਸ਼ ਪ੍ਰਤੀ ਏਕੜ ਦੇ ਹਿਸਾਬ ਪਾਉ। ਬਿਜਾਈ ਤੋਂ ਪਹਿਲਾਂ ਗਲੀ ਸੜੀ ਰੂੜੀ 6 ਟਨ ਪ੍ਰਤੀ ਏਕੜ ਦੇ ਹਿਸਾਬ ਵੀ ਪਾਉ। ਜੇਕਰ ਕਣਕ ਦੇ ਵੱਢ ਵਿੱਚ ਮੱਕੀ ਬੀਜੀ ਹੈ ਜਿਸ ਨੂੰ ਸਿਫਾਰਸ਼ ਮੁਤਾਬਿਕ ਫਾਸਫੋਰਸ ਪਾਈ ਹੋਵੇ ਤਾਂ ਮੱਕੀ ਨੂੰ ਫ਼ਾਸਫ਼ੋਰਸ ਪਾਉਣ ਦੀ ਲੋੜ ਨਹੀਂ। ਪੋਟਾਸ ਖਾਦ ਦੀ ਵਰਤੋਂ ਤਾਂ ਹੀ ਕਰੋ ਜੇਕਰ ਮਿੱਟੀ ਵਿੱਚ ਪੋਟਾਸ਼ ਦੀ ਘਾਟ ਹੋਵੇ। ਨਦੀਨਾਂ ਦੀ ਰੋਕਥਾਮ ਲਈ ਬਿਜਾਈ ਤੋਂ 10 ਦਿਨਾਂ ਦੇ ਅੰਦਰ ਦਰਮਿਆਨੀਆਂ ਤੋਂ ਭਾਰੀਆਂ ਜ਼ਮੀਨਾਂ ਵਿੱਚ 800 ਗ੍ਰਾਮ ਅਤੇ ਹਲਕੀਆਂ ਜ਼ਮੀਨਾਂ ਵਿੱਚ 500 ਗ੍ਰਾਮ ਪ੍ਰਤੀ ਏਕੜ ਐਟਰਾਟਾਫ਼/ਐਟਰਾਗੋਲਡ 50 ਡਬਲਯੂ ਪੀ (ਐਟਰਾਜ਼ੀਨ) ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ।

ਕਮਾਦ : ਨਵੇਂ ਕਮਾਦ ਜਾਂ ਮੁੱਢੇ ਕਮਾਦ ਵਿੱਚੋਂ ਨਦੀਨਾਂ ਦੀ ਰੋਕਥਾਮ ਕਰੋ। ਕਮਾਦ ਦੀ ਫ਼ਸਲ ਨੂੰ 8-10 ਦਿਨਾਂ ਦੇ ਵਕਫ਼ੇ ਤੇ ਪਾਣੀ ਦਿੰਦੇ ਰਹੋ। ਮੁੱਢੀ ਫ਼ਸਲ ਨੂੰ 65 ਕਿਲੋ ਯੂਰੀਆ ਪ੍ਰਤੀ ਏਕੜ ਦੇ ਹਿਸਾਬ ਪਾਉ। ਸਿੱਲ੍ਹ ਸੰਭਾਲਣ ਲਈ ਕਮਾਦ ਦੀਆਂ ਕਤਾਰਾਂ ਵਿਚਕਾਰ ਝੋਨੇ ਦੀ ਪਰਾਲੀ ਜਾਂ ਕਣਕ ਦਾ ਨਾੜ ਜਾਂ ਝੋਨੇ ਦੀ ਫੱਕ ਖਿਲਾਰ ਦਿਉ। ਇਹ ਨਦੀਨਾਂ ਦੀ ਰੋਕਥਾਮ ਵੀ ਕਰਨਗੇ। ਕਾਲੇ ਖਟਮਲ ਦੀ ਰੋਕਥਾਮ ਲਈ 350 ਮਿਲੀਲਿਟਰ ਡਰਸਬਾਨ/ਲੀਥਲ/ਮਾਸਬਾਨ/ਗੋਲਡਬਾਨ 20 ਤਾਕਤ ਨੂੰ 400 ਲਿਟਰ ਪਾਣੀ ਵਿੱਚ ਮਿਲਾ ਕੇ ਇਕ ਏਕੜ ਤੇ ਛਿੜਕਾਅ ਕਰੋ। ਛਿੜਕਾਅ ਦਾ ਰੁੱਖ਼ ਪੱਤਿਆਂ ਦੀ ਗੋਭ ਵੱਲ ਰੱਖੋ। ਕਮਾਦ ਦੀ ਜੂੰ ਦੀ ਰੋਕਥਾਮ ਲਈ ਫ਼ਸਲ ਕੋਲ ਬਰੂ ਦੇ ਬੂਟੇ ਹੋਣ ਤਾਂ ਜੜ੍ਹੋਂ ਪੁੱਟ ਕੇ ਨਸ਼ਟ ਕਰ ਦਿਉ ਕਿਉਂਕਿ ਇਨ੍ਹਾਂ ਤੇ ਵੀ ਕੀੜਾ ਹੋ ਸਕਦਾ ਹੈ। ਅਗੇਤੀ ਫੋਟ ਦੇ ਗੰਡੂਏਂ ਦੀ ਰੋਕਥਾਮ ਲਈ ਬਿਜਾਈ ਤੋਂ ਤਕਰੀਬਨ 45 ਦਿਨਾਂ ਬਾਅਦ 10 ਕਿਲੋ ਰੀਜੈਂਟ/ਮੋਰਟੈਲ/ਰਿਪਨ 0.3 ਜੀ ਨੂੰ 20 ਕਿਲੋ ਮਿੱਟੀ ਵਿੱਚ ਰਲਾ ਕੇ ਵਰਤੋ ਜਾਂ 150 ਮਿਲੀਲਿਟਰ ਟਕੋਮੀ 20 ਡਬਲਯੂ ਜੀ (ਫਲੂਬੈਂਡਾਮਾਈਡ) ਜਾਂ 150 ਮਿਲੀਲਿਟਰ ਕੋਰਾਜ਼ਨ 18.5 ਐਸ ਸੀ (ਕਲੋਰਐਂਟਰਾਨਿਲੀਪਰੋਲ) 2 ਲਿਟਰ ਡਰਮਟ/ ਕਲਾਸਿਕ/ ਡਰਸਬਾਨ/ ਮਾਰਕ ਪਾਈਰੀਫਾਸ 20 ਈ ਸੀ ਨੂੰ 400 ਲਿਟਰ ਪਾਣੀ ਵਿੱਚ ਘੋਲ ਕੇ ਫੁਹਾਰੇ ਨਾਲ ਸਿਆੜਾਂ ਦੇ ਨਾਲ ਪਾਉ। ਹਲਕੀ ਮਿੱਟੀ ਚੜ੍ਹਾ ਕੇ ਹਲਕਾ ਪਾਣੀ ਲਾ ਦਿਉ। ਰੇਤਲੀਆਂ ਜ਼ਮੀਨਾਂ ਵਿੱਚ ਬੀਜੇ ਕਮਾਦ ਵਿੱਚ ਲੋਹੇ ਦੀ ਘਾਟ ਆ ਜਾਂਦੀ ਹੈ ਜਿਸ ਨਾਲ ਨਵੇਂ ਪੱਤੇ ਨਾੜੀਆਂ ਵਿਚਕਾਰੋ ਪੀਲੇ ਪੈ ਜਾਂਦੇ ਹਨ। ਜਿਆਦਾ ਘਾਟ ਵਿੱਚ ਨਾੜੀਆਂ ਵੀ ਪੀਲੀਆਂ ਪੈ ਜਾਂਦੀਆਂ ਹਨ ਅਤੇ ਫਸਲ ਵਿੱਚ ਵਾਧਾ ਰੁਕ ਜਾਂਦਾ ਹੈ। ਘਾਟ ਪੂਰੀ ਕਰਨ ਲਈ ਇੱਕ ਪ੍ਰਤੀਸ਼ਤ ਫੈਰਸ ਸਲਫੇਟ (ਇੱਕ ਕਿਲੋ ਫੈਰਸ ਸਲਫੇਟ 100 ਲਿਟਰ ਪਾਣੀ) ਦੇ ਘੋਲ ਦੇ ਹਫਤੇ-ਹਫਤੇ ਦੀ ਵਿੱਥ ਤੇ 2-3 ਛਿੜਕਾਅ ਕਰੋ।

ਮੂੰਗਫ਼ਲੀ : ਕਣਕ ਦੀ ਕਟਾਈ ਤੋਂ ਬਾਅਦ ਮੂੰਗਫ਼ਲੀ ਦੀ ਬਿਜਾਈ ਮਈ ਦੇ ਅਖੀਰਲੇ ਹਫ਼ਤੇ ਤੱਕ ਕੀਤੀ ਜਾ ਸਕਦੀ ਹੈ। ਬਿਜਾਈ ਤੋਂ ਪਹਿਲਾਂ ਖੇਤ ਰੌਣੀ ਕਰ ਲਉ।ਬਿਮਾਰੀਆਂ ਦੀ ਰੋਕਥਾਮ ਲਈ 2 ਮਿ.ਲਿ. ਨਿਉਨਿਕਸ 20 ਐਫ ਐਸ ਜਾਂ 1.5 ਗ੍ਰਾਮ ਸੀਡੈਕਸ ਜਾਂ 5 ਗ੍ਰਾਮ ਥੀਰਮ ਜਾਂ 3 ਗ੍ਰਾਮ ਇੰਡੋਫਿਲ ਐਮ-45 ਪ੍ਰਤੀ ਕਿਲੋ ਦੇ ਹਿਸਾਬ ਨਾਲ ਬੀਜ ਵਾਲੀਆਂ ਗਿਰੀਆਂ ਨੂੰ ਸੋਧ ਲਉ। ਨਿਉਨਿਕਸ ਜੜ੍ਹਾਂ ਦੇ ਚਿੱਟੇ ਸੁੰਡ ਅਤੇ ਸਿਉਂਕ ਦੀ ਰੋਕਥਾਮ ਵੀ ਕਰਦੀ ਹੈ। ਬਿਜਾਈ ਸਮੇਂ 13 ਕਿਲੋ ਯੂਰੀਆ, 50 ਕਿਲੋ ਸਿੰਗਲ ਸੁਪਰਫਾਸਫੇਟ, 17 ਕਿਲੋ ਮਿਊਰੇਟ ਆਫ ਪੋਟਾਸ਼ ਅਤੇ 50 ਕਿਲੋ ਜਿਪਸਮ ਪ੍ਰਤੀ ਏਕੜ ਪਾਉ। ਜੇਕਰ ਕਣਕ ਨੂੰ ਸਿਫਾਰਸ਼ ਮੁਤਾਬਿਕ ਫਾਸਫੋਰਸ ਦੀ ਖੁਰਾਕ ਪਾਈ ਹੋਵੇ ਤਾਂ ਫਿਰ ਇਹ ਤੱਤ ਪਾਉਣ ਦੀ ਲੋੜ ਨਹੀਂ।ਜਿਨ੍ਹਾਂ ਖੇਤਾਂ ਵਿੱਚ ਜ਼ਿੰਕ ਦੀ ਘਾਟ ਹੋਵੇ ਉੱਥੇ 25 ਕਿੱਲੋ ਜ਼ਿੰਕ ਸਲਫੇਟ (21% ਹੈਪਟਾਹਾਈਡ੍ਰੇਟ) ਜਾਂ 16 ਕਿੱਲੋ ਜ਼ਿੰਕ ਸਲਫੇਟ (33% ਮੋਨੋਹਾਈਡ੍ਰੇਟ) ਪ੍ਰਤੀ ਏਕੜ ਪਾਓ । ਇਹ ਮਾਤਰਾ 2-3 ਸਾਲ ਲਈ ਉਚਿਤ ਹੈ।

ਅਰਹਰ: ਅਰਹਰ ਮਈ ਦੇ ਦੂਸਰੇ ਪੰਦਰ੍ਹਵਾੜੇ ਵਿੱਚ ਬੀਜ ਦਿਉ ਤਾਂ ਜੋ ਇਸ ਦਾ ਵਧੇਰੇ ਝਾੜ ਲਿਆ ਜਾ ਸਕੇ।6 ਕਿਲੋ ਬੀਜ ਪ੍ਰਤੀ ਏਕੜ ਨੂੰ 50 × 25 ਸੈਂਟੀਮੀਟਰ ਫ਼ਾਸਲੇ ਉਪਰ ਬੀਜੋ।ਦਰਮਿਆਨੀਆਂ ਅਤੇ ਭਾਰੀਆਂ ਜ਼ਮੀਨਾਂ ਵਿੱਚ ਅਰਹਰ ਦੀ ਬਿਜਾਈ ਬੈੱਡਾਂ ਉੱਤੇ ਸਫ਼ਲਤਾ ਪੂਰਵਕ ਕੀਤੀ ਜਾ ਸਕਦੀ ਹੈ।ਕਣਕ ਲਈ ਵਰਤੇ ਜਾਂਦੇ ਬੈੱਡ ਪਲਾਂਟਰ ਨਾਲ 67.5 ਸੈ.ਮੀ. ਵਿੱਥ ਤੇ ਤਿਆਰ ਕੀਤੇ ਬੈੱਡਾਂ (37.5 ਸੈ.ਮੀ. ਬੈੱਡ ਅਤੇ 30 ਸੈ.ਮੀ. ਖਾਲ਼ੀ) ਉੱਤੇ ਇੱਕ ਕਤਾਰ ਪ੍ਰਤੀ ਬੈੱਡ ਅਰਹਰ ਦੀ ਬੀਜੋ।ਬੈੱਡਾਂ ਉੱਤੇ ਬਿਜਾਈ ਕਰਨ ਨਾਲ ਪਾਣੀ ਦੀ ਬੱਚਤ ਹੁੰਦੀ ਹੈ ਅਤੇ ਭਾਰੇ ਮੀਂਹ ਤੋਂ ਹੋਣ ਵਾਲੇ ਨੁਕਸਾਨ ਤੋਂ ਵੀ ਫ਼ਸਲ ਬਚਦੀ ਹੈ।

ਮੂੰਗੀ : ਸੱਠੀ ਮੂੰਗੀ ਉੱਪਰ ਜੂੰ (ਥਰਿੱਪ) ਦਾ ਬਹੁਤ ਜ਼ਿਆਦਾ ਹਮਲਾ ਹੁੰਦਾ ਹੈ ਜੋ ਕਿ ਛੋਟੇ, ਕਾਲੇ ਭੂਰੇ ਫੁੱਲਾਂ ਵਿੱਚ ਹੁੰਦੇ ਹਨ ਜਿਸ ਕਾਰਨ ਫੁੱਲ ਝੜ ਜਾਂਦੇ ਹਨ। ਜੂੰ (ਥਰਿੱਪ) ਨਾਲ ਫ਼ਲੀਆਂ ਭੈੜੀ ਸ਼ਕਲ ਦੀਆਂ ਹੋ ਜਾਂਦੀਆਂ ਹਨ ਅਤੇ ਦਾਣਿਆਂ ਦੀ ਗੁਣਵਤਾ ਘਟਣ ਦੇ ਨਾਲ-2 ਇਸ ਨਾਲ ਝਾੜ ਵੀ ਬਹੁਤ ਜ਼ਿਆਦਾ ਘਟ ਜਾਂਦਾ ਹੈ।ਮੂੰਗੀ ਦੀ ਫ਼ਸਲ ਨੂੰ ਅਖ਼ੀਰਲਾ ਪਾਣੀ ਬਿਜਾਈ ਦੇ 55 ਦਿਨਾਂ ਬਾਅਦ ਬੰਦ ਕਰ ਦਿਉ। ਅਜਿਹਾ ਕਰਨ ਨਾਲ ਫ਼ਸਲ ਇੱਕੋ ਸਮੇਂ ਪੱਕ ਜਾਵੇਗੀ।

ਸੂਰਜਮੁਖੀ : ਕਿਉਂਕਿ ਮਈ ਵਿੱਚ ਕਾਫ਼ੀ ਗਰਮੀ ਹੋ ਜਾਂਦੀ ਹੈ ਇਸ ਲਈ ਸੂਰਜਮੁਖੀ ਦੀ ਫ਼ਸਲ ਨੂੰ 8-10 ਦਿਨਾਂ ਦੇ ਵਕਫ਼ੇ ਤੇ ਪਾਣੀ ਦਿੰਦੇ ਰਹੋ। ਕਈ ਤਰ੍ਹਾਂ ਦੀਆਂ ਸੁੰਡੀਆਂ ਜਿਵੇਂ ਕਿ ਪੱਤ ਗੋਭੀ ਦੀ ਸੁੰਡੀ, ਤੰਬਾਕੂ ਦੀ ਸੁੰਡੀ ਅਤੇ ਭੱਬੂਕੁੱਤਾ (ਸੁੰਡੀ) ਹਰੇ ਪੱਤੇ ਖਾਂਦੀਆਂ ਹਨ ਅਤੇ ਬੂਟੇ ਨੂੰ ਰੁੰਡ-ਮਰੁੰਡ ਕਰ ਦਿੰਦੀਆਂ ਹਨ। ਇਨ੍ਹਾਂ ਕੀੜ੍ਹਿਆਂ ਦੀਆਂ ਛੋਟੀਆਂ ਸੁੰਡੀਆਂ ਜੋ ਝੁੰਡਾਂ ਵਿੱਚ ਰਹਿੰਦੀਆਂ ਹਨ, ਨੂੰ ਹਮਲੇ ਵਾਲੇ ਪੱਤੇ ਤੋੜ ਕੇ ਨਸ਼ਟ ਕਰ ਦਿਓ।

ਮੈਂਥਾ (ਜਪਾਨੀ ਪੁਦੀਨਾ): ਗਰਮ ਤਾਪਮਾਨ ਕਾਰਨ ਮੈਂਥੇ ਦੀ ਫ਼ਸਲ ਨੂੰ ਸਿੰਚਾਈ ਦੀ ਜਲਦੀ-ਜਲਦੀ ਜ਼ਰੂਰਤ ਹੈ ਪਰ ਇਹ ਸਿੰਚਾਈ ਹਲਕੀ ਹੋਣੀ ਚਾਹੀਦੀ ਹੈ।

ਹਲਦੀ: ਨੀਮ ਪਹਾੜੀ ਅਤੇ ਉੱਤਰੀ ਜਿਲ੍ਹਿਆਂ ਵਿੱਚ ਪਹਿਲੇ ਹਫਤੇ ਵਿੱਚ ਹਲਦੀ ਦੀ ਬਿਜਾਈ ਮੁਕੰਮਲ ਕਰ ਲਵੋ। ਬੀਜੀ ਫ਼ਸਲ ਨੂੰ ਸੋਕਾ ਨਾ ਲੱਗਣ ਦਿਉ।ਹਲਕਾ ਪਾਣੀ ਦਿੰਦੇ ਰਹੋ।

ਚਾਰਾ: ਗੈਰ ਫ਼ਲੀਦਾਰ ਅਤੇ ਫ਼ਲੀਦਾਰ ਚਾਰੇ ਜਿਵੇਂ ਕਿ ਮੱਕੀ+ਰਵਾਂਹ ਰਲਾ ਕੇ ਬੀਜੋ, ਇਸ ਤਰ੍ਹਾਂ ਜ਼ਿਆਦਾ ਪੌਸ਼ਟਿਕ ਚਾਰਾ ਮਿਲੇਗਾ । ਚਾਰੇ ਦੇ ਚੰਗੇ ਵਾਧੇ ਲਈ ਕੁਝ ਵਕਫ਼ੇ ਬਾਅਦ ਲਗਾਤਾਰ ਪਾਣੀ ਦਿਉ।ਸਬਜ਼ੀਆਂ : ਸਬਜ਼ੀਆਂ ਦੀਆਂ ਖੜ੍ਹੀਆਂ ਫ਼ਸਲਾਂ ਨੂੰ ਹਫ਼ਤੇ ਬਾਅਦ ਪਾਣੀ ਦਿਉ। ਸਾਰੀਆਂ ਸਬਜ਼ੀਆਂ ਜਿਵੇਂ ਕਿ ਹਲਵਾ ਕੱਦੂ, ਮਿਰਚਾਂ, ਰਾਮ ਤੋਰੀ, ਹਦਵਾਣੇ, ਟੀਂਡੇ, ਖ਼ਰਬੂਜੇ, ਖੀਰੇ, ਬੈਂਗਣ, ਰਵਾਂਹ, ਭਿੰਡੀ ਆਦਿ ਦੀ ਤੁੜਾਈ ਸ਼ੁਰੂ ਕਰ ਦਿਓ। ਸਬਜ਼ੀਆਂ ਇੱਕ ਦਿਨ ਛੱਡ ਕੇ ਸ਼ਾਮ ਨੂੰ ਤੋੜੋ ਕਿਉਂਕਿ ਸਵੇਰ ਦੇ ਸਮੇਂ ਇਨ੍ਹਾਂ ਦੀ ਪਰ-ਪ੍ਰਾਗਣ ਕਿਰਿਆ ਖ਼ਰਾਬ ਹੋ ਸਕਦੀ ਹੈ। ਪਰ ਘੀਆ ਕੱਦੂ ਅਤੇ ਰਾਮ ਤੋਰੀ ਸਵੇਰੇ ਤੋੜ ਸਕਦੇ ਹੋ ਕਿਉਂਕਿ ਇਨ੍ਹਾਂ ਦੇ ਫੁੱਲਾਂ ਦੇ ਮੂੰਹ ਸ਼ਾਮ ਨੂੰ ਖੁੱਲ੍ਹਦੇ ਹਨ। ਗੰਢੇ ਅਤੇ ਗਾਜਰਾਂ ਦੇ ਬੀਜ ਵਾਲੇ ਤਿਆਰ ਚਥਖ ਨੂੰ ਹਫ਼ਤੇ ਦੇ ਵਕਫ਼ੇ ਤੇ ਕੱਟ ਦਿਉ। ਸੁਕਾ ਕੇ ਸਾਫ਼ ਕਰਕੇ ਇਨ੍ਹਾਂ ਨੂੰ ਸਿੱਲ੍ਹ ਰਹਿਤ ਸੁੱਕੀ ਜਗ੍ਹਾ ਤੇ ਸਟੋਰ ਕਰ ਲਉ। ਇਨ੍ਹਾਂ ਦੀ ਤੁੜਾਈ ਤਿੰਨ ਤੋਂ ਚਾਰ ਵਾਰ ਕਰੋ, ਕਿਉਂਕਿ ਇਹ ਇਕੋ ਸਮੇਂ ਨਹੀਂ ਪੱਕਦੇ। ਗੰਢੇ ਅਤੇ ਲਸਣ ਦੀ ਕਟਾਈ ਕਰਕੇ ਇਨ੍ਹਾਂ ਨੂੰ ਸੁੱਕੀ ਜਗ੍ਹਾ ਸਟੋਰ ਕਰ ਲਉ। ਲਸਣ ਦੀਆਂ ਭੂਕਾਂ ਸਣੇ ਛੋਟੀਆਂ-ਛੋਟੀਆਂ ਪੂਲੀਆਂ ਬਣਾ ਲਉ ਜਦ ਕਿ ਗੰਢਿਆਂ ਦੀਆਂ 2-3 ਸੈ.ਮੀ. ਤੱਕ ਭੂਕਾਂ ਰੱਖ ਕੇ ਕੱਟ ਦਿਉ। ਮੂਲੀ ਦੀ ਪੂਸਾ ਚੇਤਕੀ ਕਿਸਮ ਬੀਜੋ। ਇਸ ਸਮੇਂ ਪੱਕੇ ਟਮਾਟਰ ਬਹੁਤ ਹੀ ਸਸਤੇ ਹੁੰਦੇ ਹਨ। ਇਸ ਲਈ ਟਮਾਟਰਾਂ ਦੀ ਚਟਨੀ, ਸਾਸ, ਜੂਸ ਆਦਿ ਸਾਰੇ ਸਾਲ ਲਈ ਬਣਾ ਲਉ।

ਬੈਂਗਣ ਦੇ ਫ਼ਲ ਅਤੇ ਤਣੇ ਦੇ ਗੜੂੰਏ ਦੀ ਰੋਕਥਾਮ ਲਈ 80 ਮਿਲੀਲਿਟਰ ਕੋਰਾਜਨ 18.5 ਐਸ ਸੀ ਜਾਂ 80 ਗ੍ਰਾਮ ਪ੍ਰੋਕਲੇਮ 5 ਐਸ ਜੀ ਨੂੰ 100-125 ਪਾਣੀ ਵਿੱਚ ਮਿਲਾ ਕੇ ਪ੍ਰਤੀ ਏਕੜ ਫ਼ਸਲ ਤੇ ਛਿੜਕਾਅ ਕਰੋ। ਬੈਂਗਣ ਦੀ ਜੂੰ ਦੀ ਰੋਕਥਾਮ ਲਈ 300 ਮਿ.ਲਿ. ਉਮਾਈਟ 57 ਤਾਕਤ ਨੂੰ 100-150 ਲਿਟਰ ਪਾਣੀ ਵਿੱਚ ਮਿਲਾ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ।

ਬਾਗਬਾਨੀ

- ਇਸ ਸਮੇ ਫ਼ਲ-ਲੱਦੇ ਬੂਟਿਆਂ ਦੀ ਸਿੰਚਾਈ ਵੱਲ ਵਿਸ਼ੇਸ਼ ਧਿਆਨ ਦਿਉ। ਆੜੂ, ਅਲੂਚਿਆਂ ਅਤੇ ਨਾਖਾਂ ਦੇ ਵਧੀਆ ਫ਼ਲ ਅਤੇ ਆਕਾਰ ਲਈ ਦਰੱਖ਼ਤਾਂ ਨੂੰ ਜਲਦੀ-ਜਲਦੀ ਪਾਣੀ ਦਿਉ। ਇਸ ਮਹੀਨੇ ਅੰਗੂਰਾਂ ਨੂੰ ਹਫ਼ਤੇ ਦੇ ਵਕਫ਼ੇ ਤੇ ਪਾਣੀ ਦਿਉ। ਲੀਚੀ ਦੇ ਛੋਟੇ ਬੂਟਿਆਂ ਨੂੰ ਮਈ ਦੇ ਮਹੀਨੇ ਹਫ਼ਤੇ ਵਿੱਚ ਦੋ ਵਾਰ ਪਾਣੀ ਦੀ ਜ਼ਰੂਰਤ ਹੁੰਦੀ ਹੈ।
- ਗਰਮੀ ਦੇ ਮਾੜੇ ਪ੍ਰਭਾਵਾਂ ਤੋਂ ਫ਼ਲਦਾਰ ਬੂਟਿਆਂ ਨੂੰ ਬਚਾਉਣ ਲਈ ਤਣਿਆਂ ਤੇ ਕਲੀ (ਸਫ਼ੈਦੀ) ਕਰ ਦਿਉ ।
- ਬੇਰੀਆਂ ਦੀ ਕਾਂਟ-ਛਾਂਟ ਲਈ ਮਈ ਦਾ ਦੂਜਾ ਪੰਦਰਵਾੜਾ ਬਹੁਤ ਹੀ ਢੁੱਕਵਾਂ ਸਮਾਂ ਹੈ ਕਿਉਂਕਿ ਇਸ ਮਹੀਨੇ ਇਹਨਾਂ ਦੇ ਪੱਤੇ ਝੜ ਗਏ ਹੁੰਦੇ ਹਨ। ਇਸ ਤੋਂ ਬਾਅਦ ਪੂਰੇ ਵੱਡੇ ਬੂਟਿਆਂ ਨੂੰ 100 ਕਿੱਲੋ ਗਲੀ ਸੜੀ ਤਿਆਰ ਰੂੜੀ ਪਾਉਣੀ ਚਾਹੀਦੀ ਹੈ। ਕਾਂਟ-ਛਾਂਟ ਤੋਂ ਤੁਰੰਤ ਬਾਅਦ ਬੇਰਾਂ ਦੇ ਬਾਗਾਂ ਵਿੱਚ ਮੂੰਗਫਲੀ ਦੀ ਕਿਸਮ ਟੀ.ਜੀ 37 ਏ ਦੀ ਕਾਸ਼ਤ ਅੰਤਰ ਫਸਲ ਦੇ ਤੌਰ ਤੇ ਬੀਜੀ ਜਾ ਸਕਦੀ ਹੈ ਇਹ ਕਿਸਮ 100-110 ਦਿਨਾਂ ਵਿੱਚ ਪੁੱਟਣਯੋਗ ਹੋ ਜਾਂਦੀ ਹੈ।
- ਵਧੀਆ ਅਤੇ ਇਕਸਾਰ ਫ਼ਲ ਲੈਣ ਲਈ ਕਿਨੂੰ ਦੇ ਛੋਟੇ ਬੂਟਿਆਂ ਉਪਰ ਜਦ ਕਿੰਨੂ ਦੇ ਫ਼ਲ ਪੂਰੀ ਤਰ੍ਹਾਂ ਲੱਗ ਜਾਣ ਤਾਂ ਉਨ੍ਹਾਂ ਨੂੰ ਵਿਰਲਾ ਕਰਨ ਦਾ ਕੰਮ ਇਸ ਮਹੀਨੇ ਕਰ ਦਿਉ। ਕਿੰਨੂ ਦੇ ਫਲਾਂ ਦੀ ਗੁਣਵੱਤਾ ਸੁਧਾਰਣ ਲਈ 1% ਪੋਟਾਸ਼ੀਅਮ ਨਾਈਟ੍ਰੇਟ (10 ਗ੍ਰਾਮ ਪ੍ਰਤੀ ਲਿਟਰ ਪਾਣੀ) ਦਾ ਪਹਿਲਾ ਛਿੜਕਾਅ ਖਾਸ ਕਰਕੇ ਪੋਟਾਸ਼ੀਅਮ ਦੀ ਘਾਟ ਵਾਲੇ ਖੇਤਰਾ ਵਿੱਚ ਮਈ ਦੇ ਅੰਤ ਵਿੱਚ ਕਰੋ।
- ਅਮਰੂਦਾਂ ਦਾ ਬਰਸਾਤ ਰੁੱਤ ਦਾ ਫ਼ਲ ਰੋਕਣ ਅਤੇ ਸਰਦੀ ਰੁੱਤ ਅਮਰੂਦ ਦੀ ਵਧੀਆ ਫਸਲ ਲੈਣ ਲਈ 10 ਪ੍ਰਤੀਸ਼ਤ ਯੂਰੀਆ ਜਾਂ ਐਨ ਏ.ਏ. 600 ਗ੍ਰਾਮ ਦੇ ਘੋਲ ਦਾ ਛਿੜਕਾਅ ਦਰੱਖ਼ਤਾਂ ਤੇ ਕਰੋ ਇਹ ਛਿੜਕਾਅ ਪੂਰੇ ਖੁੱਲ੍ਹੇ ਫੁੱਲਾਂ ਤੇ ਕਰੋ ਅਤੇ ਸਿੰਚਾਈ ਰੋਕ ਦਿਉ। ਛਿੜਕਾਅ ਕਰਨ ਤੋਂ ਪਹਿਲਾ 600 ਗ੍ਰਾਮ ਐਨ ਏ ਏ ਨੂੰ 1.5-2.0 ਲਿਟਰ ਅਲਕੋਹਲ ਵਿੱਚ ਘੋਲ ਕੇ 1000 ਲਿਟਰ ਪਾਣੀ ਵਿੱਚ ਮਿਲਾਉ।
- ਇਸ ਮਹੀਨੇ ਲੀਚੀ, ਅਨਾਰ ਅਤੇ ਨਿੰਬੂ ਦੇ ਫ਼ਲਾਂ ਦਾ ਛਿਲਕਾ ਫੱਟਦਾ ਹੈ। ਇਸ ਨੂੰ ਰੋਕਣ ਲਈ ਬੂਟਿਆਂ ਹੇਠ ਝੋਨੇ ਦੀ ਪਰਾਲੀ ਵਿਛਾਈ ਜਾ ਸਕਦੀ ਹੈ ਅਤੇ ਬੂਟਿਆਂ ਓੱਪਰ ਪਾਣੀ ਦਾ ਛਿੜਕਾਅ ਲਾਭਦਾਇਕ ਹੋ ਸਕਦਾ ਹੈ।
- ਨਿੰਬੂ ਜਾਤੀ ਅਤੇ ਅਲੂਚਿਆਂ ਵਿੱਚ ਜ਼ਿੰਕ ਦੀ ਘਾਟ ਦੀ ਰੋਕਥਾਮ ਲਈ 0.3 ਪ੍ਰਤੀਸ਼ਤ (3.0 ਗ੍ਰਾਮ ਪ੍ਰਤੀ ਲਿਟਰ ਪਾਣੀ) ਜ਼ਿੰਕ ਸਲਫੇਟ ਦੇ ਘੋਲ ਦਾ ਛਿੜਕਾਅ ਕਰੋ।
- ਅਮਰੂਦ ਨੂੰ ਸ਼ਿਫਾਰਸ਼ ਕੀਤੀ ਹੋਈ ਰੂੜੀ ਦੀ ਖਾਦ ਅਤੇ ਅੱਧੀਆਂ ਰਸਾਇਨਿਕ ਖਾਦਾਂ ਦੀ ਪਹਿਲੀ ਕਿਸ਼ਤ ਇਸ ਮਹੀਨੇ ਦੇ ਅਖੀਰ ਜਾਂ ਜੂਨ ਦੇ ਸ਼ੁਰੂ ਵਿਚ ਪਾ ਦੇਣੀ ਚਾਹੀਦੀ ਹੈ।ਅਮਰੂਦ ਦੇ ਬਾਗ ਨਦੀਨਾਂ ਦੀ ਰੋਕਥਾਮ ਲਈ 4.0 ਟਨ ਝੋਨੇ ਦੀ ਪਰਾਲੀ ਪ੍ਰਤੀ ਏਕੜ ਹਿਸਾਬ ਨਾਲ ਬੂਟਿਆ ਹੇਠ ਵਿਛਾ ਦਿਓ।
- ਕੇਲੇ ਨੂੰ 60 ਗ੍ਰਾਮ ਯੂਰੀਆ ਅਤੇ 60 ਗ੍ਰਾਮ ਮਿਊਰੇਟ ਆਫ ਪੋਟਾਸ਼ ਪ੍ਰਤੀ ਬੂਟਾ ਪਾਓ।
- ਆੜੂ, ਅਲੂਚਾ, ਫ਼ਾਲਸਾ ਅਤੇ ਪਰਲਿਟ ਅੰਗੂਰਾਂ ਦੇ ਤਿਆਰ ਗੁੱਛਿਆਂ ਦੀ ਤੁੜਾਈ ਕਰ ਲਉ ਅਤੇ ਫਿਰ ਦਰਜ਼ਾਬੰਦੀ ਕਰਕੇ ਮੰਡੀ ਭੇਜ ਦਿਉ।
- ਅੰਗੂਰਾਂ ਵਿੱਚ ਬੋਰਡੋ ਮਿਸ਼ਰਣ ਦਾ ਘੋਲ 2:2:250 ਮਈ ਦੇ ਅਖ਼ੀਰਲੇ ਹਫ਼ਤੇ ਛਿੜਕਾਅ ਕੇ ਐਨਥਰੈਕਨੋਜ਼ ਦੀ ਰੋਕਥਾਮ ਕਰੋ।
- ਅੰਬਾਂ ਦੇ ਕੇਰੇ ਦੀ ਰੋਕਥਾਮ ਲਈ ਇਸ ਮਹੀਨੇ ਦੇ ਪਹਿਲੇ ਹਫ਼ਤੇ 10 ਗ੍ਰਾਮ 2, 4-ਡੀ ਸੋਡੀਅਮ ਸਾਲਟ (ਹਾਰਟੀਕਲਚਰ ਗਰੇਡ) ਨੂੰ 500 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ।

ਸਜਾਵਟੀ ਬੂਟੇ

ਲਾਅਨ: ਇਸ ਮਹੀਨੇ ਘਾਹ ਦਾ ਵਾਧਾ ਤੇਜ਼ੀ ਨਾਲ ਹੁੰਦਾ ਹੈ। ਇਸ ਲਈ ਘਾਹ ਦੇ ਮੈਦਾਨ ਨੂੰ ਹਫਤੇ ਵਿੱਚ 2-3 ਵਾਰ ਪਾਣੀ ਲਗਾਓ ਅਤੇ ਹਰੇਕ ਪੰਦਰਵਾੜੇ ਮਗਰੋਂ ਘਾਹ ਦੀ ਕਟਾਈ ਕਰਦੇ ਰਹੋ। ਇਸ ਮਹੀਨੇ ਨਵਾਂ ਘਾਹ ਲਗਾਉਣ ਲਈ ਜ਼ਮੀਨ ਨੂੰ ਡੂੰਘਾ ਵਾਹ ਕੇ ਧੁੱਪ ਲਗਾਓ ਅਤੇ ਪਾਣੀ ਲਗਾਉਣ ਤੋਂ ਬਾਅਦ ਵੱਧ ਰਹੇ ਨਦੀਨਾਂ ਨੂੰ ਜੜੋਂ ਪੁੱਟ ਦਿਓ।

ਗੁਲਾਬ: ਗਰਮੀ ਦਾ ਮੌਸਮ ਹੋਣ ਕਰਕੇ ਗੁਲਾਬ ਨੂੰ ਪਾਣੀ ਦੀ ਕਾਫੀ ਲੋੜ ਹੁੰਦੀ ਹੈ ਪਰ ਬਹੁਤ ਜਿਆਦਾ ਮਾਤਰਾ ਵਿੱਚ ਪਾਣੀ ਦੇਣ ਤੋਂ ਗੁਰੇਜ਼ ਕਰੋ। ਜੜੂਏ ਅਤੇ ਬਿਮਾਰੀ ਵਾਲੀਆਂ ਅਤੇ ਸੁੱਕੀਆਂ ਟਾਹਣੀਆਂ ਨੂੰ ਕੱਟਦੇ ਰਹੋ। ਗਰਮੀ ਵਿੱਚ ਗੁਲਾਬ ਦੀਆਂ ਨਵੀਂਆਂ ਆ ਰਹੀਆਂ ਡੋਡੀਆਂ ਜਾਂ ਫੁੱਲਾਂ ਨੂੰ ਵੀ ਕੱਟ ਦਿਓ।

ਪੱਕੇ ਬੂਟੇ: ਦਰੱਖਤਾਂ, ਝਾੜੀਆਂ ਅਤੇ ਵੇਲਾਂ ਨੂੰ 5-7 ਦਿਨ੍ਹਾਂ ਦੇ ਵਕਫੇ ਤੇ ਪਾਣੀ ਦਿੰਦੇ ਰਹੋ। ਜੇਕਰ ਜਰੂਰਤ ਹੋਵੇ ਤਾਂ ਨਵੇਂ ਲਾਏ ਬੂਟਿਆਂ ਨੂੰ ਪਰਾਲੀ ਨਾਲ ਢੱਕ ਦਿਓ ਅਤੇ ਲੋੜ ਪੈਣ ਤੇ ਸਹਾਰਾ ਦਿਓ। ਵੱਡੇ ਰੁੱਖਾਂ ਦੇ ਤਣੇ ਨੂੰ ਤੇਜ਼ ਧੁੱਪ ਤੋਂ ਬਚਾਉਣ ਲਈ ਲਗਭਗ 4.5 ਫੁੱਟ ਤੱਕ ਚਿੱਟੀ ਕਲੀ ਕਰੋ।

ਗਮਲਿਆਂ ਵਾਲੇ ਬੂਟੇ: ਗਮਲੇ ਵਾਲੇ ਬੂਟਿਆਂ ਨੂੰ ਵਿਰਲੀ ਛਾਂ ਵਿੱਚ ਰੱਖੋ ਤਾਂ ਕਿ ਸਿੱਧੀ ਧੁੱਪ ਦੇ ਨੁਕਸਾਨ ਤੋਂ ਬਚਾਇਆ ਜਾ ਸਕੇ। ਇਨ੍ਹਾਂ ਪੱਤੇਦਾਰ ਬੂਟਿਆਂ ਨੂੰ ਦਰੱਖਤਾਂ ਦੀ ਛਾਂ ਹੇਠ ਰੱਖ ਕੇ ਜਾਂ ਬੂਟਿਆਂ ਉੱਪਰ 50% ਸ਼ੈਂਡਨੈਟ ਪਾ ਕੇ ਸਿੱਧੀ ਧੁੱਪ ਤੋਂ ਬਚਾਅ ਕਰੋ।

ਵਣ ਖੇਤੀ

ਪਾਪਲਰ :

- ਪਾਪਲਰ ਦੇ ਤਿੰਨ ਸਾਲ ਤੋਂ ਘੱਟ ਉਮਰ ਦੇ ਬੂਟਿਆਂ ਵਿੱਚ ਹਲਦੀ ਦੀ ਬਿਜਾਈ ਕੀਤੀ ਜਾ ਸਕਦੀ ਹੈ। ਤਿੰਨ ਸਾਲ ਜਾਂ ਇਸ ਤੋਂ ਵੱਧ ਉਮਰ ਦੇ ਬੂਟਿਆਂ ਵਿੱਚ ਸਾਉਣੀ ਦੌਰਾਨ ਮੱਕੀ, ਬਾਜਰਾ, ਚਰ੍ਹੀ, ਲੋਬੀਆ ਵਗੈਰਾ ਚਾਰੇ ਉਗਾਏ ਜਾ ਸਕਦੇ ਹਨ।
- ਪਾਪਲਰ ਦੀ ਨਰਸਰੀ ਅਤੇ ਪਲਾਂਟੇਸ਼ਨਾਂ ਨੂੰ ਹਫਤੇ ਦੇ ਵਕਫੇ ਬਾਅਦ ਹਲਕੀ ਸਿੰਚਾਈ ਦਿੰਦੇ ਰਹੋ।
- ਪਾਪਲਰ ਦੇ ਪੱਤੇ ਝਾੜਣ ਵਾਲੀ ਸੁੰਡੀ ਜਾਂ ਪੱਤਾ ਲਪੇਟ ਸੁੰਡੀ ਦਾ ਹਮਲਾ ਮੁੱਖ ਤੌਰ ਤੇ ਜੁਲਾਈ ਤੋਂ ਅਕਤੂਬਰ ਮਹੀਨਿਆਂ ਵਿੱਚ ਜਿਆਦਾ ਹੁੰਦਾ ਹੈ। ਨਰਸਰੀਆਂ ਵਿੱਚ ਜਿਨ੍ਹਾਂ ਪੱਤਿਆਂ ਉਤੇ ਇਨ੍ਹਾਂ ਦੀਆਂ ਸੁੰਡੀਆਂ ਜਾਂ ਆਂਡੇ ਹੋਣ ਉਨ੍ਹਾਂ ਨੂੰ ਤੋੜ ਕੇ, ਇਕੱਠੇ ਕਰਕੇ ਨਸ਼ਟ ਕਰ ਦਿਉ।
- ਬੂਟਿਆਂ ਦੇ ਚੰਗੇ ਵਾਧੇ ਲਈ ਸਿਫਾਰਸ਼ ਕੀਤੀ ਨਾਈਟਰੋਜਨ ਖਾਦ ਦਾ ਇੱਕ ਤਿਆਹੀ ਮਾਤਰਾ ਪਾ ਦਿਓ। ਹਲਕੀਆਂ ਜਮੀਨਾਂ ਵਿੱਚ ਜਿੰਕ ਦੀ ਘਾਟ ਆਮ ਤੌਰ ਤੇ ਆ ਜਾਂਦੀ ਹੈ, ਜਿਸ ਦੀ ਪੂਰਤੀ ਲਈ ਸਿਫਾਰਸ਼ ਕੀਤੀ ਜਿੰਕ ਸਲਫੇਟ (ਪਹਿਲੇ, ਤੀਜੇ ਅਤੇ ਪੰਜਵੇਂ ਸਾਲ ਲਈ ਕ੍ਰਮਵਾਰ 100, 200 ਅਤੇ 300 ਗਰਾਮ ਪ੍ਰਤੀ ਬੂਟਾ) ਦੀ ਖਾਦ ਪਾਓ।ਸ਼ਹਿਦ ਦੀਆਂ ਮੱਖੀਆਂ ਪਾਲਣਾ: ਇਸ ਮੌਸਮ ਵਿੱਚ ਸ਼ਹਿਦ ਦੀਆਂ ਮੱਖੀਆਂ ਨੂੰ ਗਰਮੀ ਤੋਂ ਬਚਾਉਣ ਲਈ ਕਟੁੰਬਾਂ ਨੂੰ ਸੰਘਣੀ ਛਾਂ ਵਿੱਚ ਰੱਖਣ ਦਾ ਪ੍ਰਬੰਧ ਕਰੋ। ਇਸ ਮੰਤਵ ਲਈ ਕਦੀ ਵੀ ਕਟੁੰਬਾਂ ਨੂੰ ਤਿੰਨ ਫੁੱਟ ਤੋਂ ਜ਼ਿਆਦਾ ਨਹੀਂ ਹਿਲਾਉਣਾ ਚਾਹੀਦਾ। ਜੇ ਉਪਰੋਕਤ ਤਰੀਕੇ ਨਾਲ ਕਟੁੰਬਾਂ ਨੂੰ ਛਾਂ ਵਿੱਚ ਲਿਜਾਣ ਲਈ ਜ਼ਿਆਦਾ ਸਮਾਂ ਲੱਗਦਾ ਹੋਵੇ ਤਾਂ ਦੇਰ ਸ਼ਾਮ ਵੇਲੇ ਸਾਰੇ ਕਟੁੰਬਾਂ ਨੂੰ ਬੰਦ ਕਰਕੇ ਤਿੰਨ ਕਿਲੋਮੀਟਰ ਤੋਂ ਦੂਰ ਕਿਸੇ ਹੋਰ ਢੁਕਵੀਂ ਜਗ੍ਹਾ ਤੇ ਲੈ ਜਾਵੋ ਅਤੇ ਫਿਰ ਇੱਕ ਹਫ਼ਤੇ ਬਾਅਦ ਛਾਂ ਵਾਲੀ ਥਾਂ ਤੇ ਲੈ ਆਵੋ। ਕਟੁੰਬਾਂ ਦੇ ਵਿੱਚ ਆਪਸੀ ਫ਼ਾਸਲਾ ਵੱਧ ਤੋਂ ਵੱਧ ਹੋਣਾ ਚਾਹੀਦਾ ਹੈ, ਜਿਸ ਨਾਲ ਡਰਿਫਟਿੰਗ ਅਤੇ ਰੋਬਿੰਗ (ਮੱਖੀਆਂ ਦੁਆਰਾ ਖ਼ੁਰਾਕ ਦੀ ਲੁੱਟ) ਸਮੱਸਿਆਵਾਂ, ਜੋ ਕਿ ਹੋਰ ਨੁਕਸਾਨ ਤੋਂ ਇਲਾਵਾ ਬਿਮਾਰੀਆਂ ਅਤੇ ਚਿਚੜੀਆਂ ਫ਼ੈਲਾਉਣ ਦਾ ਇੱਕ ਕਾਰਨ ਬਣਦੀਆਂ ਹਨ, ਤੋਂ ਬਚਿਆ ਜਾ ਸਕਦਾ ਹੈ। ਪਾਣੀ ਦੀ ਵਧੀ ਹੋਈ ਜ਼ਰੂਰਤ ਨੂੰ ਪੂਰਾ ਕਰਨ ਲਈ ਟਿਊਬਵੈੱਲ ਦੇ ਪਾਣੀ ਵਾਲੇ ਟੈਂਕ ਵਿੱਚ ਛੋਟੀਆਂ-ਛੋਟੀਆਂ ਟਹਿਣੀਆਂ ਜਾਂ ਫੱਟੀਆਂ ਦੇ ਟੁਕੜੇ ਸੁੱਟ ਦਿਉ ਜਿਨ੍ਹਾਂ ਉੱਪਰ ਬੈਠ ਕੇ ਮੱਖੀਆਂ ਪਾਣੀ ਪੀ ਸਕਣ। ਪਾਣੀ ਦੀ ਜ਼ਰੂਰਤ ਕਲੋਨੀਆਂ ਹੇਠ ਰੱਖੇ ਸਟੈਂਡ ਦੇ ਪਾਵਿਆਂ ਹੇਠ ਪਾਣੀ ਦੇ ਠੂਹਲੇ ਰੱਖ ਕੇ ਵੀ ਪੂਰੀ ਕੀਤੀ ਜਾ

ਸਕਦੀ ਹੈ ਜਿਸ ਦਾ ਇੱਕ ਹੋਰ ਫ਼ਾਇਦਾ ਕਟੁੰਬਾਂ ਨੂੰ ਕੀੜੀਆਂ ਤੋਂ ਬਚਾਉਣਾ ਵੀ ਹੈ। ਕਟੁੰਬਾਂ ਨੂੰ ਹਵਾਦਾਰ ਬਨਾਉਣ ਲਈ ਹੇਠਲੇ ਫੱਟੇ ਅਤੇ ਬਰੂਡ ਚੈਂਬਰ ਦੇ ਵਿਚਕਾਰ ਅਤੇ ਬਰੂਡ ਚੈਂਬਰ ਤੇ ਸੁਪਰ ਚੈਂਬਰ ਵਿਚਕਾਰ ਪਤਲੇ ਡੱਕੇ ਰੱਖ ਕੇ ਝੀਥ ਬਣਾਈ ਜਾ ਸਕਦੀ ਹੈ। ਪਰੰਤੂ ਇਹ ਧਿਆਨ ਰੱਖੋ ਕਿ ਇਨ੍ਹਾਂ ਝੀਥਾਂ ਵਿੱਚੋਂ ਹਵਾ ਤਾਂ ਨਿਕਲ ਸਕੇ ਪ੍ਰੰਤੂ ਸ਼ਹਿਦ ਮੱਖੀ ਨਾ ਨਿਕਲ ਸਕੇ। ਇਸ ਮੌਸਮ ਦੌਰਾਨ ਬਰਸੀਮ ਅਤੇ ਸੂਰਜਮੁਖੀ ਫ਼ਸਲਾਂ ਦਾ ਪੱਕਿਆ ਸ਼ਹਿਦ ਕਟੁੰਬਾਂ ਵਿੱਚੋਂ ਕੱਢ ਲੈਣਾ ਚਾਹੀਦਾ ਹੈ। ਰੌਬਿੰਗ ਦੀ ਸਮੱਸਿਆ ਤੋਂ ਬਚਣ ਲਈ ਸ਼ਹਿਦ ਕੱਢਣ ਦੌਰਾਨ ਅਤੇ ਉਪਰੰਤ ਸਾਰੇ ਸਬੰਧਤ ਲੋੜੀਂਦੇ ਇਹਤਿਆਤ ਵਰਤਣੇ ਚਾਹੀਦੇ ਹਨ। ਜੇ ਬਰੂਡ ਉੱਤੇ ਬਾਹਰੀ ਪ੍ਰਜੀਵੀ ਮਾਈਟ (ਟਰੋਪਲੀਲੈਪਸ ਕਲੈਰੀ) ਦਾ ਹਮਲਾ ਨਜ਼ਰ ਆਵੇ, ਤਾਂ ਛੱਤਿਆਂ ਦੇ ਉਪਰਲੇ ਡੰਡਿਆਂ ਉੱਪਰ ਸਲਫਰ ਦਾ ਧੂੜਾ ਇੱਕ ਗ੍ਰਾਮ ਪ੍ਰਤੀ ਛੱਤੇ ਦੇ ਹਿਸਾਬ ਨਾਲ ਧੂੜੋ। ਵਰੋਆ ਚਿਚੜੀ ਦਾ ਹਮਲਾ ਹੋਣ ਦੀ ਸੂਰਤ ਵਿੱਚ ਸੀਲ ਡਰੋਨ ਬਰੂਡ ਵਾਲੇ ਛੱਤਿਆਂ ਦੇ ਹਿੱਸਿਆਂ ਨੂੰ ਕੱਟ ਕੇ ਨਸ਼ਟ ਕਰਨਾ, ਦੇਰ ਸ਼ਾਮ ਨੂੰ ਪੀਸੀ ਖੰਡ ਇੱਕ ਗ੍ਰਾਮ ਪ੍ਰਤੀ ਛੱਤੇ ਦੇ ਹਿਸਾਬ ਨਾਲ ਫਰੇਮਾਂ ਦੇ ਵਿਚਕਾਰਲੀਆਂ ਵਿੱਥਾਂ ਵਿੱਚ ਧੂੜਨਾ, ਚਿਪਕਣ ਵਾਲਾ ਕਾਗਜ਼ (ਸਟਿੱਕਰ) ਵਰੋਆ ਬੌਟਮ ਬੋਰਡ ਦੇ ਨਾਲ ਵਰਤਣਾ, ਜਿਹੇ ਗੈਰ-ਰਸਾਇਣਕ ਤਰੀਕੇ ਇਸ ਚਿਚੜੀ ਦੀ ਰੋਕਥਾਮ ਵਾਸਤੇ ਸਹਾਈ ਹੁੰਦੇ ਹਨ। ਬਰੂਡ ਬੀਮਾਰੀਆਂ ਬਾਰੇ ਸੁਚੇਤ ਰਹੋ ਅਤੇ ਇਨ੍ਹਾਂ ਦਾ ਸ਼ੱਕ ਹੋਣ ਦੀ ਸੂਰਤ ਵਿੱਚ ਝਟਪਟ ਮਾਹਿਰਾਂ ਦੀ ਸਲਾਹ ਲਉ ਅਤੇ ਸੁਝਾਏ ਰੋਕਥਾਮ ਉਪਰਾਲੇ ਕਰੋ। ਗੈਰ-ਰਸਾਇਣਕ ਤਰੀਕਿਆਂ ਨੂੰ ਤਰਜੀਹ ਦਿਉ। ਐਂਟੀਬਾਇਟਿਕ ਦਵਾਈਆਂ ਦੀ ਵਰਤੋਂ ਤੋਂ ਗੁਰੇਜ਼ ਕਰੋ। ਕਟੁੰਬਾਂ ਵਿੱਚ ਢੁੱਕਵੀਂ ਵਿੱਥ ਰੱਖ ਕੇ ਅਤੇ ਸ਼ਹਿਦ ਸਿਰਫ਼ ਸੁਪਰਾਂ ਅੰਦਰਲੇ ਬਰੂਡ ਰਹਿਤ ਛੱਤਿਆਂ ਵਿਚੋਂ ਹੀ ਕੱਢ ਕੇ, ਜੋ ਕਿ ਰਾਣੀ ਨਿਖੇੜੂ ਜਾਲੀ ਦੁਆਰਾ ਬਰੂਡ ਚੈਂਬਰ ਨਾਲੋਂ ਅੱਡ ਕੀਤੇ ਹੋਣ, ਸ਼ਹਿਦ ਮੱਖੀ ਫਾਰਮ ਵਿੱਚ ਬਰੂਡ ਚਿਚੜੀਆਂ ਅਤੇ ਬਿਮਾਰੀਆਂ ਦੇ ਫ਼ੈਲਾਅ ਨੂੰ ਠੱਲ੍ਹ ਪਾਇਆ ਜਾ ਸਕਦਾ ਹੈ।

ਖੁੰਬਾਂ ਦੀ ਕਾਸ਼ਤ: ਕਣਕ ਦੀ ਵਾਢੀ ਤੋਂ ਬਾਅਦ ਤੂੜੀ ਨੂੰ ਸੁੱਕੀ ਜਗ੍ਹਾਂ ਤੇ ਜਮ੍ਹਾਂ ਕਰ ਲਓ ਤਾਂ ਜੋ ਕਿ ਸਤੰਬਰ ਮਹੀਨੇ ਵਿਚ ਇਸ ਨੂੰ ਬਟਨ ਖੁੰਬ ਦੀ ਕੰਪੋਸਟ ਤਿਆਰ ਕਰਨ ਲਈ ਵਰਤਿਆ ਜਾ ਸਕੇ। ਗਰਮ ਰੁੱਤ ਦੀ ਪਰਾਲੀ ਖੁੰਬ ਦੀ ਕਾਸ਼ਤ ਲਈ, ਕਮਰਿਆਂ ਨੂੰ ਸਾਫ ਅਤੇ ਕੀਟਾਣੂੰ ਰਹਿਤ ਕਰ ਲਓ।ਪਰਾਲੀ ਖੁੰਬ ਦੀ ਕਾਸ਼ਤ ਲਈ, ਪਰਾਲੀ ਦੇ 1 ਤੋਂ 1.5 ਕਿੱਲੋ ਦੇ ਪੂਲੇ ਬਣਾ ਕੇ ਪਾਣੀ ਨਾਲ ਚੰਗੀ ਤਰ੍ਹਾਂ ਗਿਲਾ ਕਰ ਲਉ। ਭਿੱਜੇ ਹੋਏ ਪੂਲਿਆਂ ਵਿਚ ਬੀਜ਼ ਪਾ ਕੇ ਕਾਸ਼ਤ ਲਈ ਬੈੱਡ ਤਿਆਰ ਕਰੋ। ਹਰ ਰੋਜ਼ ਬੈੱਡਾਂ ਅਤੇ ਕਮਰਿਆਂ ਦੇ ਫਰਸ਼ ਉੱਪਰ ਦੋ ਵਾਰ ਪਾਣੀ ਦਾ ਛਿੜਕਾਅ ਕਰੋ। ਰੇਸ਼ਾ ਫੈਲਣ ਦੇ 10-12 ਦਿਨਾਂ ਬਾਅਦ ਖੁੰਬਾਂ ਦੀ ਤੁੜਾਈ ਸ਼ੁਰੂ ਹੋ ਜਾਂਦੀ ਹੈ ਜੋ ਕਿ ਇੱਕ ਮਹੀਨੇ ਤੱਕ ਚੱਲਦੀ ਹੈ। ਗਰਮ ਰੁੱਤ ਦੀ ਮਿਲਕੀ ਖੁੰਬ ਦੀ ਕਾਸ਼ਤ ਲਈ ਤੂੜੀ ਨੂੰ ਪਾਣੀ ਵਿਚ ਉਬਾਲ ਕੇ, ਠੰਢਾ ਕਰਕੇ, ਉਸ ਵਿੱਚ ਬੀਜ਼ ਮਿਲਾ ਕੇ ਬੈਗਾਂ ਵਿੱਚ ਭਰਿਆ ਜਾਂਦਾ ਹੈ। ਰੇਸ਼ਾ ਫੈਲਣ (15-18 ਦਿਨ) ਤੋਂ ਬਾਅਦ, ਕੇਸਿੰਗ ਮਿਟੀ ਦੀ ਪਰਤ ਵਿਛਾ ਦਿਓ। ਖੁੰਬਾਂ ਦੀ ਤੁੜਾਈ ਜਾਰੀ ਰਹਿਣ (30 ਦਿਨ) ਤੱਕ ਹਰ ਰੋਜ਼ ਦਿਨ ਵਿੱਚ ਦੋ ਵਾਰ ਪਾਣੀ ਦਾ ਛਿੜਕਾਅ ਕਰੋ।

ਡੇਅਰੀ ਫਾਰਮਿੰਗ

1. ਮੱਝਾਂ ਵਿੱਚ ਗਰਮੀ ਦੇ ਮਹੀਨਿਆਂ ਵਿੱਚ ਗੂੰਗੇ ਹੇਹੇ ਦੀ ਮੁਸ਼ਕਿਲ ਆ ਜਾਂਦੀ ਹੈ। ਸਵੇਰੇ-ਸਵੇਰੇ ਅਤੇ ਸ਼ਾਮ ਵੇਲੇ ਹੇਹੇ ਦੀਆਂ ਨਿਸ਼ਾਨੀਆਂ ਨੂੰ ਧਿਆਨ ਨਾਲ ਵੇਖਣਾ ਚਾਹੀਦਾ ਹੈ। ਜੇ ਮੱਝਾਂ ਤਾਰਾਂ ਕਰਦੀਆਂ ਹਨ ਤਾਂ ਇਹ ਹੇਹੇ ਦੀ ਨਿਸ਼ਾਨੀ ਹੈ। ਪਸ਼ੂਆਂ ਨੂੰ ਹੇਹੇ ਵਿੱਚ ਆਉਣ ਦੇ 10-12 ਘੰਟੇ ਬਾਅਦ ਗਰਭਦਾਨ ਕਰਵਾਓ।
2. ਜੇ ਪਸ਼ੂਆਂ ਨੂੰ ਗਲ-ਘੋਟੂ ਅਤੇ ਧਫੜੀ ਰੋਗ ਦੇ ਟੀਕੇ ਨਾ ਲਗਵਾਏ ਹੋਣ ਤਾਂ ਇਹ ਬਿਮਾਰੀਆਂ ਵੱਡਾ ਨੁਕਸਾਨ ਕਰ ਸਕਦੀਆਂ ਹਨ। ਸੋ ਟੀਕੇ ਪਹਿਲਾਂ ਨਹੀ ਲਵਾਏ ਤਾਂ ਲਵਾ ਲੈਣੇ ਚਾਹੀਦੇ ਹਨ।
3. ਪਸ਼ੂਆਂ ਨੂੰ ਚਿੱਚੜਾਂ, ਜੂੰਆਂ, ਮੱਖੀਆਂ ਅਤੇ ਮਲੱਪਾਂ ਤੋਂ ਬਚਾਉਣਾ ਚਾਹੀਦਾ ਹੈ। ਸੋ, ਇਨ੍ਹਾਂ ਦੇ ਖਾਤਮੇ ਲਈ ਡਾਕਟਰ ਦੀ ਸਲਾਹ ਨਾਲ ਦਵਾਈ ਦਾ ਸਹੀ ਇਸਤੇਮਾਲ ਕਰਨਾ ਚਾਹੀਦਾ ਹੈ।
4. ਇਸ ਮੌਸਮ ਵਿੱਚ ਪਸ਼ੂਆਂ ਨੂੰ ਹਵਾਦਾਰ ਸ਼ੈਡ ਅੰਦਰ ਰੱਖੋ। ਉਨ੍ਹਾਂ ਨੂੰ ਠੰਡਾ ਅਤੇ ਤਾਜ਼ਾ ਪਾਣੀ ਦਿਉ। ਵਧੇਰੇ ਦੁੱਧ ਦੇਣ ਵਾਲੇ ਪਸ਼ੂਆਂ ਦਾ ਇਸ ਮੌਸਮ ਵਿੱਚ ਖਾਸ ਖਿਆਲ ਰੱਖਣਾ ਚਾਹੀਦਾ ਹੈ। ਜੇ ਲੋੜ ਹੋਵੇ ਤਾਂ ਸ਼ੈਡ ਅੰਦਰ ਕੂਲਰ ਅਤੇ ਛੱਤ ਵਾਲੇ ਪੱਖੇ ਮੁਹੱਈਆ ਕਰਨੇ ਚਾਹੀਦੇ ਹਨ ਅਤੇ ਪਾਣੀ ਦੇ ਛਿੜਕਾਅ ਲਈ ਫੁਹਾਰੇ ਲਗਾਓ, ਤਾਂ ਜੋ ਲੋੜੀਂਦਾ ਤਾਪਮਾਨ ਬਰਕਰਾਰ ਰੱਖਿਆ ਜਾ ਸਕੇ।
5. ਜੇ ਗਰਮੀ ਨਾਲ ਪਸ਼ੂ ਦੀ ਨਕਸੀਰ ਫੁੱਟ ਜਾਵੇ ਤਾਂ ਉਸ ਦਾ ਸਿਰ ਉਪਰ ਚੁੱਕ ਕੇ ਬਰਫ ਵਾਲਾ ਠੰਡਾ ਪਾਣੀ ਸਿਰ ਉਪਰ ਪਾਉਣਾ ਚਾਹੀਦਾ ਹੈ
6. ਜੇ ਪਸ਼ੂਆਂ ਦਾ ਤਾਪ ਵੱਧਦਾ ਹੋਵੇ ਤਾਂ ਨੇੜੇ ਦੀ ਲੈਬਾਰਟਰੀ ਤੋਂ ਖੂਨ ਟੈਸਟ ਕਰਵਾਉਣਾ ਚਾਹੀਦਾ ਹੈ।
7. ਪਸ਼ੂਆਂ ਨੂੰ ਖੁਰਾਕ ਠੰਡੇ ਵੇਲੇ, ਭਾਵ ਸਵੇਰੇ ਅਤੇ ਸ਼ਾਮ ਨੂੰ ਪਾਓ।

ਮੁਰਗੀ ਪਾਲਣ:

1. ਪਾਣੀ ਦੀ ਵੱਧਦੀ ਹੋਈ ਮੰਗ ਦੇਖਦੇ ਹੋਏ ਪਾਣੀ ਵਾਲੇ ਬਰਤਨਾਂ ਦੀ ਗਿਣਤੀ ਦੁੱਗਣੀ ਕਰ ਦੇਣੀ ਚਾਹੀਦੀ ਹੈ। ਪਾਣੀ ਨੂੰ ਜ਼ਿਆਦਾ ਵਾਰ ਬਦਲਣਾ ਚਾਹੀਦਾ ਹੈ ਤਾਂ ਜੋ ਮੁਰਗੀਆਂ ਨੂੰ ਠੰਡਾ ਪਾਣੀ ਮਿਲ ਸਕੇ।
2. ਸ਼ੈਡ ਵਿੱਚ ਫੁਹਾਰੇ ਲਗਾਓ ਅਤੇ ਕੂਲਰ ਲਗਾਓ। ਸ਼ੈੱਡ ਦੇ ਆਲੇ-ਦੁਆਲੇ ਰੁੱਖ ਲਗਾਉਣੇ ਚਹੀਦੇ ਹਨ ਕਿਉਂਕਿ ਹਰਿਆਵਲ ਗਰਮੀ ਨੂੰ ਘਟਾਉਂਦੀ ਹੈ। ਸ਼ੈੱਡ ਦੀ ਛੱਤ ਨੂੰ ਚਿੱਟੀ ਕਲੀ ਕਰ ਦੇਣੀ ਚਾਹੀਦੀ ਹੈ ਤਾਂ ਜੋ ਗਰਮੀ ਦੇ ਅਸਰ ਨੂੰ ਘੱਟ ਕੀਤਾ ਜਾ ਸਕੇ।
3. ਖੁਰਾਕ ਵਿੱਚ ਪ੍ਰੋਟੀਨ, ਧਾਤਾਂ, ਇਲੈਕਟਰੋਲਾਈਟ ਅਤੇ ਵਿਟਾਮਿਨ ਦੀ ਮਾਤਰਾ ਵਧਾ ਦੇਣੀ ਚਾਹੀਦੀ ਹੈ ਤਾਂ ਜੋ ਮੁਰਗੀਆਂ ਨੂੰ ਲੋੜੀਂਦੇ ਤੱਤ ਮਿਲ ਸਕਣ।
4. ਵੱਧ ਰਹੀਆਂ ਪੱਠਾਂ (6-10 ਹਫਤੇ) ਨੂੰ ਦਿਨ ਦੀ ਰੌਸ਼ਨੀ ਹੀ ਦੇਣੀ ਚਾਹੀਦੀ ਹੈ ਪਰ ਅੰਡੇ ਦੇ ਰਹੀਆਂ ਮੁਰਗੀਆਂ ਨੂੰ ਤੜਕੇ ਸਵੇਰੇ ਅਤੇ ਰਾਤ ਨੂੰ ਬਲਬਾਂ ਦੀ ਰੌਸ਼ਨੀ ਦੇ ਕੇ 16 ਘੰਟੇ ਰੌਸ਼ਨੀ ਪੂਰੀ ਕਰ ਦੇਣੀ ਚਾਹੀਦੀ ਹੈ।
5. ਛੱਤ ਉੱਪਰ ਸਰਕੰਡੇ ਦੀ 2 ਇੰਚ ਮੋਟੀ ਤਹਿ ਵਿਛਾਉ ਤਾਂ ਜੋ ਸ਼ੈਡ ਅੰਦਰਲੇ ਤਾਪਮਾਨ ਨੂੰ ਘਟਾਇਆ ਜਾ ਸਕੇ।
6. 6-8 ਹਫਤੇ ਦੀ ਉਮਰ ਤੇ ਪੱਠਾਂ ਨੂੰ ਰਾਣੀ ਖੇਤ ਦੇ ਆਰ-2 ਬੀ ਟੀਕੇ ਲਗਾਉਣੇ ਚਾਹੀਦੇ ਹਨ। ਇਹ ਦੁਵਾਈ ਪਾਣੀ ਜਾਂ ਲੱਸੀ ਵਿੱਚ ਨਹੀ ਪਿਲਾਉਣੀ ਚਾਹੀਦੀ। ਟੀਕੇ ਲੱਗੀਆਂ ਮੁਰਗੀਆਂ ਨੂੰ ਵਿਟਾਮਿਨ ਪਾਣੀ ਵਿੱਚ ਦੇਣੇ ਚਾਹੀਦੇ ਹਨ ਤਾਂ ਜੋ ਟੀਕਿਆਂ ਦੇ ਮਾੜੇ ਅਸਰ ਨੂੰ ਘਟਾਇਆ ਜਾ ਸਕੇ।
7. ਜੇ ਆਂਡਿਆਂ ਦੀ ਪੈਦਾਵਾਰ ਵਿੱਚ ਅਚਾਨਕ ਗਿਰਾਵਟ ਆ ਜਾਵੇ ਤਾਂ ਮੁਰਗੀਆਂ ਦੇ ਮਾਹਿਰ ਨਾਲ ਸੰਪਰਕ ਕਰਨਾ ਚਾਹੀਦਾ ਹੈ।
8. ਸੁੱਕ ਵਿਧੀ ਸਿਸਟਮ ਵਿੱਚ ਮੁਰਗੀਆਂ ਨੂੰ ਸਮੇਂ ਸਿਰ ਮਲੱਪ ਰਹਿਤ ਕਰੋ।
9. ਮੁਰਗੀਆਂ ਨੂੰ ਖੁਰਾਕ ਠੰਡੇ ਸਮੇਂ ਭਾਵ ਸਵੇਰੇ ਅਤੇ ਸ਼ਾਮ ਨੂੰ ਪਾਓ ਅਤੇ ਫੀਡ ਵਿੱਚ ਤੇਲ ਦੀ ਮਾਤਰਾ 1-2% ਤੱਕ ਵਧਾ ਦਿਓ ਤਾਂ ਜੋ ਗਰਮੀਆਂ ਵਿੱਚ ਊਰਜਾ ਦੀ ਲੋੜ ਨੂੰ ਪੂਰਾ ਕੀਤਾ ਜਾ ਸਕੇ। ਛੱਤ ਉਪੱਰ ਪਾਣੀ ਦੀ ਟੈਂਕੀ ਪੂਰੀ ਨਾ ਭਰੋ। ਪਾਣੀ ਵਿੱਚ 250 ਮਿਲੀ ਲਿਟਰ ਸਿਰਕਾ ਅਤੇ 120 ਮਿਲੀਲਿਟਰ ਸੈਨੀਟਾਈਜ਼ਰ 100 ਲਿਟਰ ਪਾਣੀ ਵਿੱਚ ਪਾਓ ਤਾਂ ਜੋ ਬਿਮਾਰੀ ਪੈਦਾ ਕਰਨ ਵਾਲੇ ਕੀਟਾਣੂਆਂ ਦਾ ਖਾਤਮਾ ਕੀਤਾ ਜਾ ਸਕੇ ਅਤੇ 10 ਗ੍ਰਾਮ ਨਸ਼ਾਦਰ 100 ਲਿਟਰ ਪਾਣੀ ਵਿੱਚ ਪਾਓ ਤਾਂ ਜੋ ਪਾਣੀ ਵਿੱਚ ਠੰਡਕ ਪੈਦਾ ਕੀਤੀ ਜਾ ਸਕੇ।
10. ਸ਼ੈੱਡ ਦਾ ਤਾਪਮਾਨ ਦੇਖ ਦੇ ਰਹੋ।

ਸੰਯੋਜਕ: ਅਮਰਜੀਤ ਸਿੰਘ

ਸੰਗ੍ਰਹਿ ਕਰਤਾ: ਕਮਲਜੀਤ ਸਿੰਘ ਸੂਰੀ, ਅਮਿਤ ਕੌਲ, ਅਰਸ਼ ਆਲਮ ਸਿੰਘ ਗਿੱਲ, ਜਸਵਿੰਦਰ ਸਿੰਘ ਬਰਾੜ, ਜਸਪਾਲ ਸਿੰਘ, ਨਵਨੀਤ ਕੌਰ, ਸਿਮਰਤ ਸਿੰਘ, ਰੂਮਾ ਦੇਵੀ, ਤੇਜਵੀਰ ਸਿੰਘ ਅਤੇ ਸ਼ਿਵਾਨੀ ਸ਼ਰਮਾ।

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਮਈ 2024 ਦੇ ਸਿਖਲਾਈਨਾਮੇ

ਨਿਰਦੇਸ਼ਕ ਪਸਾਰ ਸਿੱਖਿਆ,ਪੰਜਾਬ ਐਗਰੀਕਲਚਰਲ ਯੂਨੀਵਰਸਿਟੀ,ਲੁਧਿਆਣਾ ਵੱਲੋਂ ਮਈ 2024 ਵਿੱਚ ਲੱਗਣ ਵਾਲੇ ਸਿਖਲਾਈ ਕੋਰਸਾਂ ਬਾਰੇ ਜਾਣਕਾਰੀ ਹੇਠਾਂ ਦਿੱਤੀ ਗਈ ਹੈ ਅਤੇ ਹੋਰ ਜਾਣਕਾਰੀ ਲਈ ਸੰਬੰਧਿਤ ਪੀ.ਏ.ਯੂ. ਦੇ ਸਿਖਲਾਈ ਕੇਂਦਰਾਂ ਨਾਲ ਸੰਪਰਕ ਕਰੋ।

ਕੇ. ਵੀ. ਕੇ. ਅੰਮ੍ਰਿਤਸਰ (98723-54170)

ਮਈ 06 : ਰੂੜੀ ਦੀ ਖਾਦ ਤਿਆਰ ਕਰਨਾ ਅਤੇ ਇਸ ਖਾਦ ਦੇ ਮਿੱਟੀ ਦੀ ਸਿਹਤ ਸੁਧਾਰ ਉੱਪਰ ਅਸਰ
ਮਈ 07-08 : ਹਲਦੀ ਦੀ ਡੱਬਾਬੰਦੀ
ਮਈ 09 : ਸਾਉਣੀ ਦੀਆਂ ਫ਼ਸਲਾਂ ਵਿੱਚ ਕੀੜੇ-ਮਕੌੜੇ ਅਤੇ ਬਿਮਾਰੀਆਂ ਦੀ ਸਰਵਪੱਖੀ ਰੋਕਥਾਮ
ਮਈ 13-24 : ਪਸ਼ੂ ਪਾਲਣ
ਮਈ 14 : ਝੋਨੇ ਅਤੇ ਬਾਸਮਤੀ ਦੀ ਸਿੱਧੀ ਬਿਜਾਈ ਨਾਲ ਸੋਮਿਆਂ ਦੀ ਬੱਚਤ
ਮਈ 15 : ਬਾਗਾਂ ਅਤੇ ਸਬਜ਼ੀਆਂ ਵਿੱਚ ਤੁਪਕਾ ਸਿੰਚਾਈ, ਖਾਦ ਪਾਉਣ ਅਤੇ ਨਦੀਨਾਂ ਦੀ ਰੋਕਥਾਮ ਦੇ ਪ੍ਰਬੰਧ
ਮਈ 16 : ਸਾਉਣੀ ਦੀਆਂ ਫ਼ਸਲਾਂ ਵਿੱਚ ਉਤਪਾਦਨ ਦੀਆਂ ਨਵੀਆਂ ਤਕਨੀਕਾਂ
ਮਈ 17 : ਸਾਉਣੀ ਦੀਆਂ ਫ਼ਸਲਾਂ ਵਿੱਚ ਖੁਰਾਕੀ ਤੱਤਾਂ ਦੀ ਘਾਟ ਤੇ ਪੂਰਤੀ
ਮਈ 20-28 : ਕੱਪੜਿਆਂ ਅਤੇ ਮੈਕਰਮ ਦੀ ਮੁੜਵਰਤੋਂ ਨਾਲ ਘਰੇਲੂ ਵਸਤਾਂ ਤਿਆਰ ਕਰਨਾ
ਮਈ 22 : ਹਰੀ ਖਾਦ ਦੇ ਮਿੱਟੀ ਦੀ ਸਿਹਤ ਸੁਧਾਰ ਉੱਪਰ ਅਸਰ
ਮਈ 27 : ਦੁਧਾਰੂ ਪਸ਼ੂਆਂ ਲਈ ਕਿੱਲਤ ਵੇਲੇ ਲਈ ਚਾਰੇ ਤੋਂ ਅਚਾਰ ਬਣਾਉਣਾ
ਮਈ 29-30 : ਅਨਾਜ ਅਤੇ ਦਾਲਾਂ ਤੋਂ ਪਾਪੜ ਅਤੇ ਵੜੀਆਂ ਬਣਾਉਣਾ

ਕੇ. ਵੀ. ਕੇ. ਬਠਿੰਡਾ (0164-2215619)

ਮਈ 06 : ਸਿੰਚਾਈ ਵਾਲੇ ਪਾਣੀ ਦੀ ਸੁਚੱਜੀ ਵਰਤੋਂ
ਮਈ 07 : ਦੁਧਾਰੂ ਪਸ਼ੂਆਂ ਲਈ ਕਿੱਲਤ ਵੇਲੇ ਲਈ ਚਾਰੇ ਤੋਂ ਅਚਾਰ ਬਣਾਉਣਾ
ਮਈ 08 : ਟਿਕਾਊ ਉਤਪਾਦਨ ਲਈ ਮਿੱਟੀ, ਪਾਣੀ ਅਤੇ ਤੱਤਾਂ ਦੀ ਸਾਂਭ-ਸੰਭਾਲ
ਮਈ 09 : ਬੀਜ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਾਅ ਲਈ ਬੀਜ ਸੋਧ
ਮਈ 14 : ਮੌਸਮੀ ਸਮੱਗਰੀ ਦੀ ਵਰਤੋਂ ਕਰਕੇ ਘੱਟ ਕੀਮਤ ਤੇ ਪੌਸ਼ਟਿਕ ਪਕਵਾਨ ਤਿਆਰ ਕਰਨਾ
ਮਈ 15 : ਮਿੱਟੀ ਦੇ ਸਿਹਤ ਸੁਧਾਰ ਵਿੱਚ ਹਰੀ ਖਾਦ ਦੀ ਮਹੱਤਤਾ
ਮਈ 17 : ਹਰੀ ਖਾਦ ਦੀ ਮਹੱਤਤਾ
ਮਈ 23-31 : ਪਸ਼ੂ ਪਾਲਣ
ਮਈ 24 : ਝੋਨੇ ਅਤੇ ਬਾਸਮਤੀ ਦੀ ਸਿੱਧੀ ਬਿਜਾਈ ਨਾਲ ਸੋਮਿਆਂ ਦੀ ਬੱਚਤ

ਕੇ. ਵੀ. ਕੇ. ਫਰੀਦਕੋਟ (01639-253142)

ਮਈ 02 : ਤੱਤਾਂ ਨਾਲ ਭਰਪੂਰ ਖੁਰਾਕ ਅਤੇ ਅਚਾਰ-ਮੁਰੱਬੇ ਬਣਾਉਣ ਦੀਆਂ ਨਵੀਆਂ ਤਕਨੀਕਾਂ
ਮਈ 03 : ਸਾਉਣੀ ਦੀਆਂ ਫ਼ਸਲਾਂ ਦੀਆਂ ਸੁਧਰੀਆਂ ਕਾਸ਼ਤ ਤਕਨੀਕਾਂ
ਮਈ 06-08 : ਭਿੰਡੀ ਦਾ ਬੀਜ ਤਿਆਰ ਕਰਨਾ
ਮਈ 07 : ਝੋਨੇ ਵਿੱਚ ਮਸ਼ੀਨੀਕਰਨ ਅਤੇ ਸੋਮਿਆਂ ਦੀ ਸੰਭਾਲ ਦੀਆਂ ਤਕਨੀਕਾਂ
ਮਈ 08 : ਸਾਉਣੀ ਦੀਆਂ ਫ਼ਸਲਾਂ ਵਿੱਚ ਸਰਵਪੱਖੀ ਕੀਟ-ਪ੍ਰਬੰਧ (ਨਰਮੇ ਦੀ ਸਪਲੈਟ ਤਕਨਾਲੋਜੀ ਤੇ ਜ਼ੋਰ)
ਮਈ 09 : ਕੱਪੜਿਆਂ ਨੂੰ ਵੱਖ-ਵੱਖ ਤਕਨੀਕਾਂ ਰਾਹੀਂ ਸ਼ਿੰਗਾਰਨਾ
ਮਈ 13-17 : ਬੱਕਰੀ ਪਾਲਣ
ਮਈ 14 : ਫ਼ਸਲਾਂ ਵਿੱਚ ਸਰਵਪੱਖੀ ਖੁਰਾਕੀ ਪ੍ਰਬੰਧ
ਮਈ 15 : ਸੋਲਰ ਕੁੱਕਰ ਅਤੇ ਡਰਾਇਰ ਦੀ ਨਵਿਆਉਣ-ਯੋਗ ਊਰਜਾ ਦੇ ਸਰੋਤਾਂ ਵਜੋਂ ਵਰਤੋਂ
ਮਈ 16 : ਖੇਤੀਬਾੜੀ ਮਸ਼ੀਨਰੀ ਅਤੇ ਛਿੜਕਾਅ ਵਾਲੇ ਸੰਦਾਂ ਦੀ ਸੁਰੱਖਿਅਤ ਵਰਤੋਂ ਅਤੇ ਸਾਂਭ-ਸੰਭਾਲ
ਮਈ 17 : ਖਰ੍ਹਵੇ ਅਨਾਜਾਂ ਦੀ ਕਾਸ਼ਤ
ਮਈ 20 : ਟਿਕਾਊ ਫ਼ਸਲ ਉਤਪਾਦਨ ਲਈ ਮਿੱਟੀ, ਪਾਣੀ ਅਤੇ ਤੱਤਾਂ ਦੀ ਸਾਂਭ-ਸੰਭਾਲ
ਮਈ 22 : ਨਦੀਨ ਨਾਸ਼ਕਾਂ ਦੀ ਸੁਰੱਖਿਅਤ ਅਤੇ ਸੁਚੱਜੀ ਵਰਤੋਂ
ਮਈ 27 : ਦੁਧਾਰੂ ਪਸ਼ੂਆਂ ਲਈ ਕਿੱਲਤ ਵੇਲੇ ਲਈ ਚਾਰੇ ਤੋਂ ਅਚਾਰ ਬਣਾਉਣਾ

ਕੇ. ਵੀ. ਕੇ. ਫਤਿਹਗੜ੍ਹ ਸਾਹਿਬ (01763-221217)

ਮਈ 03 : ਖਰ੍ਹਵੇ ਅਨਾਜਾਂ ਅਤੇ ਸੋਇਆਬੀਨ ਦੀ ਕਾਸ਼ਤ
ਮਈ 07 : ਸਾਉਣੀ ਦੀਆਂ ਫ਼ਸਲਾਂ ਵਿੱਚ ਬੀਜ ਸੋਧ ਨਾਲ ਬੀਜ ਤੋਂ ਲੱਗਣ ਵਾਲੀਆਂ ਬਿਮਾਰੀਆਂ ਤੋਂ ਬਚਾਅ
ਮਈ 09 : ਬਾਗਾਂ ਵਿੱਚ ਤੁਪਕਾ ਸਿੰਚਾਈ ਅਤੇ ਪਾਣੀ ਵਿੱਚ ਰਲਾ ਕੇ ਖਾਦ ਪਾਉਣ ਦੇ ਪ੍ਰਬੰਧ
ਮਈ 13 : ਝੋਨੇ ਦੀ ਸਿੱਧੀ ਬਿਜਾਈ
ਮਈ 14 : ਸੋਲਰ ਕੁੱਕਰ ਦੀ ਨਵਿਆਉਣ-ਯੋਗ ਊਰਜਾ ਦੇ ਸਰੋਤ ਵਜੋਂ ਵਰਤੋਂ
ਮਈ 16 : ਸਿੱਧੀ ਬਿਜਾਈ ਵਾਲੇ ਝੋਨੇ ਵਿੱਚ ਸਰਵਪੱਖੀ ਖੁਰਾਕੀ ਪ੍ਰਬੰਧ
ਮਈ 20-24 : ਮੁਰਗੀ ਪਾਲਣ
ਮਈ 21 : ਪੈਡੀ ਸਟਰਾਅ ਅਤੇ ਮਿਲਕੀ ਮਸ਼ਰੂਮ ਦੀ ਕਾਸ਼ਤ
ਮਈ 22 : ਦੁਧਾਰੂ ਪਸ਼ੂਆਂ ਵਿੱਚ ਚਿੱਚੜਾਂ ਦੀ ਰੋਕਥਾਮ
ਮਈ 23 : ਸਾਉਣੀ ਦੀਆਂ ਫ਼ਸਲਾਂ ਵਿੱਚ ਕੀੜੇ-ਮਕੌੜਿਆਂ ਅਤੇ ਬੀਮਾਰੀਆਂ ਦੀ ਸਰਵਪੱਖੀ ਰੋਕਥਾਮ
ਮਈ 24 : ਬਿਮਾਰੀਆਂ ਅਤੇ ਕੀੜੇ-ਮਕੌੜਿਆਂ ਦੀ ਰੋਕਥਾਮ ਦੇ ਜੈਵਿਕ ਅਤੇ ਗੈਰ-ਰਸਾਇਣਿਕ ਢੰਗ
ਮਈ 27-31 : ਗਰਮੀ ਰੁੱਤ ਦੀਆਂ ਬਾਗਬਾਨੀ ਫ਼ਸਲਾਂ ਦੇ ਗੁਣਾਂ ਦੀ ਗੁਣਵੱਤਾ ਵਿੱਚ ਵਾਧਾ
ਮਈ 28 : ਟਿਕਾਊ ਫ਼ਸਲ ਉਤਪਾਦਨ ਲਈ ਮਿੱਟੀ, ਪਾਣੀ ਅਤੇ ਤੱਤਾਂ ਦੀ ਸਾਂਭ-ਸੰਭਾਲ

ਕੇ. ਵੀ. ਕੇ. ਫਿਰੋਜ਼ਪੁਰ (ਮੱਲਵਾਲ) (01632-279517)

ਮਈ 02 : ਫ਼ਲਦਾਰ ਬੂਟਿਆਂ ਦੀ ਤੁਪਕਾ ਸਿੰਚਾਈ
ਮਈ 03 : ਜੈਵਿਕ ਖੇਤੀ
ਮਈ 07 : ਮਿਰਚਾਂ ਦਾ ਮੰਡੀਕਰਨ
ਮਈ 08-17 : ਪਸ਼ੂ ਪਾਲਣ
ਮਈ 09 : ਮਨੁੱਖਾਂ ਨੂੰ ਪਸ਼ੂਆਂ ਤੋਂ ਲੱਗਣ ਵਾਲੀਆਂ ਅਤੇ ਪਸ਼ੂਆਂ ਦੀਆਂ ਨਵੀਆਂ ਉੱਭਰ ਰਹੀਆਂ ਬਿਮਾਰੀਆਂ ਦੀ ਰੋਕਥਾਮ
ਮਈ 13-17 : ਖੇਤੀ ਉਪਜ ਦੇ ਉਤਪਾਦ ਬਣਾ ਕੇ ਕੀਮਤ ਵਧਾਉਣਾ
ਮਈ 14 : ਸਾਉਣੀ ਦੀਆਂ ਫ਼ਸਲਾਂ ਦੀਆਂ ਸੁਧਰੀਆਂ ਕਾਸ਼ਤ ਤਕਨੀਕਾਂ

ਮਈ 15 : ਪਸ਼ੂਆਂ ਦੀਆਂ ਲਾਗ ਵਾਲੀਆਂ ਬੀਮਾਰੀਆਂ ਅਤੇ ਉਹਨਾਂ ਦੀ ਰੋਕਥਾਮ ਦੇ ਢੰਗ
ਮਈ 20 : ਸਾਉਣੀ ਦੀਆਂ ਫ਼ਸਲਾਂ ਦੀਆਂ ਸੁਧਰੀਆਂ ਕਾਸ਼ਤ ਤਕਨੀਕਾਂ
ਮਈ 21 : ਸਾਉਣੀ ਦੀਆਂ ਫ਼ਸਲਾਂ ਵਿੱਚ ਕੀੜੇ-ਮਕੌੜਿਆਂ ਅਤੇ ਬੀਮਾਰੀਆਂ ਦੀ ਸਰਵਪੱਖੀ ਰੋਕਥਾਮ

ਕੇ. ਵੀ. ਕੇ. ਗੁਰਦਾਸਪੁਰ (01874-220743)

ਮਈ 07 : ਝੋਨੇ ਦੀ ਫ਼ਸਲ ਦਾ ਮਸ਼ੀਨੀਕਰਨ ਅਤੇ ਮੈਟ-ਟਾਈਪ ਨਰਸਰੀ ਤਿਆਰ ਕਰਨਾ
ਮਈ 09 : ਸਾਉਣੀ ਦੀਆਂ ਫ਼ਸਲਾਂ ਦੀਆਂ ਸੁਧਰੀਆਂ ਕਾਸ਼ਤ ਤਕਨੀਕਾਂ
ਮਈ 13 : ਲੇਜ਼ਰ ਲੈਂਡ ਲੈਵਲਰ ਦੀ ਵਰਤੋਂ
ਮਈ 14 : ਗਰਮੀਆਂ ਵਿੱਚ ਬਾਗਾਂ ਨੂੰ ਪਾਣੀ ਲਗਾਉਣ ਦੀ ਸੂਚੀ ਤਿਆਰ ਕਰਨਾ
ਮਈ 15 : ਝੋਨੇ ਅਤੇ ਬਾਸਮਤੀ ਦੀ ਸਿੱਧੀ ਬਿਜਾਈ ਨਾਲ ਸੋਮਿਆਂ ਦੀ ਬੱਚਤ
ਮਈ 16 : ਸਬਜ਼ੀਆਂ ਵਿੱਚ ਨਿਮਾਟੋਡ ਦੀ ਰੋਕਥਾਮ
ਮਈ 17 : ਸਾਉਣੀ ਦੀਆਂ ਫ਼ਸਲਾਂ ਵਿੱਚ ਹਰੀ ਖਾਦ ਅਤੇ ਰੂੜੀ ਰਾਹੀਂ ਸਰਵਪੱਖੀ ਖੁਰਾਕੀ ਪ੍ਰਬੰਧ
ਮਈ 22 : ਸਾਉਣੀ ਦੀਆਂ ਫ਼ਸਲਾਂ ਵਿੱਚ ਤੱਤਾਂ ਦੀ ਘਾਟ ਅਤੇ ਪੂਰਤੀ
ਮਈ 27 : ਸਾਉਣੀ ਦੀਆਂ ਫ਼ਸਲਾਂ ਦੀਆਂ ਸੁਧਰੀਆਂ ਉਤਪਾਦਨ ਅਤੇ ਸੁਰੱਖਿਆ ਤਕਨੀਕਾਂ
ਮਈ 28 : ਗਰਮੀਆਂ ਵਿੱਚ ਦੁਧਾਰੂ ਪਸ਼ੂਆਂ ਦੀ ਸਾਂਭ-ਸੰਭਾਲ
ਮਈ 29 : ਬਾਗਾਂ ਵਿੱਚ ਸੁਧਰੀਆਂ ਖੇਤੀਬਾੜੀ ਤਕਨੀਕਾਂ

ਕੇ. ਵੀ. ਕੇ. ਹੁਸ਼ਿਆਰਪੁਰ (ਬਾਹੋਵਾਲ) (98157-51900)

ਮਈ 06 : ਦਾਲਾਂ ਅਤੇ ਤੇਲਬੀਜ ਫ਼ਸਲਾਂ ਦੇ ਗੁਣਾਂ ਦੀ ਗੁਣਵੱਤਾ ਵਧਾਉਣਾ
ਮਈ 07 : ਚਾਰੇ ਦਾ ਅਚਾਰ ਬਣਾਉਣਾ
ਮਈ 08 : ਖਰ੍ਹਵੇ ਅਨਾਜਾਂ ਦੀ ਕਾਸ਼ਤ
ਮਈ 09-16 : ਐਗਰੋ-ਪ੍ਰੋਸੈਸਿੰਗ ਕੰਪਲੈਕਸ ਵਿੱਚ ਜਿਨਸਾਂ ਤੋਂ ਉਤਪਾਦ ਬਣਾ ਕੇ ਕਿਸਾਨਾਂ ਦੀ ਕਮਾਈ ਵਧਾਉਣਾ
ਮਈ 13-24 : ਪਸ਼ੂ ਪਾਲਣ
ਮਈ 27-31 : ਕੱਪੜਿਆਂ ਨੂੰ ਆਧੁਨਿਕ ਅਤੇ ਰਵਾਇਤੀ ਤਕਨੀਕਾਂ ਰਾਹੀਂ ਸ਼ਿੰਗਾਰਨਾ
ਮਈ 14 : ਸਾਉਣੀ ਦੀਆਂ ਫ਼ਸਲਾਂ ਦੀਆਂ ਸੁਧਰੀਆਂ ਕਾਸ਼ਤ ਤਕਨੀਕਾਂ
ਮਈ 16 : ਬੀਜ ਸੋਧ ਨਾਲ ਬੀਜ ਨੂੰ ਕੀੜੇ-ਮਕੌੜਿਆਂ ਦੇ ਲੱਗਣ ਤੋਂ ਬਚਾਅ
ਮਈ 21 : ਸੂਰਜੀ-ਊਰਜਾ ਨਾਲ ਕੰਮ ਕਰਨ ਵਾਲੇ ਉਪਕਰਨਾਂ ਦੀ ਸੁਚੱਜੀ ਵਰਤੋਂ
ਮਈ 24 : ਵੱਖ-ਵੱਖ ਉਮਰ ਦੇ ਲੋਕਾਂ ਲਈ ਸੰਤੁਲਿਤ ਖੁਰਾਕ
ਮਈ 27-31 : ਮੌਸਮੀ ਫ਼ਲਾਂ ਅਤੇ ਸਬਜ਼ੀਆਂ ਦੀ ਡੱਬਾਬੰਦੀ
ਮਈ 28 : ਸੰਗਠਿਤ ਖੇਤੀ ਪ੍ਰਣਾਲੀ

ਕੇ. ਵੀ. ਕੇ. ਜਲੰਧਰ (ਨੂਰਮਹਿਲ) (01826-292053)

ਮਈ 02 : ਮਿੱਟੀ ਅਤੇ ਪਾਣੀ ਦੇ ਨਮੂਨੇ ਲੈਣ ਦੇ ਢੰਗ ਅਤੇ ਨਤੀਜਿਆਂ ਦੀ ਵਿਆਖਿਆ
ਮਈ 03 : ਸਾਉਣੀ ਦੀਆਂ ਫ਼ਸਲਾਂ ਦੀਆਂ ਸੁਧਰੀਆਂ ਕਾਸ਼ਤ ਤਕਨੀਕਾਂ
ਮਈ 08 : ਸਾਉਣੀ ਦੀਆਂ ਫ਼ਸਲਾਂ ਵਿੱਚ ਪਾਣੀ ਦੀ ਸੁਚੱਜੀ ਵਰਤੋਂ
ਮਈ 09 : ਸੋਲਰ ਕੁੱਕਰ ਅਤੇ ਡਰਾਇਰ ਦੀ ਨਵਿਆਉਣ-ਯੋਗ ਊਰਜਾ ਦੇ ਸਰੋਤਾਂ ਵਜੋਂ ਵਰਤੋਂ
ਮਈ 13-21 : ਸੂਰ ਪਾਲਣ
ਮਈ 16 : ਸਿੱਧੀ ਬਿਜਾਈ ਨਾਲ ਝੋਨੇ ਅਤੇ ਬਾਸਮਤੀ ਦੀ ਕਾਸ਼ਤ
ਮਈ 17 : ਸਾਉਣੀ ਦੀਆਂ ਫ਼ਸਲਾਂ ਦੀਆਂ ਸੁਧਰੀਆਂ ਕਾਸ਼ਤ ਤਕਨੀਕਾਂ
ਮਈ 20-24 : ਖੇਤੀਬਾੜੀ ਮਸ਼ੀਨਰੀ ਦੀ ਮੁਰੰਮਤ ਅਤੇ ਸਾਂਭ-ਸੰਭਾਲ
ਮਈ 21 : ਤੁੜਾਈ ਤੋਂ ਬਾਅਦ ਫ਼ਲਾਂ ਅਤੇ ਸਬਜ਼ੀਆਂ ਦੀ ਸਾਂਭ-ਸੰਭਾਲ
ਮਈ 22 : ਗਰਮੀਆਂ ਵਿੱਚ ਦੁਧਾਰੂ ਪਸ਼ੂਆਂ ਦਾ ਖੁਰਾਕੀ ਪ੍ਰਬੰਧ ਅਤੇ ਸਾਂਭ-ਸੰਭਾਲ
ਮਈ 23 : ਸਾਉਣੀ ਦੀਆਂ ਫ਼ਸਲਾਂ ਵਿੱਚ ਸਰਵਪੱਖੀ ਖੁਰਾਕੀ ਪ੍ਰਬੰਧ
ਮਈ 24 : ਖੇਤੀਬਾੜੀ ਮਸ਼ੀਨਰੀ ਕਿਰਾਏ ਤੇ ਲੈਣਾ/ਦੇਣਾ
ਮਈ 28 : ਸਾਉਣੀ ਦੀਆਂ ਫ਼ਸਲਾਂ ਦੇ ਬੀਜ ਸੋਧਣਾ

ਕੇ. ਵੀ. ਕੇ. ਕਪੂਰਥਲਾ (01822-233056)

ਮਈ 06 : ਝੋਨੇ ਅਤੇ ਬਾਸਮਤੀ ਦੀ ਸਿੱਧੀ ਬਿਜਾਈ ਨਾਲ ਸੋਮਿਆਂ ਦੀ ਬੱਚਤ
ਮਈ 07 : ਮੀਂਹ ਦੇ ਪਾਣੀ ਦੀ ਬੱਚਤ ਅਤੇ ਸਿੰਚਾਈ ਤਕਨੀਕਾਂ ਨਾਲ ਪਾਣੀ ਦੀ ਸੰਭਾਲ
ਮਈ 08 : ਸੋਲਰ ਕੁੱਕਰ ਅਤੇ ਡਰਾਇਰ ਦੀ ਨਵਿਆਉਣ-ਯੋਗ ਊਰਜਾ ਦੇ ਸਰੋਤਾਂ ਵਜੋਂ ਵਰਤੋਂ
ਮਈ 09 : ਮਿੱਟੀ ਅਤੇ ਪਾਣੀ ਦੇ ਨਮੂਨੇ ਲੈਣ ਦੇ ਢੰਗ ਅਤੇ ਨਤੀਜਿਆਂ ਦੀ ਵਿਆਖਿਆ
ਮਈ 14 : ਸਾਉਣੀ ਦੀਆਂ ਫ਼ਸਲਾਂ ਵਿੱਚ ਕੀੜੇ-ਮਕੌੜਿਆਂ ਅਤੇ ਬੀਮਾਰੀਆਂ ਦੀ ਸਰਵਪੱਖੀ ਰੋਕਥਾਮ
ਮਈ 15 : ਬਿਮਾਰੀਆਂ ਅਤੇ ਕੀੜੇ-ਮਕੌੜਿਆਂ ਦੀ ਰੋਕਥਾਮ ਦੇ ਜੈਵਿਕ ਅਤੇ ਗੈਰ-ਰਸਾਇਣਿਕ ਢੰਗ
ਮਈ 16 : ਖਰ੍ਹਵੇ ਅਨਾਜਾਂ ਦੀ ਕਾਸ਼ਤ
ਮਈ 17 : ਸਾਉਣੀ ਦੀਆਂ ਫ਼ਸਲਾਂ ਵਿੱਚ ਪਾਣੀ ਅਤੇ ਖਾਦਾਂ ਦੀ ਸੁਚੱਜੀ ਵਰਤੋਂ

ਕੇ. ਵੀ. ਕੇ. ਲੁਧਿਆਣਾ (ਸਮਰਾਲਾ) (01628-261597)

ਮਈ 02 : ਸੋਲਰ ਕੁੱਕਰ ਅਤੇ ਡਰਾਇਰ ਦੀ ਨਵਿਆਉਣ-ਯੋਗ ਊਰਜਾ ਦੇ ਸਰੋਤਾਂ ਵਜੋਂ ਵਰਤੋਂ
ਮਈ 03 : ਝੋਨੇ ਅਤੇ ਬਾਸਮਤੀ ਵਿੱਚ ਬੀਜ ਸੋਧ
ਮਈ 06 : ਅਮਰੂਦ ਦੀ ਫ਼ਸਲ ਦੀ ਇੱਕਸਾਰਤਾ
ਮਈ 07 : ਵੱਖ-ਵੱਖ ਉਮਰ ਦੇ ਲੋਕਾਂ ਲਈ ਸੰਤੁਲਿਤ ਖੁਰਾਕ
ਮਈ 08 : ਜੈਵਿਕ ਖੇਤੀ
ਮਈ 09 : ਪਾਣੀ ਦੀ ਬੱਚਤ ਦੇ ਢੰਗ
ਮਈ 13-17 : ਸਫ਼ਾਈ ਕਰਨ ਵਾਲੇ ਵਾਤਾਵਰਣ-ਸਹਾਈ ਪਦਾਰਥ ਤਿਆਰ ਕਰਨਾ
ਮਈ 20 : ਸਾਉਣੀ ਦੀਆਂ ਫ਼ਸਲਾਂ ਦੀਆਂ ਸੁਧਰੀਆਂ ਕਾਸ਼ਤ ਤਕਨੀਕਾਂ
ਮਈ 21 : ਸਾਉਣੀ ਦੀਆਂ ਫ਼ਸਲਾਂ ਵਿੱਚ ਕੀੜੇ-ਮਕੌੜਿਆਂ ਦੀ ਸਰਵਪੱਖੀ ਰੋਕਥਾਮ
ਮਈ 23 : ਖੇਤੀਬਾੜੀ ਮਸ਼ੀਨਰੀ ਕਿਰਾਏ ਤੇ ਦੇਣਾ/ਲੈਣਾ
ਮਈ 24 : ਟਿਕਾਊ ਉਤਪਾਦਨ ਲਈ ਮਿੱਟੀ, ਪਾਣੀ ਅਤੇ ਤੱਤਾਂ ਦੀ ਸਾਂਭ-ਸੰਭਾਲ

ਕੇ. ਵੀ. ਕੇ. ਮਾਨਸਾ (01652-5280843)

ਮਈ 02 : ਝੋਨੇ ਅਤੇ ਬਾਸਮਤੀ ਦੀ ਸਿੱਧੀ ਬਿਜਾਈ ਨਾਲ ਸੋਮਿਆਂ ਦੀ ਬੱਚਤ
ਮਈ 03 : ਸੋਲਰ ਕੁੱਕਰ ਅਤੇ ਡਰਾਇਰ ਦੀ ਨਵਿਆਉਣ-ਯੋਗ ਊਰਜਾ ਦੇ ਸਰੋਤਾਂ ਵਜੋਂ ਵਰਤੋਂ
ਮਈ 06 : ਸਬਜ਼ੀਆਂ ਦੀ ਜੈਵਿਕ ਖੇਤੀ
ਮਈ 07 : ਸਾਉਣੀ ਦੀਆਂ ਫ਼ਸਲਾਂ ਵਿੱਚ ਕੀੜੇ-ਮਕੌੜੇ ਅਤੇ ਬਿਮਾਰੀਆਂ ਦੀ ਸਰਵਪੱਖੀ ਰੋਕਥਾਮ
ਮਈ 08 : ਟਿਕਾਊ ਉਤਪਾਦਨ ਲਈ ਮਿੱਟੀ, ਪਾਣੀ ਅਤੇ ਤੱਤਾਂ ਦੀ ਸਾਂਭ-ਸੰਭਾਲ
ਮਈ 09 : ਸਾਉਣੀ ਦੀਆਂ ਫ਼ਸਲਾਂ ਵਿੱਚ ਸਿੰਚਾਈ ਦੇ ਪਾਣੀ ਦੀ ਸੁਚੱਜੀ ਵਰਤੋਂ
ਮਈ 13 : ਕੀਟਨਾਸ਼ਕ ਰਹਿੰਦ-ਖੂੰਹਦ ਰਹਿਤ ਬਾਸਮਤੀ ਦੀ ਕਾਸ਼ਤ
ਮਈ 14 : ਛੋਟੇ ਬੱਚਿਆਂ ਅਤੇ ਗਰਭਵਤੀ ਜਾਂ ਦੁੱਧ ਪਿਲਾਉਂਦੀਆਂ ਮਾਵਾਂ ਲਈ ਪੌਸ਼ਟਿਕ ਖੁਰਾਕ
ਮਈ 16 : ਸਾਉਣੀ ਦੀਆਂ ਫ਼ਸਲਾਂ ਵਿੱਚ ਸਰਵਪੱਖੀ ਖੁਰਾਕੀ ਪ੍ਰਬੰਧ
ਮਈ 17 : ਗਰਮੀਆਂ ਵਿੱਚ ਦੁਧਾਰੂ ਪਸ਼ੂਆਂ ਦਾ ਖੁਰਾਕੀ ਪ੍ਰਬੰਧ ਅਤੇ ਸਾਂਭ-ਸੰਭਾਲ
ਮਈ 27-31 : ਮੁਰਗੀ ਪਾਲਣ

ਕੇ. ਵੀ. ਕੇ. ਮੋਗਾ (ਬੁੱਧ ਸਿੰਘ ਵਾਲਾ) (81465-00942)

ਮਈ 06-17 : ਪਸ਼ੂ-ਪਾਲਣ
ਮਈ 07 : ਸਾਉਣੀ ਦੀਆਂ ਫ਼ਸਲਾਂ ਦੀਆਂ ਸੁਧਰੀਆਂ ਕਾਸ਼ਤ ਤਕਨੀਕਾਂ
ਮਈ 08 : ਬੀਜ ਸੋਧ ਨਾਲ ਬੀਜ ਤੋਂ ਲੱਗਣ ਵਾਲੀਆਂ ਬਿਮਾਰੀਆਂ ਤੋਂ ਬਚਾਅ
ਮਈ 09 : ਸੂਰਜ ਦੀ ਊਰਜਾ ਨਾਲ ਚੱਲਣ ਵਾਲੇ ਉਪਕਰਨਾਂ ਦੀ ਵਰਤੋਂ
ਮਈ 13-17 : ਕੱਪੜਿਆਂ ਨੂੰ ਆਧੁਨਿਕ ਅਤੇ ਰਵਾਇਤੀ ਤਕਨੀਕਾਂ ਰਾਹੀਂ ਸ਼ਿੰਗਾਰਨਾ
ਮਈ 15 : ਸਾਉਣੀ ਦੀਆਂ ਫ਼ਸਲਾਂ ਦੀਆਂ ਸੁਧਰੀਆਂ ਕਾਸ਼ਤ ਤਕਨੀਕਾਂ
ਮਈ 17 : ਗੈਰ-ਰਵਾਇਤੀ ਊਰਜਾ ਉਪਕਰਨਾਂ ਦੀ ਸੁਚੱਜੀ ਵਰਤੋਂ
ਮਈ 22 : ਝੋਨੇ ਅਤੇ ਬਾਸਮਤੀ ਦੀ ਸਿੱਧੀ ਬਿਜਾਈ
ਮਈ 23 : ਦਾਲਾਂ ਦੀ ਕੀਮਤ ਵਧਾਉਣਾ
ਮਈ 24 : ਪਾਲਤੂ ਜਾਨਵਰਾਂ ਅਤੇ ਨਵੇਂ ਜੰਮੇ ਕੱਟੜੂਆਂ-ਵੱਛੜੂਆਂ ਦੀ ਸਾਂਭ-ਸੰਭਾਲ
ਮਈ 28 : ਜੈਵਿਕ ਖਾਦਾਂ ਦੀ ਵਰਤੋਂ ਨਾਲ ਮਿੱਟੀ ਦੀ ਸਿਹਤ ਸੰਭਾਲ

ਮਈ 30 : ਗਰਮੀਆਂ ਵਿੱਚ ਦੁਧਾਰੂ ਪਸ਼ੂਆਂ ਦਾ ਖੁਰਾਕੀ ਪ੍ਰਬੰਧ ਅਤੇ ਸਾਂਭ-ਸੰਭਾਲ

ਕੇ. ਵੀ. ਕੇ. ਪਠਾਨਕੋਟ (98762-95717)

ਮਈ 02 : ਝੋਨੇ ਦੀ ਫ਼ਸਲ ਲਈ ਮੈਟ-ਟਾਈਪ ਨਰਸਰੀ ਤਿਆਰ ਕਰਨਾ

ਮਈ 03 : ਮਿੱਟੀ ਅਤੇ ਪਾਣੀ ਦੇ ਨਮੂਨੇ ਲੈਣ ਦੇ ਢੰਗ ਅਤੇ ਨਤੀਜਿਆਂ ਦੀ ਵਿਆਖਿਆ

ਮਈ 06 : ਵੱਖ-ਵੱਖ ਤਰ੍ਹਾਂ ਦੇ ਖਰ੍ਹਵੇ ਅਨਾਜ ਅਤੇ ਉਹਨਾਂ ਦੇ ਫ਼ਾਇਦੇ

ਮਈ 09 : ਸਾਉਣੀ ਦੀਆਂ ਫ਼ਸਲਾਂ ਦੀਆਂ ਸੁਧਰੀਆਂ ਕਾਸ਼ਤ ਤਕਨੀਕਾਂ ਅਤੇ ਸਰਵਪੱਖੀ ਖੁਰਾਕੀ ਪ੍ਰਬੰਧ

ਮਈ 13 : ਲੇਜ਼ਰ ਲੈਂਡ ਲੈਵਲਰ ਨਾਲ ਪਾਣੀ ਦੀ ਸੁਚੱਜੀ ਵਰਤੋਂ

ਮਈ 14 : ਦੁਧਾਰੂ ਪਸ਼ੂਆਂ ਵਿੱਚ ਚਿੱਚੜਾਂ ਦੀ ਰੋਕਥਾਮ

ਮਈ 15 : ਸਾਉਣੀ ਦੀਆਂ ਫ਼ਸਲਾਂ ਦੀਆਂ ਸੁਧਰੀਆਂ ਕਾਸ਼ਤ ਤਕਨੀਕਾਂ

ਮਈ 16 : ਸਾਉਣੀ ਦੀਆਂ ਫ਼ਸਲਾਂ ਦੀਆਂ ਸੁਧਰੀਆਂ ਕਿਸਮਾਂ

ਮਈ 20-24 : ਮਧੂ ਮੱਖੀ ਪਾਲਣ

ਮਈ 27-31 : ਸਾਉਣੀ ਦੀਆਂ ਫ਼ਸਲਾਂ ਦਾ ਬੀਜ ਉਤਪਾਦਨ

ਕੇ. ਵੀ. ਕੇ. ਪਟਿਆਲਾ (ਰੌਣੀ) (94642-10460)

ਮਈ 02 : ਜੈਵਿਕ ਖੇਤੀ

ਮਈ 03 : ਝੋਨੇ ਅਤੇ ਬਾਸਮਤੀ ਦੇ ਬੀਜ ਸੋਧ ਨਾਲ ਬੀਜ ਤੋਂ ਲੱਗਣ ਵਾਲੀਆਂ ਬਿਮਾਰੀਆਂ ਤੋਂ ਬਚਾਅ

ਮਈ 07 : ਮਿਰਚਾਂ ਦੇ ਦੋਗਲੇ ਬੀਜ ਦਾ ਉਤਪਾਦਨ

ਮਈ 08 : ਸਾਉਣੀ ਦੀਆਂ ਫ਼ਸਲਾਂ ਦੀਆਂ ਸੁਧਰੀਆਂ ਕਾਸ਼ਤ ਤਕਨੀਕਾਂ

ਮਈ 09 : ਟਮਾਟਰ ਦੀ ਪ੍ਰੋਸੈਸਿੰਗ

ਮਈ 13 : ਫ਼ਲਾਂ ਅਤੇ ਸਬਜ਼ੀਆਂ ਵਿੱਚ ਖੁਰਾਕੀ ਪ੍ਰਬੰਧ

ਮਈ 14 : ਲੜਕੀਆਂ ਲਈ ਨਿੱਜੀ ਸਫ਼ਾਈ ਅਤ ਸਹੀ ਪੋਸ਼ਣ

ਮਈ 15-21 : ਬਾਗਬਾਨੀ ਫ਼ਸਲਾਂ ਦੀ ਪ੍ਰੋਸੈਸਿੰਗ

ਮਈ 16 : ਝੋਨੇ ਅਤੇ ਬਾਸਮਤੀ ਦੀ ਸਿੱਧੀ ਬਿਜਾਈ ਨਾਲ ਸੋਮਿਆਂ ਦੀ ਬੱਚਤ

ਮਈ 22 : ਗਰਮੀ ਵਿੱਚ ਸ਼ਹਿਦ ਦੀਆਂ ਮੱਖੀਆਂ ਦੀ ਸਾਂਭ-ਸੰਭਾਲ

ਮਈ 23-31 : ਉੱਦਮ ਵਿਕਾਸ ਪ੍ਰੋਗਰਾਮ (ਪਸ਼ੂ-ਪਾਲਣ)

ਮਈ 27 : ਮਿੱਟੀ ਦੀ ਸਿਹਤ ਸੰਭਾਲ

ਮਈ 30 : ਜ਼ਮੀਨ ਦੇ ਥੱਲੜਲੇ ਪਾਣੀ ਦੀ ਸੁਚੱਜੀ ਵਰਤੋਂ ਅਤੇ ਮਾੜੇ ਪਾਣੀਆਂ ਨਾਲ ਫ਼ਸਲਾਂ ਦੀ ਸਿੰਚਾਈ ਦੇ ਢੰਗ

ਕੇ. ਵੀ. ਕੇ. ਰੋਪੜ (01881-220460)

ਮਈ 02 : ਮਿੱਟੀ ਅਤੇ ਪਾਣੀ ਦੇ ਨਮੂਨੇ ਲੈਣ ਦੇ ਢੰਗ ਅਤੇ ਨਤੀਜਿਆਂ ਦੀ ਵਿਆਖਿਆ

ਮਈ 03 : ਤੁੜਾਈ ਤੋਂ ਬਾਅਦ ਸਬਜ਼ੀਆਂ ਨੂੰ ਹੋਣ ਵਾਲੇ ਨੁਕਸਾਨ ਤੋਂ ਬਚਣ ਦੇ ਢੰਗ

ਮਈ 06 : ਘਰੇਲੂ ਪੱਧਰ ਤੇ ਦੁੱਧ ਦਾ ਉਤਪਾਦਨ

ਮਈ 07 : ਸਾਉਣੀ ਦੀਆਂ ਫ਼ਸਲਾਂ ਵਿੱਚ ਸਰਵਪੱਖੀ ਖੁਰਾਕੀ ਪ੍ਰਬੰਧ

ਮਈ 08 : ਸਾਉਣੀ ਦੀਆਂ ਫ਼ਸਲਾਂ ਵਿੱਚ ਕੀੜੇ-ਮਕੌੜੇ ਅਤੇ ਬਿਮਾਰੀਆਂ ਦੀ ਸਰਵਪੱਖੀ ਰੋਕਥਾਮ

ਮਈ 09 : ਪਾਪਲਰ ਅਤੇ ਸਫੈਦੇ ਵਿੱਚ ਸਾਉਣੀ ਦੀਆਂ ਫ਼ਸਲਾਂ ਦੀ ਕਾਸ਼ਤ

ਮਈ 13-23 : ਪਸ਼ੂ-ਪਾਲਣ

ਮਈ 14 : ਮੁਰਗੀਆਂ ਦੀ ਸਾਂਭ-ਸੰਭਾਲ ਅਤੇ ਖੁਰਾਕੀ ਪ੍ਰਬੰਧ

ਮਈ 15 : ਸਾਉਣੀ ਦੀਆਂ ਫ਼ਸਲਾਂ ਵਿੱਚ ਪਾਣੀ ਦੀ ਸੁਚੱਜੀ ਵਰਤੋਂ

ਮਈ 16-22 : ਖਰ੍ਹਵੇ ਅਨਾਜਾਂ ਤੋਂ ਬਿਸਕੁਟ ਅਤੇ ਮਠਿਆਈਆਂ ਬਣਾਉਣਾ

ਮਈ 24 : ਸਾਉਣੀ ਦੀਆਂ ਫ਼ਸਲਾਂ ਵਿੱਚ ਸਰਵਪੱਖੀ ਖੁਰਾਕੀ ਪ੍ਰਬੰਧ

ਮਈ 27 : ਸਾਉਣੀ ਦੀਆਂ ਫ਼ਸਲਾਂ ਦੀਆਂ ਸੁਧਰੀਆਂ ਕਾਸ਼ਤ ਤਕਨੀਕਾਂ

ਮਈ 28 : ਸਾਉਣੀ ਦੀਆਂ ਫ਼ਸਲਾਂ ਦੇ ਬੀਜ ਦੀ ਸੋਧ

ਕੇ. ਵੀ. ਕੇ. ਸੰਗਰੂਰ (ਖੇੜੀ) (01672-245320)

ਮਈ 02 : ਜੈਵਿਕ ਖੇਤੀ

ਮਈ 03 : ਝੋਨੇ ਅਤੇ ਬਾਸਮਤੀ ਦੇ ਬੀਜ ਸੋਧ ਨਾਲ ਬੀਜ ਤੋਂ ਲੱਗਣ ਵਾਲੀਆਂ ਬਿਮਾਰੀਆਂ ਤੋਂ ਬਚਾਅ

ਮਈ 06 : ਸਬਜ਼ੀਆਂ ਦੀ ਜੈਵਿਕ ਖੇਤੀ

ਮਈ 07 : ਗਰਮੀ ਰੁੱਤ ਦੀਆਂ ਸਬਜ਼ੀਆਂ ਦਾ ਬੀਜ ਉਤਪਾਦਨ

ਮਈ 08 : ਸਾਉਣੀ ਦੀਆਂ ਫ਼ਸਲਾਂ ਦੀਆਂ ਸੁਧਰੀਆਂ ਕਾਸ਼ਤ ਤਕਨੀਕਾਂ

ਮਈ 09 : ਮਸ਼ੀਨ ਨਾਲ ਝੋਨਾ ਲਾਉਣ ਲਈ ਮੈਟ-ਟਾਈਪ ਨਰਸਰੀ ਤਿਆਰ ਕਰਨਾ

ਮਈ 13 : ਖੇਤੀ ਮਸ਼ੀਨਰੀ ਕਿਰਾਏ ਤੇ ਲੈਣਾ/ਦੇਣਾ ਅਤੇ ਸਾਉਣੀ ਦੀਆਂ ਫ਼ਸਲਾਂ ਵਿੱਚ ਮਸ਼ੀਨਾਂ ਦੀ ਵਰਤੋਂ

ਮਈ 14 : ਸਾਉਣੀ ਦੀਆਂ ਫ਼ਸਲਾਂ ਦੀਆਂ ਸੁਧਰੀਆਂ ਉਤਪਾਦਨ ਤਕਨੀਕਾਂ ਅਤੇ ਸਿੱਧੀ ਬਿਜਾਈ ਵਾਲੇ ਝੋਨੇ ਦੀ ਕਾਸ਼ਤ

ਮਈ 15 : ਲੜਕੀਆਂ ਲਈ ਨਿੱਜੀ ਸਫ਼ਾਈ ਅਤ ਸਹੀ ਪੋਸ਼ਣ

ਮਈ 16 : ਪਾਣੀ ਬਚਾਉਣ ਦੀਆਂ ਤਕਨੀਕਾਂ

ਮਈ 17 : ਝੋਨੇ ਦੀ ਸਿੱਧੀ ਬਿਜਾਈ ਨਾਲ ਸੋਮਿਆਂ ਦੀ ਬੱਚਤ

ਮਈ 20 : ਗਰਮੀਆਂ ਵਿੱਚ ਦੁਧਾਰੂ ਪਸ਼ੂਆਂ ਦੀ ਖੁਰਾਕ ਅਤੇ ਸਾਂਭ-ਸੰਭਾਲ

ਮਈ 22 : ਗਰਮੀਆਂ ਵਿੱਚ ਮਧੂ ਮੱਖੀਆਂ ਦੀ ਸਾਂਭ-ਸੰਭਾਲ

ਕੇ. ਵੀ. ਕੇ. ਸ਼ਹੀਦ ਭਗਤ ਸਿੰਘ ਨਗਰ (ਲੰਗੜੋਆ) (01823-250652)

ਮਈ 02 : ਸੋਲਰ ਕੁੱਕਰ ਅਤੇ ਸੋਲਰ ਡਰਾਇਅਰ ਦੀ ਨਵਿਆਉਣ-ਯੋਗ ਊਰਜਾ ਦੇ ਸਰੋਤਾਂ ਵਜੋਂ ਵਰਤੋਂ

ਮਈ 03 : ਬੀਜ ਸੋਧ ਨਾਲ ਬੀਜ ਤੋਂ ਲੱਗਣ ਵਾਲੀਆਂ ਬਿਮਾਰੀਆਂ ਤੋਂ ਬਚਾਅ

ਮਈ 06-13 : ਗਰਮੀਆਂ ਦੀਆਂ ਬਾਗਬਾਨੀ ਫ਼ਸਲਾਂ ਦੀ ਕੀਮਤ ਵਧਾਉਣਾ ਅਤੇ ਵੜੀਆਂ ਬਣਾਉਣ ਦੀ ਵਿਧੀ

ਮਈ 07 : ਪਾਣੀ ਦੀ ਬੱਚਤ ਦੇ ਢੰਗ

ਮਈ 08 : ਤੁੜਾਈ ਤੋਂ ਬਾਅਦ ਸਬਜ਼ੀਆਂ ਦੀ ਸਾਂਭ-ਸੰਭਾਲ

ਮਈ 09 : ਗਰਮੀਆਂ ਵਿੱਚ ਦੁਧਾਰੂ ਪਸ਼ੂਆਂ ਦੀ ਖੁਰਾਕ ਅਤੇ ਸਾਂਭ-ਸੰਭਾਲ

ਮਈ 13-27 : ਪਸ਼ੂ-ਪਾਲਣ

ਮਈ 14 : ਖਰ੍ਹਵੇ ਅਨਾਜਾਂ ਦੀ ਕਾਸ਼ਤ

ਮਈ 15 : ਸਾਉਣੀ ਦੀਆਂ ਫ਼ਸਲਾਂ ਦੀਆਂ ਸੁਧਰੀਆਂ ਕਾਸ਼ਤ ਤਕਨੀਕਾਂ

ਮਈ 16 : ਬਾਗਾਂ ਵਿੱਚ ਤੁਪਕਾ ਸਿੰਚਾਈ, ਖਾਦ ਪਾਉਣ ਅਤੇ ਨਦੀਨਾਂ ਦੀ ਰੋਕਥਾਮ ਦੇ ਪ੍ਰਬੰਧ

ਮਈ 28 : ਸੰਗਠਿਤ ਖੇਤੀ ਪ੍ਰਣਾਲੀ

ਕੇ. ਵੀ. ਕੇ. ਸ਼੍ਰੀ ਮੁਕਤਸਰ ਸਾਹਿਬ (ਗੋਨਿਆਨਾ) (94630-22203)

ਮਈ 06 : ਜੈਵਿਕ ਖੇਤੀ

ਮਈ 07 : ਬੀਜ ਸੋਧਣ ਨਾਲ ਬੀਜ ਤੋਂ ਲੱਗਣ ਵਾਲੀਆਂ ਬਿਮਾਰੀਆਂ ਤੋਂ ਬਚਾਅ

ਮਈ 08 : ਸੋਲਰ ਕੁੱਕਰ ਅਤੇ ਸੋਲਰ ਡਰਾਇਅਰ ਦੀ ਨਵਿਆਉਣ-ਯੋਗ ਊਰਜਾ ਦੇ ਸਰੋਤਾਂ ਵਜੋਂ ਵਰਤੋਂ

ਮਈ 13-17 : ਮੌਸਮੀ ਫ਼ਲਾਂ ਅਤੇ ਸਬਜ਼ੀਆਂ ਦੀ ਸੰਭਾਲ ਅਤੇ ਡੱਬਾਬੰਦੀ

ਮਈ 14-22 : ਪਸ਼ੂ-ਪਾਲਣ

ਮਈ 16 : ਸਾਉਣੀ ਦੀਆਂ ਫ਼ਸਲਾਂ ਦੀਆਂ ਸੁਧਰੀਆਂ ਕਾਸ਼ਤ ਤਕਨੀਕਾਂ

ਮਈ 17 : ਸਾਉਣੀ ਦੀਆਂ ਫ਼ਸਲਾਂ ਵਿੱਚ ਸਰਵਪੱਖੀ ਕੀਟ-ਪ੍ਰਬੰਧ

ਮਈ 23 : ਝੋਨੇ ਅਤੇ ਬਾਸਮਤੀ ਦੀ ਸਿੱਧੀ ਬਿਜਾਈ ਨਾਲ ਸੋਮਿਆਂ ਦੀ ਬੱਚਤ

ਮਈ 27 : ਘਰੇਲੂ ਸਮੱਗਰੀ ਨਾਲ ਸੰਤੁਲਿਤ ਖੁਰਾਕ ਤਿਆਰ ਕਰਨਾ

ਮਈ 28 : ਛੋਟੇ ਬੱਚਿਆਂ ਅਤੇ ਗਰਭਵਤੀ ਜਾਂ ਦੁੱਧ ਪਿਲਾਉਂਦੀਆਂ ਮਾਵਾਂ ਲਈ ਪੌਸ਼ਟਿਕ ਖੁਰਾਕ

ਮਈ 29 : ਦੁਧਾਰੂ ਪਸ਼ੂਆਂ ਲਈ ਕਿੱਲਤ ਵੇਲੇ ਲਈ ਚਾਰੇ ਤੋਂ ਅਚਾਰ ਬਣਾਉਣਾ

ਮਈ 30 : ਲੜਕੀਆਂ ਲਈ ਨਿੱਜੀ ਸਫ਼ਾਈ ਅਤ ਸਹੀ ਪੋਸ਼ਣ

ਸਕਿੱਲ ਡਿਵੈਲਪਮੈਂਟ ਸੈਂਟਰ (0161-2401960 ਐਕਸਟੈਂਸ਼ਨ 261)

ਮਈ 02 : ਮਸ਼ੀਨ ਨਾਲ ਝੋਨਾ ਲਾਉਣ ਲਈ ਮੈਟ-ਟਾਈਪ ਨਰਸਰੀ ਤਿਆਰ ਕਰਨਾ ਅਤੇ ਝੋਨੇ ਦੀ ਸਿੱਧੀ ਬਿਜਾਈ

ਮਈ 14-16 : ਗਰਮੀ ਰੁੱਤ ਦੀਆਂ ਖੁੰਬਾਂ ਦੀ ਕਾਸ਼ਤ

ਮਈ 20-24 : ਕੁਦਰਤੀ ਸਿਰਕਾ ਅਤੇ ਬੱਤੇ ਬਣਾਉਣਾ

ਅਨੁਵਾਦਕ ਅਤੇ ਸੰਕਲਿਤ ਕਰਤਾ: ਇੰਦਰਪ੍ਰੀਤ ਕੌਰ ਬੋਪਾਰਾਏ ਅਤੇ ਮਨੋਜ ਸ਼ਰਮਾ

RNI NO. 10214/77
Date of Publication: 22/03/2024
Postal regd. No. LDC/0796/2023-25
Date of Posting: 25, 26, 27 of every month

Wishing you all a very Happy Baisakhi

ਲੁਧਿਆਣਾ ਦੇ Dr. Jaiveer Singh Hunjan ਦੁਨੀਆਂ ਭਰ ਵਿੱਚ ਸਭ ਤੋਂ ਛੋਟੀ ਉਮਰ ਦੇ ਪਹਿਲੇ Mako-Robotic Arm Assisted Surgeon ਬਣੇ

ਡਾ. ਹੂੰਜਨ ਹੱਡੀਆਂ ਅਤੇ ਜੋੜਾਂ ਦੇ ਹਸਪਤਾਲ ਵਿੱਚ ਉੱਤਰੀ ਭਾਰਤ ਦੀ ਸਭ ਤੋਂ ਪਹਿਲੀ ਅਤੇ ਐਡਵਾਂਸ ਮਾਕੋ ਰੋਬੋਟਿਕ-ਆਰਮ ਦੀ ਸਹਾਇਤਾ ਨਾਲ ਗੋਡੇ ਅਤੇ ਚੂਲ੍ਹੇ ਬਦਲਣ ਲਈ ਆਧੁਨਿਕ ਰੋਬੋਟਿਕ ਤਕਨੀਕ ਨਾਲ ਇਲਾਜ ਸ਼ੁਰੂ

Dr. B.S. Hunjan
MBBS, MS, M.Ch (Ortho)

Dr. Jaiveer S. Hunjan
MBBS, MS (Ortho)

ROBOTIC JOINT REPLACEMENT

CASHLESS FACILITY AVAILABLE WITH MOST OF INSURANCE COMPANIES

PATIENT SAFETY & QUALITY OF CARE
NABH (ENTRY LEVEL)
PRE ACCREDITED

ਇਸ ਮਾਕੋ ਰੋਬੋਟਿਕ-ਆਰਮ ਮਸ਼ੀਨ ਨਾਲ ਸਰਜਨ ਸਿਰਫ ਖਰਾਬ ਹੋਈ ਹੱਡੀ ਦੇ ਥੋੜ੍ਹੇ ਭਾਗ ਨੂੰ ਹੀ ਬਦਲਦਾ ਹੈ ਜਿਸ ਨਾਲ ਪਹਿਲਾਂ ਤੋਂ ਸਥਿਤ ਹੱਡੀਆਂ ਦੇ ਢਾਚੇ ਵਿੱਚ ਕੋਈ ਫਰਕ ਨਹੀ ਪੈਂਦਾ। ਇਸ ਮਾਕੋ ਰੋਬੋਟਿਕ-ਆਰਮ ਮਸ਼ੀਨ ਨਾਲ ਗਲਤੀ ਹੋਣ ਦਾ ਕੋਈ ਅਸਾਰ ਨਹੀ ਰਹਿੰਦਾ ਅਤੇ ਇਸ ਨਾਲ ਹੱਡੀਆਂ ਦੀ ਇਕਸੁਰਤਾ ਬਣੀ ਰਹਿੰਦੀ ਹੈ। ਜਿਹੜੀ ਹੱਡੀ ਦੀ ਰਿਪਲੇਸਮੈਂਟ ਕੀਤੀ ਗਈ ਹੈ ਉਹ ਲੰਬੇ ਸਮੇਂ ਤੱਕ ਠੀਕ ਰਹਿੰਦੀ ਹੈ।

ਇਸ ਰੋਬੋਟਿਕ ਮਸ਼ੀਨ ਨਾਲ ਅਪ੍ਰੇਸ਼ਨ ਤੋਂ ਬਾਅਦ ਘੱਟ ਦਰਦ, ਘੱਟ ਨਿਸਾਨ, ਘੱਟ ਖੂਨ ਦਾ ਨੁਕਸਾਨ, ਜਲਦੀ ਰਿਕਵਰੀ ਅਤੇ ਘੱਟ ਸਮੇ ਲਈ ਹਸਪਤਾਲ ਵਿੱਚ ਰਹਿਣਾ ਪੈਦਾ ਹੈ ਅਤੇ ਖਰਚਾ ਵੀ ਬਹੁਤ ਘੱਟ ਆਉਦਾ ਹੈ।

ਜੁਆਇੰਟ ਰਿਪਲੇਸਮੈਂਟ ਲਈ ਨਵੀਂ ਆਧੁਨਿਕ ਮਾਕੋ ਰੋਬੋਟਿਕ -ਆਰਮ ਮਸ਼ੀਨ

HUNJAN HOSPITAL

HUNJAN HOSPITAL

111-South Model Gram, Kochar Market Road, Ludhiana-141 002
Mob.: 92175-92178, 98140-20234
E-mail: drbshunjan@gmail.com | Website: www.hunjanhospital.com